RNI No. - PUNPUN/2022/82997 ISSN : 2584-1211

# ਆਪਣੀ ਆਵਾਜ਼
# अपनी आवाज़
# APNI AAWAAZ


| Vol. 5 | Issue 3 | March 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 3 | ਮਾਰਚ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




ਫੋਟੋ : ਨੱਕਾਸ਼ ਚਿੱਤੇਆਣੀ

| ਸਾਲ 5 | Vol. 5 | ਅੰਕ 3 | Issue 3 | ਮਾਸਿਕ | Monthly | ਮਾਰਚ 2026 | March 2026 |
|---|---|---|---|---|---|---|---|

# Apni Aawaaz
Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਸੰਪਾਦਕੀ – | ਡਾ. ਰਾਮ ਮੂਰਤੀ | 3 |
| 2. ਬੁੱਢੀ ਵਾਲੀ ਪੈਨਸ਼ਨ | ਸੁਰਿੰਦਰ ਸਿੰਘ ਸੁੰਨੜ | 4 |
| 3. ਅੱਜ ਦਾ ਰੋਜ਼ ਮੁਬਾਰਕ ਚੜ੍ਹਿਆ | ਚੇਤਨ ਸਿੰਘ | 6 |
| 4. ਪੰਜਾਬੀ, ਭਾਰਤੀ ਰਾਜ ਦੀਆਂ ਬੋਲੀ ਨੀਤੀਆਂ, ਤੇ ਬੋਲੀ ਦਾ ਸੱਚ | ਜੋਗਾ ਸਿੰਘ (ਡਾ.) | 9 |
| 5. ਮੁਸ਼ਕਿਲਾਂ ਦਾ ਦੌਰ ਸ਼ੁਰੂ (ਭਾਗ-3) | ਸੁਰਿੰਦਰ ਸੰਘਾ | 14 |
| 6. ਡਾ. ਰਘਬੀਰ ਕੌਰ ਦੀ ਪੁਸਤਕ 'ਗਦਰੀ ਸੰਗਰਾਮਣ ਬੀਬੀ ਗੁਲਾਬ ਕੌਰ' ਲੋਕ ਅਰਪਣ | | 19 |
| 7. ਕਵਿਤਾ – ਕਿਰਪਾ, ਕਿਰਪਾਨ | ਡਾ. ਮੁਹਿੰਦਰ ਸਿੰਘ ਰਾਏ | 20 |
| 8. ਪੇਂਡੂ ਕਹਾਣੀਆਂ ਦਾ ਸ਼ਾਹ ਸਵਾਰ : ਮੋਹਨ ਭੰਡਾਰੀ | ਡਾ. ਚਰਨਜੀਤ ਕੌਰ ਬਰਾੜ | 21 |
| 9. ਕਹਾਣੀ – ਸਿਰ ਦੀ ਛੱਤ | ਸੁਖਮਿੰਦਰ ਸੇਖੋਂ | 23 |
| 10. ਜਸਵੀਰ ਸਿੰਘ ਸ਼ਾਇਰ ਦੀਆਂ ਤਿੰਨ ਕਾਵਿ-ਰਚਨਾਵਾਂ | ਜਸਵੀਰ ਸਿੰਘ ਸ਼ਾਇਰ | 25 |
| 11. ਪ੍ਰਭਤਾ ਤੋਂ ਪ੍ਰਭ ਦੂਰ | ਲਖਵਿੰਦਰ ਸਿੰਘ ਬਾਜਵਾ | 26 |
| 12. ਕਹਾਣੀ – ਘੰਟੀ | ਮੁਨੀਸ਼ ਤਾਲਿਬ | 28 |
| 13. ਕਵਿਤਾ – ਗੁਰੂ ਨਾਨਕ | ਸੁਖਜਿੰਦਰ ਸਿੰਘ ਭੁਪਾਲ | 33 |
| 14. ਰੁੱਤ ਪੜ੍ਹਨ ਦੀ ਆਈ / ਗੀਤ | ਹਰਪ੍ਰੀਤ ਪੱਤੋ/ ਹਰੀ ਕ੍ਰਿਸ਼ਨ | 34 |
| 15. ਮਾਨਵੀਂ ਰਿਸ਼ਤਿਆਂ ਦਾ ਅਜ਼ੀਮ ਕਹਾਣੀਕਾਰ : | ਡਾ. ਚਰਨਜੀਤ ਕੌਰ ਬਰਾੜ | 35 |
| 16. ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪੰਜਾਬੀ ਵਿਆਪਕਤਾ ... | ਡਾ ਅਮਰਜੀਤ ਟਾਂਡਾ | 38 |
| 17. ਵਧਦੀ ਖੁਦਕੁਸ਼ੀ ਦਰ ਇੱਕ ਵਿਸ਼ਵਵਿਆਪੀ ਚੁਣੌਤੀ ਹੈ – | ਕਿਸ਼ਨ ਸੰਮੁਖਦਾਸ ਭਾਵਨਾਨੀ | 40 |
| 18. ਰਿਸ਼ਤਿਆਂ ਦਾ ਬਜ਼ਾਰ | ਰਮਿੰਦਰ ਰੰਮੀ | 44 |
| 19. ਸੁੱਖ, ਚੈਨ ਤੇ ਸਕੂਨ ਕਿਥੇ ਚਲਾ ਗਿਆ | ਸੰਜੀਵ ਸਿੰਘ ਸੈਣੀ | 45 |
| 20. ਬੱਚਿਆਂ ਦੀ ਸਿਖਲਾਈ ਅਤੇ ਸਿੱਖਿਆ ਪ੍ਰਣਾਲੀ ਦੀ ਭੂਮਿਕਾ | ਜ਼ਫ਼ਰ ਇਕਬਾਲ ਜ਼ਫ਼ਰ | 47 |
| 21. ਕਵਿਤ-ਅਜਮੇਲ ਗਿੱਲ / ਹਾਇਕੂ | ਕਸ਼ਮੀਰੀ ਲਾਲ ਚਾਵਲਾ | 49 |
| 22. ਇੰਜ. ਸੀਤਲ ਸਿੰਘ ਸੰਘਾ ਦੀ ਪੁਸਤਕ ਚਿੰਤਨ ਲਹਿਰਾਂ ਰਿਲੀਜ਼ (ਰਿਪੋਰਟ) | | 50 |
| 23. ਹਿੰਦੀ ਕਹਾਣੀ-ਮਾਂ ਦਾ ਲਾਲ | ਅਸ਼ੋਕ ਸਕਸੈਨਾ | 51 |
| 24. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**

**ਆਪਨੀ ਆਵਾਜ਼**
693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**
693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ



# ਢਾਹਾਂ ਇਨਾਮ ਅਤੇ ਪੰਜਾਬੀ ਗਲਪ

ਸ. ਬਰਜਿੰਦਰ ਸਿੰਘ ਢਾਹਾਂ (ਬਰਜ ਢਾਹਾਂ) ਅਤੇ ਉਹਨਾਂ ਦੀ ਟੀਮ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਨਾਵਲ ਅਤੇ ਕਹਾਣੀ ਦੇ ਖੇਤਰ ਵਿੱਚ ਇੱਕ ਵੱਡਾ ਇਨਾਮ ਦੇ ਰਹੇ ਹਨ ਜੋ ਸਰਵੋਤਮ ਨਾਵਲ ਨੂੰ 25 ਲੱਖ ਰੁਪਏ ਦਾ ਹੈ ਅਤੇ ਕਹਾਣੀ ਸੰਗ੍ਰਹਿ ਨੂੰ 10 ਲੱਖ ਦਾ ਇਨਾਮ ਦਿੱਤਾ ਜਾਂਦਾ ਹੈ। ਜਿਸ ਵੀ ਗਲਪਕਾਰ ਨੂੰ ਇਹ ਇਨਾਮ ਮਿਲ ਜਾਂਦਾ ਹੈ ਉਸ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਸਥਾਪਿਤ ਗਲਪਕਾਰ ਵਜੋਂ ਪਛਾਣ ਮਿਲ ਜਾਂਦੀ ਹੈ। ਪੰਜਾਬੀ ਸਾਹਿਤ ਨੂੰ ਮਿਲਣ ਵਾਲੇ ਇਨਾਮਾਂ ਸਨਮਾਨਾਂ ਵਿੱਚ ਕਿਉਂਕਿ ਇਹ ਸਭ ਤੋਂ ਵੱਡਾ ਇਨਾਮ ਸਨਮਾਨ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਨਾਵਲ ਅਤੇ ਕਹਾਣੀ ਸੰਗ੍ਰਹਿ ਮੁਕਾਬਲੇ ਲਈ ਪੁੱਜਦੇ ਹਨ। ਇਸ ਨਾਮੀ ਮੁਕਾਬਲੇ ਵਿੱਚ ਹਿੱਸਾ ਲੈਣ ਦੀ ਹਰ ਇੱਕ ਲੇਖਕ ਦੀ ਇੱਛਾ ਹੁੰਦੀ ਹੈ। ਕਿਉਂਕਿ ਇਹ ਇਨਾਮ ਕੇਵਲ ਗਲਪ ਦੇ ਖੇਤਰ ਵਿੱਚ ਹੀ ਦਿੱਤਾ ਜਾਂਦਾ ਹੈ ਇਸ ਲਈ ਕਈ ਪੰਜਾਬੀ ਦੇ ਸਥਾਪਿਤ ਕਵੀ ਵੀ ਇਸ ਮੁਕਾਬਲੇ ਦੇ ਪ੍ਰਤੀਭਾਗੀ ਬਣਨ ਲਈ ਨਾਵਲ ਅਤੇ ਕਹਾਣੀ ਲੇਖਣ ਦੇ ਵਿੱਚ ਹੱਥ ਅਜਮਾਈ ਕਰਨ ਲੱਗ ਪਏ ਹਨ। ਫਲਸਰੂਪ ਪੰਜਾਬੀ ਨਾਵਲ ਅਤੇ ਕਹਾਣੀ ਦੇ ਖੇਤਰ ਵਿੱਚ ਇਹਨਾਂ ਦੋ ਵਿਧਾਵਾਂ ਦੀ ਸਿਰਜਣਾ ਨੇ ਪਿਛਲੇ ਲੰਮੇ ਸਮੇਂ ਤੋਂ ਕਾਫੀ ਜ਼ੋਰ ਫੜਿਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਸ ਇਨਾਮ ਦੇ ਪ੍ਰਭਾਵ ਸਦਕਾ ਪੰਜਾਬੀ ਨਾਵਲ ਦੀ ਵਿਧਾ ਵੀ ਕਾਫੀ ਪ੍ਰਭਾਵਿਤ ਹੋਈ ਹੈ। ਦੇਖਣ ਵਿੱਚ ਆਇਆ ਹੈ ਕਿ ਲੇਖਕਾਂ ਨੇ ਸਫਰਨਾਮਿਆਂ ਅਤੇ ਜੀਵਨੀ ਮੂਲਕ ਰਚਨਾਵਾਂ ਨੂੰ ਵੀ ਨਾਵਲ ਦੇ ਰੂਪ ਵਿੱਚ ਪਰੋਸਣਾਂ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਨਾਵਲੀ ਵਿਧਾ ਦੀਆਂ ਸੀਮਾਵਾਂ ਟੁੱਟੀਆਂ ਹਨ ਅਤੇ ਵਿਧਾ ਦੇ ਖੇਤਰ ਵਿੱਚ ਭਿੰਨ ਸੁਤੰਤਰ ਵਿਧਾਵਾਂ ਇੱਕ ਦੂਸਰੇ ਵਿੱਚ ਦਖਲ ਦਿੰਦੀਆਂ ਦਿਖਾਈ ਦੇ ਰਹੀਆਂ ਹਨ। ਬਲਦੇਵ ਸਿੰਘ ਸੜਕਨਾਮਾ ਨੇ ਪੰਜਾਬੀ ਪੰਜਾਬ ਦੇ ਇਤਿਹਾਸ ਵਿੱਚ ਮਿਲਦੇ ਨਾਇਕਾਂ, ਮਹਾਂ ਨਾਇਕਾਂ ਦੀਆਂ ਜੀਵਨੀਆਂ ਨੂੰ ਆਧਾਰ ਬਣਾ ਕੇ ਨਾਵਲ ਰਚਨਾ ਕੀਤੀ। ਮੈਂ ਸਮਝਦਾ ਹਾਂ ਕਿ ਅਜਿਹਾ ਕਰਨਾ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਸਾਰੀਆਂ ਅਤਿਕਥਨੀਆ ਅਤੇ ਮਨੋਕਲਪਿਤ ਵਾਧੇ ਘਾਟੇ ਕਰਨਾ ਹੋਵੇਗਾ ਜੋ ਭਵਿੱਖ ਵਿੱਚ ਇਹਨਾਂ ਨਾਇਕਾਂ ਦੇ ਇਤਿਹਾਸਿਕ ਜੀਵਨ ਚਰਿਤਰ ਸਬੰਧੀ ਬਹੁਤ ਸਾਰੇ ਭਰਮ ਭੁਲੇਖੇ ਵੀ ਪੈਦਾ ਕਰ ਦੇਵੇਗਾ। ਮੇਰਾ ਵਿਚਾਰ ਹੈ ਕਿ ਨਾਵਲ ਦੀ ਵਿਧਾ ਇੱਕ ਸੁਤੰਤਰ ਵਿਧਾ ਹੈ ਇਸ ਨੂੰ ਫਿਕਸ਼ਨ ਇਸੇ ਕਰਕੇ ਆਖਿਆ ਜਾਂਦਾ ਹੈ ਕਿਉਂਕਿ ਇਹ ਫਿਕਟੀਸ਼ੀਅਸ ਹੁੰਦੀ ਹੈ ਭਾਵ ਮਨੋਕਲਪਿਤ ਹੁੰਦੀ ਹੈ। ਲੇਖਕ ਇਸ ਦੁਨੀਆ ਵਰਗੀ ਇੱਕ ਦੁਨੀਆ ਵਸਾ ਕੇ ਉਸ ਨੂੰ ਨਾਵਲ ਦਾ ਰੂਪ ਦਿੰਦਾ ਹੈ ਅਤੇ ਆਪਣਾ ਇੱਕ ਖਾਸ ਸੁਨੇਹਾ ਪਾਠਕ ਤੱਕ ਪਹੁੰਚਾਉਣ ਦਾ ਯਤਨ ਕਰਦਾ ਹੈ। ਉਸ ਨਕਲੀ ਤੇ ਆਪੇ ਘੜੇ ਕਥਾ ਸੰਸਾਰ ਵਿੱਚੋਂ ਸਮੇਂ ਦੇ ਸਮਾਜ ਦਾ ਸੱਭਿਆਚਾਰ, ਰਾਜਨੀਤੀ, ਧਰਮ, ਕਦਰਾਂ ਕੀਮਤਾਂ ਆਦਿ ਦਾ ਸਮੁੱਚਾ ਸਮਾਜਿਕ ਬਿੰਬ ਵੀ ਝਲਕਾਰੇ ਮਾਰਦਾ ਦਿਖਾਈ ਦਿੰਦਾ ਹੈ। ਇਸ ਕਰਕੇ ਨਾਵਲ ਨੂੰ ਜੀਵਨੀ, ਸਵੈਜੀਵਨੀ ਅਤੇ ਸਫਰਨਾਮੇ ਨਾਲ ਰਲਗਡ ਕਰਨਾ ਠੀਕ ਨਹੀਂ। ਇਹਨਾਂ ਸੁਤੰਤਰ ਵਿਧਾਵਾਂ ਦੀ ਅਲੱਗ ਪਹਿਚਾਣ ਵੀ ਲੇਖਕਾਂ ਨੂੰ ਕਾਇਮ ਰੱਖਣੀ ਹੋਵੇਗੀ। ਨਾਵਲ ਲਿਖਣ ਦੇ ਲਾਲਚ ਵਿੱਚ ਇਹਨਾਂ ਵਿਧਾਵਾਂ ਨੂੰ ਰਲਗਡ ਕਰਨਾ ਸਾਹਿਤਿਕ ਨੈਤਿਕਤਾ ਦੇ ਖਿਲਾਫ਼ ਹੈ।

**- ਡਾ. ਰਾਮ ਮੂਰਤੀ**

# ਬੁੱਢੀ ਵਾਲੀ ਪੈਨਸ਼ਨ



**ਸੁਰਿੰਦਰ ਸਿੰਘ ਸੁੰਨੜ**

ਰੋਮ ਸ਼ਹਿਰ ਦੁਨੀਆਂ ਦਾ ਮੰਨਿਆਂ ਪਰਮੰਨਿਆਂ ਸ਼ਹਿਰ, ਜਿਸ ਨੂੰ ਹਜ਼ਾਰਾਂ ਵਿਦੇਸ਼ੀ ਰੋਜ਼ ਦੇਖਣ ਲਈ ਆਉਂਦੇ, ਅਟਲਾਂਟਕ ਸਮੁੰਦਰ ਦੇ ਕਿਨਾਰੇ ਤੇ ਘੁੱਗ ਵੱਸਦਾ ਸ਼ਹਿਰ, ਜਿਸ ਦੀਆਂ ਪੁਰਾਤਨ ਇਮਾਰਤਾਂ ਦੀਆਂ ਤਸਵੀਰਾਂ ਖਿੱਚਣ ਵਾਲਿਆਂ ਦੀ ਹਮੇਸ਼ਾਂ ਭੀੜ ਲੱਗੀ ਰਹਿੰਦੀ। ਏਨੀ ਚਹਿਲ ਪਹਿਲ ਵਾਲੇ, ਲੋਕਾਂ ਨਾਲ ਖਚਾ ਖਚ ਭਰੇ ਸ਼ਹਿਰ ਵਿੱਚ ਮੈਂ ਪਹਿਲੀ ਰਾਤ ਮਾਲਟਾ ਪੈਨਸ਼ਨ ਵਿੱਚ ਇਸ ਤਰ੍ਹਾਂ ਬਿਤਾਈ ਜਿਵੇਂ ਮੈਂ ਕਿਸੇ ਜੰਗਲ ਬੀਆਬਾਨ ਵਿੱਚ ਬਿਲਕੁਲ ਇਕੱਲਾ ਹੋਵਾਂ। ਆਪਣੇ ਜਿਸ ਪਾਸੇ ਨਜ਼ਰ ਮਾਰਾਂ ਕੋਈ ਰਸਤਾ ਨਜ਼ਰ ਨਾ ਆਵੇ। ਨੌਕਰ ਚਾਕਰ ਡਰਾਈਵਰ ਤਾਂ ਇੱਕ ਪਾਸੇ ਮੈਨੂੰ ਤਾਂ ਅਗਲਾ ਕਦਮ ਚੁੱਕਣ ਤੋਂ ਪਹਿਲਾਂ ਵੀ ਸੋਚਣਾ ਪੈ ਰਿਹਾ ਸੀ ਕਿ ਕਿਤੇ ਗ਼ਲਤ ਜਗ੍ਹਾ ’ਤੇ ਪੈਰ ਨਾ ਰੱਖਿਆ ਜਾਵੇ। ਤਰਸੇਮ ਦੇ ਆਸਰੇ ਇਟਲੀ ਆਇਆ ਪਰ ਸੇਮੇਂ ਨੂੰ ਦਿੱਲੀ ਏਅਰਪੋਰਟ ਤੇ ਰੋਕ ਲਿਆ, ਮੈਂ ਵਾੜ ਵਿੱਚ ਫਸੇ ਬਿੱਲੇ ਵਾਂਗ ਝਾਕਾਂ। ਸਵੇਰ ਹੋ ਗਈ, ਮੈਂ ਇਸ਼ਨਾਨ ਪਾਣੀ ਕਰਕੇ, ਕੱਪੜਾ ਲੱਤਾ ਪਾ ਕੇ ਤਿਆਰ ਵਿਆਰ ਤਾਂ ਹੋਇਆ ਪਰ ਜਾਣਾ ਕਿੱਧਰ ਨੂੰ? ਜੱਕੋ ਤੱਕੀ ਕਰਦਾ ਹੌਲੀ ਹੌਲੀ ਮੈਂ ਬਾਹਰ ਨਿਕਲਿਆ। ਹਾਲੇ ਕੁਝ ਕਦਮ ਹੀ ਤੁਰਿਆ ਸੀ ਕਿ ਅੱਗਿਓਂ ਸੇਮਾ ਤੁਰਿਆ ਆਵੇ। ਉਹ ਤਾਂ ਹੱਸਦਾ ਹੱਸਦਾ ਤੁਰਿਆ ਆਵੇ ਪਰ ਮੇਰਾ ਜੀਅ ਕਰੇ ਉਸਦੇ ਗਲ਼ ਲੱਗ ਕੇ ਉੱਚੀ-ਉੱਚੀ ਧਾਹਾਂ ਮਾਰ ਕੇ ਰੋਵਾਂ। ਖੈਰ ਸੇਮੇ ਨੇ ਦੱਸਿਆ ਕਿ ਰਿਸ਼ਵਤ ਦੇ ਕੇ ਅਗਲੇ ਦਿਨ ਦਿੱਲੀਓਂ ਮੋਹਰ ਲਵਾ ਕੇ ਚੜ੍ਹ ਆਇਆਂ। ਸੇਮੇ ਨੂੰ ਮਿਲ ਕੇ ਮੇਰੀ ਜਾਨ ਵਿੱਚ ਜਾਨ ਪਈ। ਓਹੀ ਰੋਮ ਸ਼ਹਿਰ ਜਿਹੜਾ ਮੈਨੂੰ ਵੱਢ ਵੱਢ ਖਾ ਰਿਹਾ ਸੀ, ਸੋਹਣਾ ਲੱਗਣ ਲੱਗ ਪਿਆ। ਮੇਰਾ ਵੀ ਮਾੜਾ ਮੋਟਾ ਹਾਸਾ ਨਿੱਕਲਿਆ।

ਤਰਸੇਮ ਦੇ ਕਹਿਣ ’ਤੇ ਅਸੀਂ ਬੁੱਢੀ ਵਾਲੀ ਪੈਨਸ਼ਨ ਵਿੱਚ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਆਪਣੀ ਜੁੱਲੀ ਤਪੜੀ ਚੁੱਕੀ ਤੇ ਸੇਮੇ ਦੇ ਮਗਰ ਮਗਰ ਹੋ ਤੁਰਿਆ। ਬੁੱਢੀ ਇਟਾਲੀਅਨ ਸੱਤਰ ਪੰਝੱਤਰ ਸਾਲ ਦੇ ਕਰੀਬ ਹੋਵੇਗੀ। ਉਸ ਦੀ ਪੈਨਸ਼ਨ (ਮੋਟਲ) ਵਿੱਚ ਬਹੁਤ ਸਾਰੇ ਪੰਜਾਬੀ ਮੁੰਡੇ ਰਹਿੰਦੇ ਸੀ। ਸਾਰੇ ਪੰਜਾਬੀ ਉਸ ਬੁੱਢੀ ਨੂੰ ਮੰਮ੍ਹਾਂ ਆਖ ਕੇ ਬੁਲਾਉਂਦੇ, ਉਸ ਨੂੰ ਵੀ ਬਹੁਤ ਚੰਗਾ ਲੱਗਦਾ। ਕਈ ਮੁੰਡੇ ਤਾਂ ਬਹੁਤ ਦੇਰ ਤੋਂ ਉਥੇ ਰਹਿੰਦੇ ਸਨ। ਜੇ ਕਿਸੇ ਨੇ ਲੇਟ ਹੋ ਜਾਣਾ ਤਾਂ ਮੰਮੀ ਨੇ ਫਿਕਰ ਕਰਨਾ, ਜੇ ਕਿਸੇ ਨੇ ਸਵੇਰ ਨੂੰ ਕਿਸੇ ਇੰਟਰਵਿਊ ’ਤੇ ਜਾਣਾ ਹੁੰਦਾ ਤਾਂ ਸਕੀਆਂ ਮਾਵਾਂ ਵਾਂਗ ਅਰਦਾਸਾਂ ਕਰਦੀ ਫਿਰਦੀ, ਟਾਇਮ ਨਾਲ ਜਗਾਉਣਾ ਆਪਣਾ ਫਰਜ਼ ਸਮਝਦੀ।

ਜਿਹੜਾ ਵੀ ਉਸ ਪੈਨਸ਼ਨ ਵਿੱਚ ਰਹਿ ਕੇ ਜਾਂਦਾ ਉਹ ਜਿੱਥੇ ਕਿਤੇ ਮਰਜ਼ੀ ਕੰਮ ’ਤੇ ਲੱਗੇ, ਮੰਮ੍ਹਾਂ ਕੋਲ ਸਾਰੀ ਖ਼ਬਰ ਹੁੰਦੀ। ਜੇ ਕਿਸੇ ਪੰਜਾਬੀ ਨੂੰ ਇਟਲੀ ਵਿੱਚੋਂ ਲੱਭਣਾਂ ਹੋਵੇ ਤਾਂ ਬੁੱਢੀ ਵਾਲੀ ਪੈਨਸ਼ਨ ਜਾ ਕੇ ਹਰ ਕਿਸੇ ਦਾ ਪਤਾ ਸਿਰਨਾਵਾਂ ਮਿਲ ਜਾਂਦਾ। ਬਹੁਤੇ ਪੰਜਾਬੀ ਮੁੰਡੇ ਟੂਰਿਸਟ ਵੀਜ਼ੇ ’ਤੇ ਹੀ ਇਟਲੀ ਆਉਂਦੇ, ਜੇ ਕਿਸੇ ਨੂੰ ਖੇਤਾਂ ਵਿੱਚ ਜਾਂ ਸਰਕਸ ਵਿੱਚ ਕੰਮ ਮਿਲ ਜਾਂਦਾ ਤੇ ਕੁਝ ਪੈਸੇ ਬਣ ਜਾਂਦੇ ਤਾਂ ਮੰਮਾਂ ਕੋਲ ਰੱਖ ਜਾਂਦੇ। ਬਹੁਤ ਪਿਆਰ ਕਰਦੀ, ਸਾਰਿਆਂ ਨੂੰ ਆਪਣੇ ਬੱਚੇ ਸਮਝਦੀ। ਕਈ ਵਾਰ ਕੋਈ ਗ਼ਲਤੀ ਹੋ ਜਾਣੀ ਤਾਂ ਝਿੜਕਣਾ ਵੀ ਆਪਣਾ ਹੱਕ ਸਮਝਦੀ। ਘਰ ਵਰਗਾ

ਵਾਤਾਵਰਣ ਮੈਨੂੰ ਬੜਾ ਵਧੀਆ ਲੱਗਾ। ਅਸੀਂ ਰਲ ਮਿਲ ਕੇ ਖਾਣਾ ਬਣਾ ਲੈਣਾ ਤੇ ਮਿਲ ਬੈਠਕੇ ਖਾਣਾ। ਲਾਗੇ ਬੰਨੇ ਕੰਮ ਕਰਨ ਵਾਲੇ ਮੁੰਡੇ ਵੀ ਆ ਜਾਂਦੇ। ਦੁਪਹਿਰ ਵੇਲੇ ਤਾਸ਼ ਚੱਲਣੀ। ਇੱਕ ਦਿਨ ਸਵੇਰੇ ਸਵੇਰੇ ਸੇਮਾ ਕਹਿਣ ਲੱਗਾ, ਚੱਲ ਕੁਝ ਦਿਨ ਆਪਾਂ ਸਰਕਸ ਵਿੱਚ ਹੀ ਕੰਮ ਕਰ ਲੈਂਦੇ ਹਾਂ, ਥੋੜ੍ਹਾ-ਬਹੁਤਾ ਖਰਚਾ ਹੀ ਬਣ ਜਾਊ। ਸਾਨੂੰ ਪਤਾ ਲੱਗਾ ਕਿ ਮਿਲਾਨੋ ਸਰਕਸ ਲੱਗੀ ਹੋਈ ਹੈ।

ਟਰਾਂਮ ਲੈ ਕੇ ਅਸੀਂ ਮਿਲਾਨੋਂ ਸ਼ਹਿਰ ਪਹੁੰਚ ਗਏ। ਲੱਭਦੇ ਲਭੌਂਦੇ ਜਦ ਅਸੀਂ ਪਹੁੰਚੇ ਤਾਂ ਪਤਾ ਲੱਗਿਆ ਕਿ ਸਰਕਸ ਅੱਜ ਹੀ ਤੋਰੀਨੋ ਚਲੇ ਗਈ। ਅਸੀਂ ਤੋਰੀਨੋ ਜਾਣ ਲਈ ਜਦੋਂ ਟਰਮੀਨਲ ’ਤੇ ਪਹੁੰਚੇ ਤਾਂ ਸਾਨੂੰ ਪਤਾ ਨਾ ਲੱਗੇ ਕਿ ਟਿਕਟ ਕਿੱਥੋਂ ਲੈਣੀ ਤੇ ਗੱਡੀ ਕਿੱਥੋਂ ਮਿਲਣੀਂ ਹੈ। ਹਾਲੇ ਅਸੀਂ ਸੋਚ ਹੀ ਰਹੇ ਸਾਂ ਕਿ ਇੱਕ ਸਰਦਾਰ ਵਧੀਆ ਸੂਟ ਪਾਇਆ ਹੋਇਆ, ਪੱਗ ਠੋਕ ਕੇ ਬੱਧੀ ਹੋਈ, ਹੱਥ ਵਿੱਚ ਬ੍ਰੀਫਕੇਸ, ਲਿਸ਼ਕਦੇ ਬੂਟ, ਤੁਰਿਆ ਆਵੇ੍ ਅਸੀਂ ਸਤਿ ਸ੍ਰੀ ਅਕਾਲ ਬੁਲਾ ਕੇ ਜਦ ਪੁੱਛਿਆ ਕਿ ਤੋਰੀਨੋਂ ਜਾਣ ਲਈ ਟਿਕਟ ਕਿੱਥੋਂ ਲੈਣੀ ਹੈ ਤਾਂ ਸਰਦਾਰ ਜੀ ਕਹਿਣ ਲੱਗੇ ਆ ਜਾਓ ਮੇਰੇ ਨਾਲ ਲਾਗਿਓਂ ਹੀ ਦੋ ਟਿਕਟਾਂ ਖਰੀਦ ਕੇ ਆਪਣੇ ਕੋਲੋਂ ਹੀ ਪੈਸੇ ਦੇ ਕੇ ਸਾਨੂੰ ਗੱਡੀ ਤੇ ਚੜ੍ਹਾ ਦਿੱਤਾ। ਮੈਂ ਜਦ ਪੈਸੇ ਦੇਣ ਦਾ ਯਤਨ ਕੀਤਾ ਤਾਂ ਕਹਿਣ ਲੱਗਾ ਵਾਹਿਗੁਰੂ ਬੋਲੋ ਜੀ ਤੇ ਕਾਹਲੀ ਕਾਹਲੀ ਅਗਲੇ ਪਾਸੇ ਚਲੇ ਗਿਆ। ਉਸ ਸਿੱਖ ਦਾ ਸਾਨੂੰ ਨਾਮ ਵੀ ਨਹੀਂ ਪਤਾ ਕੀ ਸੀ। ਬੱਸ ਆਪਣੇ ਪੰਜਾਬੀ ਭਰਾ ਜਾਣ ਕੇ ਹੀ ਸਾਨੂੰ ਟਿਕਟਾਂ ਆਪਣੇਂ ਕੋਲੋਂ ਲੈ ਕੇ ਦੇ ਗਿਆ। ਗੱਡੀ ਚੱਲ ਪਈ, ਸੇਮਾ ਕਹਿਣ ਲੱਗਾ ਯਾਰ ਕੰਮ ਮਿਲ ਜਾਵੇ ਤਾਂ ਵੀ ਆ!

ਮੈਂ ਕਿਹਾ ਸਰਕਸ ਵਿੱਚ ਕੰਮ ਮਿਲ ਗਿਆ ਤਾਂ ਵਧੀਆ ਨਹੀਂ ਤਾਂ ਚੱਲ ਪੱਜ ਨਾਲ ਇੰਦਰਾ ਗਾਂਧੀ ਦੇ ਕੁੜਮਾਂ ਦਾ ਸ਼ਹਿਰ ਹੀ ਦੇਖ ਚੱਲਾਂਗੇ । ਸੇਮਾ ਇਹ ਸੁਣ ਕੇ ਬੜਾ ਹੱਸਿਆ। ਸੂਰਜ ਮਿਟਦੇ ਕਰਦੇ ਨੂੰ ਅਸੀਂ ਤੋਰੀਨੋਂ ਪਹੁੰਚ ਗਏ। ਪਤਾ ਕੀਤਾ ਲੇਕਿਨ ਸਰਕਸ ਵਿੱਚ ਤਾਂ ਪਹਿਲਾਂ ਹੀ ਲੋੜ ਨਾਲੋਂ ਵੱਧ ਬੰਦੇ ਸਨ। ਰਾਤ ਤੋਰੀਨੋਂ ਰਹੇ ਸਵੇਰੇ ਉੱਠ ਕੇ ਅਸੀਂ ਸੀਅ ਪੋਰਟ ਤੇ ਵੀ ਗਏ। ਘੁੰਮਦੇ ਫਿਰਦੇ ਫਿਰ ਵਾਪਿਸ ਰੋਮ ਮੁੰਮਾਂ ਦੀ ਪੈਨਸ਼ਨ ਵਿੱਚ ਜਾ ਸੁੱਤੇ। ਸਾਰੀ ਰਾਤ ਮੇਰੀਆਂ ਅੱਖਾਂ ਸਾਹਮਣੇ ਵੱਡੇ-ਵੱਡੇ ਸਮੁੰਦਰੀ ਜਹਾਜ਼ ਹੀ ਘੁੰਮੀਂ ਗਏ। ਸਵੇਰੇ ਜਦੋਂ ਉੱਠੇ ਤਾਂ ਮੈਂ ਸੇਮੇ ਨੂੰ ਦੱਸਿਆ ਕਿ ਰਾਤੀਂ ਮੈਨੂੰ ਇੱਕ ਸੁਪਨਾ ਆਇਆ ਕਿ ਤੂੰ ਉਸ ਸੀਅ ਪੋਰਟ ਤੇ ਗਿਆਂ ਤੇ ਇੱਕ ਜਹਾਜ਼ ਵਿੱਚ ਤੈਨੂੰ ਨੌਕਰੀ ਮਿਲ ਗਈ। ਤੂੰ ਚਲੇ ਗਿਆ ਤੇ ਮੈਂ ਫਿਰ ਇਕੱਲਾ ਰਹਿ ਗਿਆ। ਇਹ ਸੋਚ ਕੇ ਡਰ ਨਾਲ ਮੈਂ ਅੱਬੜਵਾਹੇ ਉੱਠ ਖੜੋਇਆ। ਪਹਿਲਾਂ ਤਾਂ ਸੇਮਾ ਹੱਸ ਪਿਆ ਪਰ ਮਿੰਟ ਕੁ ਬਾਅਦ ਪੁੱਛਣ ਲੱਗਾ, ਕਿਸ ਵੇਲੇ ਆਇਆ ਸੁਪਨਾ? ਜਦ ਮੈਂ ਦੱਸਿਆ ਕਿ ਤੜਕੇ ਆਇਆ ਤਾਂ ਸੇਮਾ ਕਹਿਣ ਲੱਗਾ, ਤੜਕੇ ਦਾ ਸੁਪਨਾ ਕਈ ਵਾਰ ਸੱਚ ਹੋ ਜਾਂਦਾ। ਮੇਰੇ ਨਾਲ ਸਲਾਹ ਕਰਕੇ ਸੇਮਾ ਫਿਰ ਗੱਡੀ ਚੜ੍ਹ ਗਿਆ। ਅਗਲੇ ਦਿਨ ਫੋਨ ਆਇਆ ਸੇਮਾ ਕਹਿਣ ਲੱਗਾ, ਤੇਰਾ ਸੁਪਨਾ ਸੱਚਾ ਨਿੱਕਲਿਆ, ਮੈਨੂੰ ਸ਼ਿੱਪ ’ਤੇ ਕੰਮ ਮਿਲ ਗਿਆ। ਅੱਜ ਹੀ ਸ਼ਿੱਪ ਸੇਲ ਕਰ ਜਾਵੇਗਾ। ਮੈਂ ਤੈਨੂੰ ਮਿਲ ਵੀ ਨਹੀਂ ਸਕਦਾ ਪਰ ਫਿਕਰ ਨਾ ਕਰੀਂ। ਮੈਂ ਤੇਰਾ ਵੀ ਕੋਈ ਇੰਤਜ਼ਾਮ ਕਰੂੰਗਾ। ਸੇਮੇ ਨੂੰ ਨੌਕਰੀ ਮਿਲਣ ਦੀ ਮੈਨੂੰ ਬਹੁਤ ਖੁਸ਼ੀ ਹੋਈ।

ਲੇਕਿਨ ਫਿਰ ਕੱਲੇ ਰਹਿ ਜਾਣ ਦੀ ਉਦਾਸੀ ਵਿੱਚ ਮੇਰਾ ਸਾਰਾ ਦਿਨ ਕੁਝ ਖਾਣ ਪੀਣ ਨੂੰ ਦਿਲ ਨਾ ਕੀਤਾ। ਮੈਂ ਕਿਤੇ ਨਾ ਗਿਆ, ਸਾਰਾ ਦਿਨ ਮੰਜੇ ਤੇ ਹੀ ਪਿਆ ਰਿਹਾ। ਮਮ੍ਹਾਂ ਨੂੰ ਫਿਕਰ ਹੋ ਗਿਆ, ਮੈਨੂੰ ਦੂਸਰੇ ਪੰਜਾਬੀ ਮੁੰਡਿਆਂ ਨੇ ਦੱਸਿਆ ਕਿ ਮੰਮ੍ਹਾਂ ਪੁੱਛਦੀ ਹੈ ਕਿਸੇ ਦਵਾਈ ਦੀ ਲੋੜ ਹੈ ਤਾਂ ਦੱਸ। ਸੇਮਾ ਜਿਸ ਨੂੰ ਕੁਝ ਦਿਨ ਪਹਿਲਾਂ ਦਿੱਲੀ ਮਿਲਿਆ ਸੀ, ਕੋਈ ਰਿਸ਼ਤਾ ਨਾ ਹੁੰਦਿਆਂ ਵੀ ਉਸਦੇ ਵਿਛੋੜੇ ਦਾ ਦਰਦ ਮੈਨੂੰ ਕਦੇ ਨਹੀਂ ਭੁੱਲਿਆ।

# ਅੱਜ ਦਾ ਰੋਜ਼ ਮੁਬਾਰਕ ਚੜ੍ਹਿਆ

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ
98729-81237



ਸੇਵਾ ਮੁਕਤੀ ਬਾਅਦ ਰਿਸ਼ਤੇਦਾਰਾਂ, ਸਮਾਜਿਕ ਸਾਹਿਤਿਕ, ਧਾਰਮਕ ਅਤੇ ਦੋਸਤਾਂ ਮਿੱਤਰਾਂ ਦੇ ਸੱਦੇ 'ਤੇ ਸਮਾਗਮਾਂ ਵਿੱਚ ਜਾਣਾ ਇਕ ਆਮ ਰੁਝੇਵਾਂ ਬਣਿਆ ਰਹਿੰਦਾ ਹੈ। ਇਹਨਾਂ ਵਿੱਚੋਂ ਕਈ ਸਮਾਗਮ ਅਜਿਹੇ ਹੁੰਦੇ ਹਨ ਜਿਹਨਾਂ ਵਿੱਚ ਪੂਰੇ ਦਿਲ ਦੇ ਚਾਅ ਨਾਲ ਨਹੀਂ ਵੀ ਜਾਈਦਾ ਪਰ ਫਿਰ ਵੀ ਇਸ ਰਾਜ਼ ਨੂੰ ਦਿਲ ਵਿੱਚ ਲੁਕੋ ਕੇ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਣ ਲਈ ਹਾਜ਼ਰੀ ਭਰਨੀ ਪੈਂਦੀ ਹੈ। ਇਹ ਵੀ ਸੱਚ ਹੈ ਕਿ ਕੁਝ ਸਮਾਗਮ ਐਸੇ ਹੁੰਦੇ ਹਨ ਜਿਹਨਾਂ ਵਿੱਚ ਸ਼ਮੂਲੀਅਤ ਕਰਨ ਨਾਲ ਆਪਣੀ ਰੂਹ ਨੂੰ ਸਕੂਨ ਮਿਲਦਾ ਹੈ। ਅਜਿਹਾ ਹੀ ਮੇਰੇ ਨਾਲ ਬੀਤੇ ਦਿਨੀਂ ਹੋਇਆ।

ਇੱਕ ਦਿਨ ਸ਼ਾਮ ਨੂੰ ਸਮਾਜ ਸੇਵੀ ਨੌਜੁਆਨ ਗੁਰਪ੍ਰੀਤ ਸਿੰਘ ਦਸੂਹੇ ਵਾਲੇ ਦਾ ਫੋਨ ਆਇਆ ਕਿ ਕੱਲ 29 ਜਨਵਰੀ ਨੂੰ ਸਰਤਾਜ-ਇ-ਔਲੀਆ ਸੁਲਤਾਨ-ਉਲ-ਆਰਫੀਨ ਹਜ਼ਰਤ



ਮੌਲਵੀ ਗੁਲਾਮ ਰਸੂਲ ਆਲਮਪੁਰੀ

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (1849-1892) ਦਾ ਸਾਲਾਨਾ ਉਰਸ ਹੈ ਤੇ ਮੇਰੀ ਇੱਛਾ ਹੈ ਕਿ ਤੁਸੀਂ ਉਥੇ ਜੁੜੇ ਲੋਕਾਂ ਨੂੰ ਹਜ਼ਰਤ ਮੌਲਵੀ ਗੁਲਾਮ ਰਸੂਲ ਦੀਆਂ ਪੰਜਾਬ ਸਰਕਾਰ (ਭਾਸ਼ਾ ਵਿਭਾਗ), ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਹੋਰ ਅਦਾਰਿਆਂ ਵੱਲੋਂ ਛਾਪੀਆਂ ਹੋਈਆਂ ਪੁਸਤਕਾਂ ਬਾਰੇ ਜਾਣਕਾਰੀ ਦਿਓ। ਮੈਂ ਮੌਲਵੀ ਗੁਲਾਮ ਰਸੂਲ ਦੀ "ਅਹਿਸੁਨੱਲ ਕਸਿੱਸ" ਦਾ 1971 ਤੋਂ ਪਾਠਕ ਸੀ ਪਰ ਮੇਰਾ ਗਿਆਨ ਵਿਦਵਾਨਾਂ ਵਾਂਗ ਡੂੰਘੇਰਾ ਨਹੀਂ ਸੀ। ਤਾਂ ਵੀ ਮੈਂ ਫੈਸਲਾ ਕੀਤਾ ਕਿ ਅਜਿਹੇ ਨਿਸ਼ਕਾਮ ਸੇਵਕ ਦੇ ਸੱਦੇ ਉਤੇ ਵੀ ਜਾਣਾ ਚਾਹੀਦਾ ਹੈ। ਅਗਲੇ ਦਿਨ ਮੈਂ ਪਿੰਡ ਆਲਮਪੁਰ ਦੇ ਇੱਕ ਸੱਜਣ ਸ. ਜੋਗਿੰਦਰ ਸਿੰਘ ਨਾਲ ਰਾਬਤਾ ਕਾਇਮ ਰੱਖਦਿਆਂ ਹੋਇਆਂ, ਆਪਣੇ ਮਿੱਤਰ ਸੁਰਿੰਦਰ ਸਿੰਘ ਸੰਧੂ (ਫੋਟੋਗ੍ਰਾਫਰ) ਦੇ ਨਾਲ ਪਿੰਡ ਆਲਮਪੁਰ ਲਈ ਚੱਲ ਪਿਆ।

ਜਿਉਂ ਹੀ ਅਸੀਂ ਆਲਮਪੁਰ ਦੀ ਜੂਹ ਵਿੱਚ ਦਾਖ਼ਲ ਹੋਏ ਤਾਂ ਸਫ਼ਰ ਦੇ ਬਹੁਤੇ ਹਿੱਸੇ ਵਿਚ ਪਸਰੀ ਸਿਆਲਾਂ ਦੀ ਧੁੰਦ ਅਚਾਨਕ ਖ਼ਤਮ ਹੋ ਗਈ ਅਤੇ ਸਭ ਪਾਸੇ ਸਪੱਸ਼ਟ ਨਜ਼ਰ ਆਉਣ ਲੱਗ ਪਿਆ। ਮੈਨੂੰ ਕੁਦਰਤ ਦਾ ਇਹ ਜਲੌ ਕੋਈ ਰਹੱਸਮਈ ਸੰਦੇਸ਼ ਦੇ ਰਿਹਾ ਪ੍ਰਤੀਤ ਹੋਇਆ ਕਿ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਨਿਕਲ ਕੇ ਜ਼ਾਹਰਾ ਨਜ਼ਰ ਆਉਂਦੀਆਂ ਵਸਤੂਆਂ, ਸ਼ਖਸੀਅਤਾਂ ਅਤੇ ਧਾਰਮਿਕ ਸਥਾਨਾਂ ਦੀ ਪਛਾਣ ਕਰਨੀ ਚਾਹੀਦੀ ਹੈ। ਜਦੋਂ ਅਸੀਂ ਮਜ਼ਾਰ 'ਤੇ ਪਹੁੰਚੇ ਤਾਂ ਉਥੇ ਸ਼ਰਧਾਲੂ ਸੱਜਣ ਜੁੜੇ ਬੈਠੇ ਸਨ। ਇਹ ਸੱਜਣ ਮੌਲਵੀ ਗ਼ੁਲਾਮ ਰਸੂਲ ਬਾਰੇ ਜਾਂ ਉਹਨਾਂ ਦੇ ਸਥਾਨ ਬਾਰੇ ਸ਼ਰਧਾ ਭਾਵਨਾ ਤਾਂ ਰੱਖਦੇ ਸਨ ਪਰ ਉਹਨਾਂ ਨੂੰ ਮੌਲਵੀ ਸਾਹਿਬ ਦੀਆਂ ਸਾਹਿਤਕ ਸਿਰਜਨਾਵਾਂ ਬਾਰੇ ਬਹੁਤ ਘੱਟ ਗਿਆਨ ਸੀ। ਮੈਂ ਉਹਨਾਂ ਨੂੰ ਦੱਸਿਆ ਕਿ ਮੌਲਵੀ

ਸਾਹਿਬ ਬਹੁਤ ਵੱਡੇ ਹਕੀਮ, ਵੱਡੇ ਮੁਰਸ਼ਦ ਅਤੇ ਅਨੇਕਾਂ ਪੁਸਤਕਾਂ ਦੇ ਸਿਰਜਣਹਾਰ ਹਨ। ਸਰੋਤਿਆਂ ਨੂੰ ਮੌਲਵੀ ਸਾਹਿਬ ਦੀਆਂ ਪੁਸਤਕਾਂ- ਅਹਿਸੁਨੱਲ ਕਸਿੱਸ, ਦਰਦ ਕੁਸੈਲੇ, ਚਿੱਠੀਆਂ, ਪੰਧਨਾਮਾ, ਚੌਪਟਨਾਮਾ, ਹੁਲੀਆ ਸ਼ਰੀਫ਼, ਸੀਹਰਫੀ, ਯੂਸਫ ਜ਼ੁਲੈਖਾਂ, ਦਾਸਤਾਨ ਅਮੀਰ ਹਮਜ਼ਾ, ਰੂਹ-ਉਲ-ਤਰਤੀਲ ਆਦਿ ਬਾਰੇ ਜਾਣਕਾਰੀ ਦਿੱਤੀ ਤਾਂ ਉਹ ਸੁਣ ਕੇ ਬਹੁਤ ਹੈਰਾਨ ਹੋਏ। ਮੈਂ ਉਨਾਂ ਨੂੰ ਡਬਲਯੂ.ਐਚ. ਲੈਟਨਰ ਦੀ 1883 ਵਿਚ ਛਪੀ ਪੁਸਤਕ "ਇੰਡੀਜੀਨੀਅਸ ਐਜੂਕੇਸ਼ਨ ਇਨ ਪੰਜਾਬ" (Indigenous Education in Panjab) ਦਾ ਪੰਨਾ 49 ਪੜ੍ਹ ਕੇ ਦੱਸਿਆ ਕਿ ਅੰਗਰੇਜ਼ ਰਾਜ ਸਮੇਂ ਮੌਲਵੀ ਸਾਹਿਬ ਆਪਣੇ ਮਕਤਬ ਵਿਚ 40 ਸ਼ਾਗਿਰਦਾ ਨੂੰ ਇਸ ਪਿੰਡ ਵਿਚ ਪੜ੍ਹਾਉਂਦੇ ਸਨ। ਮੌਲਵੀ ਸਾਹਿਬ ਹਿਕਮਤ ਦੇ ਮਾਹਰ ਹੋਣ ਕਾਰਨ ਦੁਖੀਆਂ ਨੂੰ ਦਵਾਦਾਰੂ ਵੀ ਦਿੰਦੇ ਸਨ। ਜਦੋਂ ਸਾਹਮਣੇ ਬੈਠੇ ਸ਼ਰਧਾਲੂ ਜਨ। ਸ਼ਾਂਤ ਚਿਤ ਹੋ ਕੇ ਮੇਰੀਆਂ ਗੱਲਾਂ ਸੁਣ ਰਹੇ ਸਨ ਤਾਂ ਉਨ੍ਹਾਂ ਵੱਲ ਵੇਖ ਕੇ ਮੈਨੂੰ ਵੱਰਡਜ਼ਵਰਥ ਦੀ ਲਿਖੀ ਹੋਈ "ਪ੍ਰਲਿਉਡ" (A Prelude to Lyrical Ballads) ਬਾਰ-ਬਾਰ ਯਾਦ ਆ ਰਹੀ ਸੀ। ਇਸ ਵਿੱਚ ਵੱਰਡਜ਼ਵੱਰਸ ਨੇ ਲਿਖਿਆ ਹੈ ਕਿ ਪਦਾਰਥਵਾਦ ਤੋਂ ਨਿਰਲੇਪ ਕੁਦਰਤ ਦੀ ਗੋਦ ਵਿੱਚ ਰਹਿੰਦੇ ਲੋਕ ਰੱਬ ਦੇ ਵਧੇਰੇ ਨੇੜੇ ਹੁੰਦੇ ਹਨ ਅਤੇ ਉਹ ਸੱਚ ਨੂੰ ਛੇਤੀ ਪਛਾਣ ਜਾਂਦੇ ਹਨ।

ਇਹ ਮਜ਼ਾਰ ਪਿੰਡ ਆਲਮਪੁਰ ਦੀਆਂ ਲਹਿਰਾਂਉਂਆਂ ਹਰੀਆਂ ਕਚੂਰ ਫ਼ਸਲਾਂ ਵਿੱਚ ਕੁਦਰਤੀ ਗੋਦ ਵਿੱਚ ਸ਼ੋਭਾ ਦਿੰਦਿਆਂ ਆਪਣੀ ਸਦੀ ਪੁਰਾਣੀ ਕਹਾਣੀ ਦੱਸ ਰਿਹਾ ਪ੍ਰਤੀਤ ਹੁੰਦਾ ਸੀ। ਸੁਣਨ ਵਿਚ ਆਇਆ ਕਿ ਪਵਿੱਤਰ ਮਜ਼ਾਰ ਦੇ ਨਾਮ ਨਾਲ ਕਈ ਏਕੜਾਂ ਵਿਚ ਫੈਲੀ ਔਕਾਫ ਬੋਰਡ ਅਧੀਨ ਇਸ ਜਗਾਹ ਲਈ ਔਕਾਫ ਬੋਰਡ ਆਪਣਾ ਬਣਦਾ ਫਰਜ਼ ਨਹੀਂ ਨਿਭਾ ਰਿਹਾ। ਹਾਂ ਜਿਸ ਸਕੂਲ ਵਿੱਚ ਮੌਲਵੀ ਸਾਹਿਬ ਪੜ੍ਹਾਉਂਦੇ ਸਨ, ਉਹ ਹੁਣ ਸਰਕਾਰੀ ਸਕੂਲ ਹੈ। ਉਸ ਸਕੂਲ ਦੀ ਲਾਇਬ੍ਰੇਰੀ ਦਾ ਨਾਮ ਮੌਲਵੀ ਗ਼ੁਲਾਮ ਰਸੂਲ ਲਾਇਬ੍ਰੇਰੀ ਹੈ। ਸਰੋਤਿਆਂ ਵਿਚ ਪਿੰਡ ਦਾ ਨੌਜੁਆਨ ਸਰਪੰਚ ਸੁਖਜਿੰਦਰ ਸਿੰਘ, ਸ਼ਮਸ਼ੇਰ ਸਿੰਘ, ਤਹਿਸੀਲਦਾਰ ਸਾਹਿਬ, ਗੁਰਪ੍ਰੀਤ ਸਿੰਘ, ਤਰਸੇਮ ਲਾਲ ਤੇ ਉਹਦਾ ਪੁੱਤਰ ਤੇ ਹੋਰ ਕਈ ਹਾਜ਼ਰ ਸਨ। ਬਾਅਦ ਵਿੱਚ ਨਿੱਜੀ ਮੁਲਾਕਾਤ ਵਿਚ ਇਕ ਸੱਜਣ ਨੇ ਦੱਸਿਆ ਕਿ ਸਾਡੇ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਇਸ ਮਹਾਨ ਦਰਵੇਸ਼ ਨੇ ਸਾਡੇ ਨਗਰ ਨੂੰ ਵਿਦਿਆ ਦਾਨ ਦੇ ਕੇ ਨਿਵਾਜਿਆ ਹੋਇਆ ਹੈ। ਅਜਿਹੀਆਂ ਗੱਲਾਂ ਕਰਦਿਆਂ ਮਿਲੇ ਸਕੂਨ ਨੂੰ ਅੱਜ ਦਾ ਹਾਸਿਲ ਸਮਝ ਕੇ ਮੈਂ ਉਥੋਂ ਆਪਣੀ ਅਗਲੀ ਮੰਜ਼ਿਲ ਵੱਲ ਤੁਰ ਪਿਆ। ਮੇਰਾ ਅਨੁਭਵ ਹੈ ਕਿ ਪੰਜਾਬ ਵਿਚ ਮੌਜੂਦ ਮਜ਼ਾਰਾਂ ਵਿੱਚੋਂ ਇਹ ਮਜ਼ਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਕੇਵਲ ਇਸ ਮਜ਼ਾਰ ਵਾਲੇ ਹਜ਼ਰਤ ਮੌਲਵੀ ਗੁਲਾਮ ਰਸੂਲ ਆਲਮਪੁਰੀ ਨੇ ਹੀ ਬਹੁਤ ਸਾਰੀਆਂ ਪੁਸਤਕਾਂ ਦੀ ਸਿਰਜਣਾ ਕੀਤੀ ਹੋਈ ਹੈ। ਪੰਜਾਬ ਆਰਕਾਈਵਜ਼ ਵਿਭਾਗ ਇਸ ਸਥਾਨ ਨੂੰ ਕੌਮੀ ਵਿਰਾਸਤ ਦਾ ਦਰਜਾ ਦੇ ਕੇ ਪੰਜਾਬ ਦੇ ਸਾਂਝੇ ਵਿਰਸੇ ਪ੍ਰਤੀ ਆਪਣਾ ਫਰਜ਼ ਅਦਾ ਕਰ ਸਕਦਾ ਹੈ।

ਇਹ ਮੌਕਾ ਮੇਲ (chance and coincidence) ਹੀ ਸੀ ਕਿ ਦਸੂਹੇ ਤੋਂ ਆਏ ਫ਼ੋਨ ਬਾਅਦ ਦੇਰ ਰਾਤ ਮੈਨੂੰ ਸਿੱਖ ਪੰਥ ਦਾ ਦਰਦ ਨੇਕ ਅਮਲਾਂ ਦੇ ਨਾਲ ਆਪਣੇ ਦਿਲ ਵਿਚ ਰੱਖਣ ਵਾਲੇ ਸਤਿੰਦਰ ਸਿੰਘ ਉਰਫ਼ 'ਮਿੱਠੀ' ਬੋਦਲਾਂ ਵਾਲੇ ਦਾ ਟੈਲੀਫੋਨ ਬੜੀ ਖਾੜਕੂ ਤੇ ਤੋਲਵੀਂ ਆਵਾਜ਼ ਵਿੱਚ ਫ਼ੋਨ ਆਇਆ ਕਿ "ਭਾ ਜੀ,



ਡਾ. ਮਹਿੰਦਰ ਸਿੰਘ ਰੰਧਾਵਾ

ਸਮਾਂ ਬਹੁਤ ਥੋੜ੍ਹਾ ਹੈ। ਕੱਲ੍ਹ ਸਾਡੇ ਪਿੰਡ ਸਤਿੰਦਰ ਸਰਤਾਜ ਆ ਰਹੇ ਹਨ। ਉਹਨਾਂ ਨੇ ਡਾ. ਮਹਿੰਦਰ ਸਿੰਘ ਰੰਧਾਵਾ ਦੇ ਜੱਦੀ ਘਰ ਕੋਈ ਯਾਦਗਾਰ ਬਣਾਉਣ ਬਾਰੇ ਵਿਚਾਰ-ਵਟਾਂਦਰਾ ਕਰਨਾ ਹੈ। ਤੁਹਾਡਾ ਆਉਣਾ ਲਾਜ਼ਮੀ ਹੈ। ਤੁਸੀਂ ਕੱਲ ਇੱਕ ਵਜੇ ਪਿੰਡ ਪਹੁੰਚਣਾ ਹੈ, ਨਾਂਹ ਕਰਨ ਜਾਂ ਸੁਣਨ ਦੀ ਕੋਈ ਗੁੰਜਾਇਸ਼ ਨਹੀਂ ਹੈ।" ਸਤਿੰਦਰ ਸਿੰਘ ਮਿੱਠੀ ਦੇ ਇਹ ਬੋਲ ਮੈਨੂੰ ਚੰਗੇ ਲੱਗੇ ਅਤੇ ਤੁਰੰਤ ਹਾਂ ਕਰਨ ਵਿਚ ਦੇਰ ਨਾ ਕੀਤੀ ਕਿਉਂਕਿ ਮੈਂ ਬੋਦਲਾਂ ਦੇ ਨਜ਼ਦੀਕ ਤਾਂ ਜਾਣਾ ਹੀ ਸੀ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਮੈਂ ਡਾ. ਮਹਿੰਦਰ ਸਿੰਘ ਰੰਧਾਵਾ (1907-1986) ਦਾ ਪਹਿਲਾਂ ਹੀ ਮਤਵਾਲਾ ਸੀ। ਮੈਂ ਆਪਣੇ ਮਨ ਵਿੱਚ ਝੂਰਿਆ ਕਰਦਾ ਸੀ ਕਿ ਸਾਰੇ ਪੰਜਾਬ ਨੂੰ ਕਲਾ ਅਤੇ ਸਾਹਿਤਕ ਸੁਹਜ ਨਾਲ ਸੰਵਾਰਨ ਵਾਲੇ ਦੀ ਆਪਣੇ ਪਿੰਡ ਵਿੱਚ ਕੋਈ ਯਾਦਗਾਰ ਨਹੀਂ ਹੈ। ਮੈਨੂੰ ਲੱਗਿਆ ਜਿਵੇਂ ਮੇਰੀ ਕਿਸੇ ਪੁਰਾਣੀ ਖਾਹਸ਼ ਨੂੰ ਬੂਰ ਪੈਣ ਦੀ ਕੰਨਸੋਅ ਮਿਲੀ ਹੋਵੇ।

ਆਲਮਪੁਰ ਦੀ ਧਾਰਮਿਕ ਤੇ ਸਾਹਿਤਕ ਮਹਿਫ਼ਲ ਤੋਂ ਬਾਅਦ ਮੈਂ ਸਮੇਂ ਸਿਰ ਪਿੰਡ ਬੋਦਲ ਪਹੁੰਚ ਗਿਆ। ਛੇਵੇਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਸਥਾਨ ਵਿਖੇ ਇੱਕ ਸੁੰਦਰ ਹਾਲ ਵਿੱਚ ਇਹ ਸਭਾ ਹੁੰਦੀ ਦੇਖ ਕੇ ਖੁਸ਼ੀ ਹੋਈ। ਇਸ ਸਭਾ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਪਰਿਵਾਰ ਦੇ ਚੰਡੀਗੜ੍ਹ ਅਤੇ ਪ੍ਰਦੇਸ਼ਾਂ ਵਿਚ ਰਹਿੰਦੇ ਸਾਰੇ ਜੀਅ ਪਹੁੰਚੇ ਹੋਏ ਸੀ। ਪਿੰਡ ਬੋਦਲਾਂ ਦੇ ਪਤਵੰਤੇ ਸੱਜਣ ਅਤੇ ਡਾ. ਮਹਿੰਦਰ ਸਿੰਘ ਰੰਧਾਵਾ ਦੇ ਵੱਡੇ ਖ਼ਾਨਦਾਨ ਵਿਚੋਂ ਸਾਬਕਾ ਵਜ਼ੀਰ ਉਪਕਾਰ ਸਿੰਘ ਰੰਧਾਵਾ (92), ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰ, ਐਡਵੋਕੇਟ ਭੁਪਿੰਦਰ ਸਿੰਘ ਰੰਧਾਵਾ ਆਦਿ ਮੌਜੂਦ ਸਨ। ਸ੍ਰੋਤਿਆਂ ਵਿੱਚ ਪ੍ਰਿੰਸੀਪਲ ਜਸਪਾਲ ਸਿੰਘ (ਖ਼ਾਲਸਾ ਕਾਲਜ, ਗੜ੍ਹਦੀਵਾਲਾ), ਡਾ. ਸਤਵੰਤ ਕੌਰ, ਹੈੱਡਮਾਸਟਰ ਅਵਤਾਰ ਸਿੰਘ ਭੱਟੀਆਂ ਅਤੇ ਪੱਤਰਕਾਰ ਜਗਜੀਤ ਸਿੰਘ ਥੇਂਦਾ ਹਾਜ਼ਰ ਸਨ। ਸਭਾ ਦੇ ਰੂਹੇ ਰਵਾਂ ਸਤਿੰਦਰ ਸਰਤਾਜ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਡਾ. ਮਹਿੰਦਰ ਸਿੰਘ ਰੰਧਾਵਾ ਦੇ ਪੰਜਾਬ ਲਈ ਕੀਤੇ ਕੰਮ ਅਤੇ ਰੰਧਾਵਾ ਸਾਹਿਬ ਦੇ ਪਰਿਵਾਰ ਨਾਲ ਮੇਰੀ ਸਾਂਝ ਵਿੱਚੋਂ ਇਹ ਸੰਕਲਪ ਪੈਦਾ ਹੋਇਆ ਹੈ ਕਿ ਉਹਨਾਂ ਦੇ ਜੱਦੀ ਪਿੰਡ ਵਿਚ ਕੋਈ ਯਾਦਗਾਰ ਜਾਂ ਸਮਾਰਕ ਬਣਾਇਆ ਜਾਵੇ। ਸਤਿੰਦਰ ਸਰਤਾਜ ਦੀ ਡੂੰਘੀ ਸੋਚ ਵਾਲੇ ਖ਼ਿਆਲਾਂ ਨੇ ਸਰੋਤਿਆਂ ਨੂੰ ਕੀਲੀ ਰੱਖਿਆ। ਸ. ਬਲਵੀਰ ਸਿੰਘ ਰੰਧਾਵਾ (ਬਗੋਲਾਂ) ਦੀ ਸੁਘੜ ਪੁੱਤਰੀ ਡਾ. ਰੁਪਿੰਦਰ ਕੌਰ ਰੰਧਾਵਾ (ਡੀਨ ਕਾਲਜ) ਨੇ ਡਾ. ਮਹਿੰਦਰ ਸਿੰਘ ਰੰਧਾਵਾ ਦੀ ਮਹਾਨ ਸ਼ਖਸ਼ੀਅਤ ਨੂੰ ਅੰਤਰਰਾਸ਼ਟਰੀ ਪ੍ਰਸੰਗ ਵਿੱਚ ਪੇਸ਼ ਕਰਦਿਆਂ ਰੰਧਾਵਾ ਸਾਹਿਬ ਨੂੰ ਆਲਮੀ ਪੱਧਰ 'ਤੇ ਉਚੇ ਦਰਜੇ ਵਾਲੀ ਸ਼ਖਸੀਅਤ ਦਾ ਮਾਲਕ ਦੱਸਿਆ। ਬਹੁਤ ਸੰਜੀਦਾ ਸੱਜਣਾਂ ਤੇ ਸਮੇਂ ਦੀ ਨਜ਼ਾਕਤ ਨੂੰ ਸਮਝਦਾ ਹੋਇਆਂ ਮੈਂ ਸੰਖੇਪ ਸ਼ਬਦਾਂ ਵਿੱਚ ਇੱਕ ਦੋ ਗੱਲਾਂ ਹੀ ਕੀਤੀਆਂ ਕਿ "ਡਾ. ਮਹਿੰਦਰ ਸਿੰਘ ਰੰਧਾਵਾ ਦੇ ਡਾਇਰੈਕਟਰ ਪੁਨਰ ਵਸੇਬਾ ਹੋਣ ਕਾਰਨ ਹੀ ਅੱਜ ਪੰਜਾਬੀ ਜਮੀਨਾਂ ਦੇ ਮਾਲਕ ਹਨ। ਹਰੀ ਕ੍ਰਾਂਤੀ ਲਿਆਉਣ, ਚੰਡੀਗੜ੍ਹ ਵਸਾਉਣ ਅਤੇ ਪੰਜਾਬ ਦੇ ਵਿੱਚ ਲਾਇਬ੍ਰੇਰੀਆਂ ਦਾ ਜਾਲ ਵਿਛਾਉਣ ਵਾਲੇ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਪੰਜਾਬ ਦਾ ਛੇਵਾਂ ਦਰਿਆ ਕਹਿਣਾ ਬਹੁਤ ਢੁਕਵਾਂ ਹੈ।" ਜਦੋਂ 1980ਵਿਆਂ ਦੇ ਦੌਰ ਵਿਚ ਪੰਜਾਬ ਦੇ ਹਾਲਾਤ ਖ਼ਰਾਬ ਹੋਣੇ ਸ਼ੁਰੂ ਹੋਏ ਤਾਂ ਡਾ. ਮਹਿੰਦਰ ਸਿੰਘ ਰੰਧਾਵਾ ਇਹੀ ਸਲਾਹ ਦਿਆ ਕਰਦੇ ਸਨ ਕਿ "ਪੰਜਾਬ ਦੀ ਇਹ ਸਮੱਸਿਆ ਬੇਰੁਜ਼ਗਾਰ ਨੌਜਵਾਨਾਂ ਅਤੇ ਕਿਸਾਨਾਂ ਦੀ ਵਿਗੜੀ ਹੋਈ ਸਮੱਸਿਆ ਹੈ, ਇਸ ਨੂੰ ਇਸ ਪੱਧਰ ਤੇ ਹੱਲ ਕੀਤਾ ਜਾਵੇ ਨਾ ਕਿ ਹੋਰ ਕੋਈ ਰੰਗਣ ਦੇ ਕੇ ਮਾਹੌਲ ਖ਼ਰਾਬ ਕੀਤਾ ਜਾਵੇ।" ਸਭਾ ਦੀ ਸਮਾਪਤੀ ਉਪਰੰਤ ਸਾਰੇ ਹਾਜ਼ਰ ਸੱਜਣ ਪਿੰਡ ਬੋਦਲ ਦੀਆਂ ਗਲੀਆਂ ਲੰਘਦੇ ਹੋਏ ਡਾ. ਮਹਿੰਦਰ ਸਿੰਘ ਰੰਧਾਵਾ ਦਾ ਜੱਦੀ ਘਰ ਦੇਖਣ ਗਏ। ਇਸ ਉਪਰੰਤ ਸਾਰੇ ਮਹਿਮਾਨਾਂ ਨੂੰ ਪ੍ਰੀਤੀ ਭੋਜਨ ਇਸ ਤਰ੍ਹਾਂ ਸਜਾਇਆ ਤੇ ਛਕਾਇਆ ਗਿਆ, ਜਿਵੇਂ ਪੁਰਾਤਨ ਸਮਿਆਂ ਵਿੱਚ ਬੜੇ ਚਾਉ ਦੇ ਨਾਲ ਬਰਾਤਾਂ ਨੂੰ ਘਰ ਵਿਚ ਭੋਜਨ ਛਕਾਇਆ ਜਾਂਦਾ ਸੀ। ਮੈਂ ਵਾਪਸ ਘਰ ਪਹੁੰਚ ਕੇ, ਪਿਛਲੇ ਚੁਰੰਜਾ ਸਾਲ ਤੋਂ ਰੋਜ਼ਾਨਾ ਲਿਖੀ ਜਾ ਰਹੀ ਡਾਇਰੀ ਵਿਚ ਅੱਜ ਦੀ ਪ੍ਰਾਪਤੀ ਬਾਰੇ ਇਉਂ ਲਿਖਣਾ ਸ਼ੁਰੂ ਕੀਤਾ- "ਅੱਜ ਦਾ ਰੋਜ਼ ਮੁਬਾਰਕ ਚੜ੍ਹਿਆ।"

***

ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਲੇਖ

# ਪੰਜਾਬੀ, ਭਾਰਤੀ ਰਾਜ ਦੀਆਂ ਬੋਲੀ ਨੀਤੀਆਂ, ਤੇ ਬੋਲੀ ਦਾ ਸੱਚ



ਜੋਗਾ ਸਿੰਘ (ਡਾ.)

**ਪੰਜਾਬੀ ਤੇ ਭਾਰਤੀ ਰਾਜ ਦੀ ਬੋਲੀ ਨੀਤੀ**

ਆਓ, ਬੋਲੀ (ਭਾਸ਼ਾ) ਦੀਆਂ ਦੋ ਵੰਨਗੀਆਂ ਨਾਲ ਪੰਜਾਬੀ ਤੇ ਮਾਂ ਬੋਲੀਆਂ ਪ੍ਰਤੀ ਭਾਰਤੀ ਰਾਜ ਦੀ ਬੋਲੀ ਨੀਤੀ ਦੇ ਸੱਚ ਨੂੰ ਜਾਈਏ। ਪਹਿਲੀ ਵੰਨਗੀ– 'ਰਾਤ ਦੀ ਬੁੱਕਲੀ ਚ ਸੁੱਤੀ ਦੀ ਕੰਞਕਾ ਦੀ ਅੱਖ ਖੁੱਲੀ। ਕੱਛ–ਕੋਲ ਅਸ਼ਕੇ ਕੂਤੇ ਅਤਰ ਦੀ ਸ਼ੀਸ਼ੀ ਡੁੱਲੀ। ਕੰਞਕਾ ਨੇ ਮਾਊ ਗੀ ਪੁੱਛੇਆ' ਇਹ ਡੋਗਰੀ ਕਵਿਤਾ ਏ। ਦੂਜੀ ਵੰਨਗੀ– 'ਅੱਜ ਹਮਾਰ ਯਾ ਪ੍ਰਾਚੀਨ ਅਰ ਸਮਿਰਥ ਭਾਸਾ ਹਰਚਣਿ ਚ ਕਿਲੈਕਿ ਹਮ ਅਪੜੀ ਭਾਸ਼ਾ ਪ੍ਰਯੋਗ ਨਿ ਕਰਣਾ ਛਾਂ। ਹਮਾਰੀ ਨੇ ਛਿਵਾਂਕ ਈ ਭਾਸਾਯਾ ਛਵਡਨ ਲਗੀਂ ਚ।' ਇਹ ਗੜ੍ਹਵਾਲੀ ਬੋਲੀ ਦੇ ਵਾਕ ਨੇਂ।

ਜਿਸ ਬੰਦੇ ਕੋਲ ਬੋਲੀ ਦੇ ਮਾਮਲਿਆ ਬਾਰੇ ਮਾੜੀ–ਮੋਟੀ ਜਿਹੀ ਵੀ ਜਾਣਕਾਰੀ ਹੋਵੇ ਤੇ ਰੱਤੀ ਭਰ ਵੀ ਨੇਕਨੀਤੀ ਹੋਵੇ ਉਹ ਪਹਿਲੀ ਵੰਨਗੀ ਨੂੰ ਪੰਜਾਬੀ ਦੀ ਬੋਲੜੀ (ਉਪਬੋਲੀ) ਮੰਨੇਗਾ ਤੇ ਦੂਜੀ ਨੂੰ ਹਿੰਦੀ ਦੀ ਬੋਲੜੀ ਬਿਲਕੁਲ ਨਹੀਂ ਮੰਨੇਗਾ। ਭਾਰਤ ਦਾ ਜਾਂ ਭਾਰਤ ਤੋਂ ਬਾਹਰ ਦਾ ਕੋਈ ਵੀ ਬੋਲੀ ਮਾਹਿਰ ਡੋਗਰੀ ਨੂੰ ਪੰਜਾਬੀ ਤੋਂ ਵੱਖਰੀ ਮੰਨਦਾ ਵੀ ਨਹੀਂ, ਤੇ ਨਾ ਈ ਗੜ੍ਹਵਾਲੀ ਨੂੰ ਹਿੰਦੀ ਦੀ ਬੋਲੜੀ ਮੰਨਦਾ ਏ। ਪਰ ਭਾਰਤ ਸਰਕਾਰ ਨੇ ਡੋਗਰੀ ਨੂੰ ਨਿਵੇਕਲੀ ਬੋਲੀ ਤੇ ਗੜ੍ਹਵਾਲੀ ਨੂੰ ਹਿੰਦੀ ਦੀ ਬੋਲੜੀ ਐਲਾਨਿਆ ਹੋਇਆ ਏ। ਇਹ ਭਾਰਤੀ ਰਾਜ ਦੀ ਪੰਜਾਬੀ ਤੇ ਹਿੰਦੀ ਪ੍ਰਤਿ ਨੀਤੀ ਤੇ ਨੀਤ ਦੀ ਢੁੱਕਵੀਂ ਮਿਸਾਲ ਏ।

ਭਾਰਤ ਸਰਕਾਰ ਦੇ ਭਾਰਤ ਵਿੱਚ ਬੋਲੀਆਂ ਦੀ ਗਿਣਤੀ ਬਾਰੇ ਅੰਕੜੇ ਭਾਰਤੀ ਰਾਜ ਦੇ ਬੋਲੀ ਬਾਰੇ ਸੱਚ ਨੂੰ ਹੋਰ ਵੀ ਉਘਾੜਦੇ ਨੇ। ਭਾਰਤ ਦੀ ਪਹਿਲੀ 1961 ਦੀ ਜਨਗਿਣਤੀ ਮੁਤਾਬਕ ਭਾਰਤ ਵਿੱਚ 1652 ਮਾਂ ਬੋਲੀਆਂ ਹਨ। ਇਹ ਸਚਾਈ ਦੇ ਵਾਹਵਾ ਨੇੜੇ ਵੇ। ਪਰ ਇਹ ਬੋਲੀਆਂ 1991 ਵਿੱਚ 114 ਹੋ ਗਈਆਂ ਤੇ ਹੁਣ (2011 ਦੀ ਗਿਣਤੀ) 124 ਨੇ। ਜੁੜਦਾ ਲੋੜੀਂਦਾ ਅੰਕੜਾ ਇਹ ਵੇ ਕਿ ਬੋਲੀ ਦੇ ਭਾਰਤੀ ਤੇ ਭਾਰਤੋਂ ਬਾਹਰਲੇ ਪੇਸ਼ੇਵਰ ਮਾਹਰ ਭਾਰਤ ਵਿੱਚ 1000 (ਹਜ਼ਾਰ) ਤੋਂ ਵੱਧ ਬੋਲੀਆਂ ਮੰਨਦੇ ਨੇ। ਯੂਨੈਸਕੋ ਦਾ ਅੰਕੜਾ 1369 ਏ।

ਇਹ ਉਤਲੀਆਂ ਮਿਸਾਲਾਂ ਭਾਰਤੀ ਰਾਜ ਦੇ ਬੋਲੀਆਂ ਦੇ ਮਾਮਲੇ ਬਾਰੇ ਭੰਬਲਭੂਸੇ ਤੇ ਹਿੰਦੀ ਨੂੰ ਛੱਡ ਕੇ ਪੰਜਾਬੀ ਤੇ ਹੋਰ ਬੋਲੀਆਂ ਪ੍ਰਤੀ ਇਸ ਦੀ ਮੰਦੀ ਨੀਤੀ ਦੀਆਂ ਮੂੰਹ ਬੋਲਦੀਆਂ ਮੂਰਤਾਂ ਨੇ। ਪੰਜਾਬੀ ਦੀ ਗਿਣਤੀ ਘਟਾਉਣ ਤੇ ਪੰਜਾਬੀ ਖਿੱਤੇ ਨੂੰ ਪੰਜਾਬ ਤੋਂ ਬਾਹਰ ਰੱਖਣ ਦਾ ਭਾਰਤੀ ਸੱਤਾ ਨੇ ਛਲੀਆ ਢੰਗ ਇਹ ਵਰਤਿਆ ਕਿ ਡੋਗਰੀ ਨੂੰ ਨਿਵੇਕਲੀ ਬੋਲੀ ਤੇ ਹਿਮਾਚਲ ਵਿਚਲੀਆ ਪੰਜਾਬੀ ਦੀਆਂ ਬੋਲੜੀਆਂ ਨੂੰ ਹਿੰਦੀ ਦੀਆਂ ਬੋਲੜੀਆਂ ਐਲਾਨ ਦਿਓ। ਭਾਰੂ ਪੰਜਾਬੀ ਵਰਗ ਵੀ ਇਸ ਛਲ ਦਾ ਹਿੱਸਾ ਬਣਿਆ।

ਭਾਰਤੀ ਸੱਤਾ ਨੇ ਹਿੰਦੀ ਦੀ ਗਿਣਤੀ ਵਧਾ ਕੇ ਇਸ ਨੂੰ ਭਾਰਤ ਦੀ ਵੱਡੀ ਬੋਲੀ ਵਿਖਾਉਣ ਤੇ ਦੂਜੀਆਂ ਮਾਂ ਬੋਲੀਆਂ ਨੂੰ ਮਾਰਨ ਦਾ ਬੜਾ ਸੌਖਾ ਢੰਗ ਇਹ ਕੱਢ ਲਿਆ ਕਿ ਗੜ੍ਹਵਾਲੀ ਵਾਂਙ ਨਿਵੈਕਲੀਆ ਬੋਲੀਆ ਨੂੰ ਹਿੰਦੀ ਦੀਆ ਬੋਲੜੀਆ ਐਲਾਨ ਦਿਓ। ਇਹ ਘਾਣ ਅਖਾਉਤੀ ਹਿੰਦੀ ਪੱਟੀ ਵਿੱਚ ਕੀਤਾ ਗਿਆ ਏ। ਇੱਥੋਂ ਦੀਆਂ ਹਿੰਦੀ ਤੋਂ ਵੀ ਪੁਰਾਈਆਂ ਬੋਲੀਆਂ ਨੂੰ ਵੀ ਹਿੰਦੀ ਦੀਆਂ ਬੋਲੜੀਆਂ ਆਖ ਤੇ ਲਿਖ ਦਿੱਤਾ ਗਿਆ ਏ। ਪੰਜਾਬ ਦੇ ਗੁਆਂਢ ਦੀ ਬੋਲੀ ਰਾਜਸਥਾਨੀ ਇਸ ਦੀ ਉੱਘੜਵੀਂ ਮਿਸਾਲ ਏ। ਕੋਈ ਅਸਚਰਜ ਨਹੀਂ ਕਿ ਭਾਰਤ ਦਾ ਇਹ ਅਖਾਉਤੀ ਹਿੰਦੀ ਖਿੱਤਾ ਹਰ ਤਰ੍ਹਾਂ ਦੀ ਸਮਾਜੀ ਦਲਦਲ ਵਿੱਚ ਵਧੇਰੇ ਫਸਿਆ ਹੋਇਆ ਏ।

**ਬਸਤੀਵਾਦੀ ਭਾਰਤੀ ਵਿਹਾਰ ਅਤੇ ਪੜ੍ਹਾਈ ਦਾ ਸੰਕਟ**

ਬੋਲੀ ਵਿੱਦਿਆ, ਗਿਆਨ, ਜਾਣਕਾਰੀ, ਸੱਤਾ ਤੇ ਲਾਭ ਵਾਲੀਆਂ ਥਾਵਾਂ, ਤੇ ਸਰੋਤਾਂ ਤੱਕ ਪਹੁੰਚ ਦਾ ਸਾਧਨ ਈ ਨਹੀਂ, ਇਹ ਕਿਸੇ ਧਿਰ ਨੂੰ ਇਸ ਸਾਰੇ ਕਾਸੇ ਤੋਂ ਬਾਹਰ ਰੱਖਣ ਦਾ ਸੰਦ ਵੀ ਏ। ਇਹਦਾ ਢੰਗ ਇਹ ਵੇ ਕਿ ਇਹਨਾਂ ਸਾਰੀਆਂ ਵਸਤਾਂ ਤੱਕ ਚੰਗੇਰੀ ਪਹੁੰਚ ਉਸ ਬੋਲੀ ਰਾਹੀਂ ਕਰ ਦਿਓ ਜਿਹੜੀ ਲੋਕਾਂ ਦੀ ਬੋਲੀ ਹੀ ਨਹੀਂ। ਭਾਰਤੀ ਸਰਕਾਰਾਂ ਤੇ ਭਾਰਤੀ ਭਾਰੂ ਵਰਗ

ਪੰਜਾਬੀ ਤੇ ਹੋਰਨਾਂ ਮਾਂ ਬੋਲੀਆਂ ਨੂੰ ਪ੍ਰਭਾਵੀ ਪੜ੍ਹਾਈ, ਪ੍ਰਸ਼ਾਸਨ, ਤੇ ਸਭ ਵਕਾਰੀ ਥਾਵਾਂ ਆਦਿ 'ਚੋਂ ਬਾਹਰ ਰੱਖ ਕੇ ਇਹ ਕੰਮ ਬਣੀ ਸਫਲਤਾ ਨਾਲ ਕਰਦੇ ਪਏ ਨੇ। ਤੇ ਨਾਲ ਇਹ ਪਖੰਡ ਵੀ ਕੀਤਾ ਜਾਂਦਾ ਏ ਕਿ ਲੋਕ ਅੰਗਰੇਜ਼ੀ ਮਾਧਿਅਮ ਚਾਹੁੰਦੇ ਨੇ ਤੇ ਮਾਂ ਬੋਲੀਆਂ 'ਚ ਸਮੱਗਰੀ ਆਦਿ ਨਹੀਂ ਮਿਲਦੀ। ਜਿਵੇਂ ਲੋਕਾਂ ਨੇ ਮਾਂ ਬੋਲੀਆਂ ਬਾਹਰ ਕੱਢਣ ਦੇ ਸਰਕਾਰ ਨੂੰ ਮਤੇ ਘੱਲੇ ਹੋਣ ਜਾਂ ਆਮ ਲੋਕਾਂ ਨੇ ਬੋਲੀਆਂ ਦੀ ਵੱਖ-ਵੱਖ ਖੇਤਰਾਂ ਵਿੱਚ ਵਰਤੋਂ ਤੋਂ ਬਿਨਾਂ ਹੀ ਕਿਸੇ ਜਾਦੂ-ਟੂਣੇ ਨਾਲ ਸਮੱਗਰੀ ਪੈਦਾ ਕਰਨੀ ਹੋਵੇ।

ਕੌਮਾਂ ਤੋਂ ਉਹਨਾਂ ਦੀ ਬੋਲੀ ਖੋਹ ਕੇ ਤੇ ਓਪਰੀ ਬੋਲੀ ਰਾਹੀਂ ਪੜ੍ਹਾਈ, ਗਿਆਨ, ਵਿਰਸਾ, ਇਤਿਹਾਸ, ਸੱਭਿਆਚਾਰ, ਸੱਤਾ, ਤੇ ਲਾਭ ਵਾਲੀਆਂ ਥਾਂਵਾਂ ਆਦਿ ਸਭ ਕੁਝ ਖੋਹ ਕੇ ਕੌਮਾਂ ਨੂੰ ਮਾਰਨ ਦਾ ਸਿੱਕੇਬੰਦ ਬਸਤੀਵਾਦੀ ਢੰਗ ਰਿਹਾ ਏ। ਇਸ ਪੱਖੋਂ ਪੰਜਾਬੀ ਤੇ ਭਾਰਤੀ ਬੋਲੀਆਂ ਦੀ ਹਾਲਤ 'ਤੇ ਝਾਤੀ ਮਾਰੀਏ ਤਾਂ ਇਸ ਸਿੱਟੇ 'ਤੇ ਈ ਅੱਪੜੀਦਾ ਏ ਕਿ ਪੰਜਾਬੀ ਸਣੇ ਭਾਰਤ ਦੀਆਂ ਸਾਰੀਆਂ ਮਾਂ ਬੋਲੀਆਂ ਅੱਜ ਵੀ ਬੋਲੀ ਪੱਖੋਂ ਬਸਤੀਵਾਦੀ ਸੱਤਾ ਅਧੀਨ ਨੇ। ਜੇ ਹਿੰਦੀ ਖਿੱਤੇ ਵਿੱਚ ਹਿੰਦੀ ਦੇ ਅੰਗਰੇਜ਼ੀ ਹੱਥੋਂ ਹੁੰਦੇ ਘਾਣ ਨੂੰ ਵੇਖੀਏ ਤਾਂ ਇਹ ਗੱਲ ਹਿੰਦੀ ਬਾਰੇ ਵੀ ਸੱਚ ਆਖੀ ਜਾ ਸਕਦੀ ਏ। ਉਂਞ ਭਾਵੇਂ ਭਾਰਤ ਦੀਆਂ ਅੱਜ ਤੱਕ ਦੀਆਂ ਸਾਰੀਆਂ ਸੰਘ ਸਰਕਾਰਾਂ ਹਰ ਭਾਰਤੀ ਨੂੰ ਹਿੰਦੀ ਹਰ ਪੁੱਠੇ-ਸਿੱਧੇ ਹੀਲੇ ਸਿਖਾਉਣ ਤੇ ਲੱਗੀਆਂ ਰਹੀਆਂ ਨੇ।

ਅਜੋਕੇ ਵੇਲੇ ਬੋਲੀ ਦਾ ਸਭ ਤੋਂ ਸੰਗੀਨ ਖੇਤਰ ਪੜ੍ਹਾਈ ਦਾ ਖੇਤਰ ਏ। ਬੱਸ ਇਸ ਲਈ ਨਹੀਂ ਕਿ ਪੜ੍ਹਾਈ ਸਫਲਤਾ ਨਾਲ ਮਾਂ ਬੋਲੀ 'ਚ ਈ ਹੋ ਸੱਕਦੀ ਏ, ਬਲਕਿ ਇਸ ਕਰਕੇ ਵੀ ਕਿ ਅਜੋਕੇ ਵੇਲੇ ਉਹੀ ਬੋਲੀ ਬਚੀ ਰਹਿ ਸਕਦੀ ਏ ਜਿਹੜੀ ਪੜ੍ਹਾਈ ਦਾ ਮਾਧਿਅਮ ਹੋਵੇ। ਹਰੇਕ ਬਾਲ ਪਾਠਸਾਲੇ ਜਾਂਦਾ ਏ ਤੇ ਦੇਰ-ਸਵੇਰ ਪਾਠਸਾਲੇ ਦੀ ਬੋਲੀ ਹੀ ਉਹਦੀ ਪਹਿਲੀ ਬੋਲੀ ਬਣ ਜਾਂਦੀ ਏ। ਤੇ ਜਦੋਂ ਚਾਰੇ ਪਾਸੇ ਮਾਂ ਬੋਲੀ ਰਾਹੀਂ ਕੁਝ ਵੀ ਹੱਥ ਨਾ ਆਉਂਦਾ ਹੋਵੇ ਤਾਂ ਉਦੋਂ ਤਾਂ ਪੱਕਾ ਈ ਬਣ ਜਾਂਦੀ ਏ। ਜੇ ਇਸ ਪੱਖੋਂ ਪੰਜਾਬੀ 'ਤੇ ਝਾਤੀ ਮਾਰੀਏ ਤਾਂ ਹਾਲਤ ਅੱਗ ਲੱਗੀ ਵਾਲੀ ਏ। ਪਾਠਸਾਲੇ ਪੱਧਰ 'ਤੇ ਪੰਜਾਬ ਦੇ ਕੋਈ ਅੱਧੇ ਪਾਤੇ ਪੰਜਾਬੀ ਮਾਧਿਅਮ 'ਚ ਨਹੀਂ ਪੜ੍ਹਦੇ ਤੇ ਉਚੇਰੀ ਪੜ੍ਹਾਈ ਦੇ ਪੱਧਰ 'ਤੇ ਵੀ ਪੰਜਾਬੀ ਮਾਧਿਅਮ ਨਾਂ ਮਾਤਰ ਏ। ਵਿਗਿਆਨਾਂ ਦੀ ਪੜ੍ਹਾਈ ਲਈ ਤਾਂ ਉੱਕਾ ਈ ਨਹੀਂ।

ਭਾਰਤ ਵਿੱਚ ਵੀ ਮੁਢਲੇ ਪੱਧਰ 'ਤੇ ਬੱਸ ਕੋਈ 30 ਕੁ ਬੋਲੀਆਂ ਵਿੱਚ ਹੀ ਪੜ੍ਹਾਈ ਕਰਾਈ ਜਾਂਦੀ ਏ ਤੇ ਇਹ ਗਿਣਤੀ ਵੀ ਦਿਨੋ-ਦਿਨ ਘਟਦੀ ਜਾਂਦੀ ਪਈ ਏ। ਨਵੀਂ ਪੜ੍ਹਾਈ ਨੀਤੀ 2020 ਵਿੱਚ ਮਾਂ ਬੋਲੀਆਂ ਦਾ ਗੁਣਗਾਣ ਤਾਂ ਬੜਾ ਕੀਤਾ ਗਿਆ ਏ, ਪਰ ਇਸ ਨੇ ਵੀ ਪਹਿਲੀ ਰੀਤ ਨੂੰ ਈ ਹੋਰ ਤਗੜਿਆਂ ਕੀਤਾ ਏ। ਇਸ ਪੜ੍ਹਾਈ ਨੀਤੀ ਦੇ ਆਉਣ ਤੋਂ ਪਿੱਛੋਂ ਅਜੇ ਤੱਕ ਕੋਈ ਮਿਸਾਲ ਨਹੀਂ ਆਈ ਕਿ ਕਿਸੇ ਨਵੀਂ ਬੋਲੀ 'ਚ ਪੜ੍ਹਾਈ ਅਰੰਭੀ ਗਈ ਹੋਵੇ। ਹਾਂ, ਹਜ਼ਾਰਾਂ ਹੋਰ ਪਾਠਸਾਲੇ ਮਾਂ ਬੋਲੀ ਮਾਧਿਅਮ ਤੋਂ ਅੰਗਰੇਜ਼ੀ ਮਾਧਿਅਮ 'ਚ ਕਰ ਦਿੱਤੇ ਗਏ ਨੇ। ਇਹਨਾਂ 'ਚ ਅਸਲ ਹਿੰਦੀ ਖੇਤਰ ਉੱਤਰ ਪ੍ਰਦੇਸ਼ ਦੇ ਹਿੰਦੀ ਮਾਧਿਅਮ ਵਾਲੇ ਪਾਠਸਾਲੇ ਵੀ ਬਥੇਰੇ ਨੇ। ਜਦੋਂ ਕਿ ਪੜ੍ਹਾਈ ਦੀ ਸਫਲਤਾ ਦੇ ਮਾਂ ਬੋਲੀ ਨਾਲ ਡੂੰਘੇ ਨਾਤੇ ਬਾਰੇ ਭੂਮੰਡਲੀ ਮਾਹਰ ਰਾਇ ਤੇ ਸਫਲ ਵਿਹਾਰ ਬਾਰੇ ਸਾਰੀ ਜਾਣਕਾਰੀ ਲਗਭਗ ਹਰ ਭਾਰਤੀ ਦੇ ਬੋਝੇ ਵਾਲੇ ਜੰਤਰ ਵਿੱਚ ਪਈ ਏ।

ਕੋਈ ਅਸਚਰਜ ਨਹੀਂ ਕਿ ਭਾਰਤ ਦੇ ਪਾਠਸਾਲੇ ਤੇ ਕੀ ਜਗਤਵਿਦਿਆਲਾ ਵੀ ਇੱਕ ਈ ਜੱਗ ਦੇ ਪਹਿਲੇ 400ਆਂ (ਚਾਰ ਸੌ) 'ਚ ਆਉਂਦਾ ਏ ਉਹ ਵੀ 250-300 ਦੇ ਵਿਚਕਾਰ। ਨੀਦਰਲੈਂਡ ਦੇ ਇੱਕ ਜਗਤਵਿਦਿਆਲੇ ਦੇ ਸੱਜਰੇ ਮੁਲੰਕਣ ਮੁਤਾਬਕ ਤਾਂ ਭਾਰਤ ਦਾ ਪਹਿਲੇ 500ਆਂ 'ਚ ਵੀ ਕੋਈ ਨਹੀਂ ਆਉਂਦਾ। ਚੀਨੀ 'ਚ ਪੜ੍ਹਾਉਣ ਵਾਲੇ ਚੀਨ ਦੇ 101 (ਕੋਤਰ ਸੌ) ਪਹਿਲੇ 500ਆਂ 'ਚ ਨੇ। ਪਹਿਲੇ 10ਆਂ 'ਚੋਂ 7 ਵੀ ਚੀਨ ਦੇ ਨੇ। ਦੋ ਨੇ ਤਾਂ ਹਾਰਵਰਡ ਨੂੰ ਵੀ ਪਿੱਛੇ ਛੱਡ ਦਿੱਤਾ ਏ ਤੇ ਜੱਗ ਦੇ ਪਹਿਲੇ ਦੋ ਇਹ ਚੀਨੀਓ ਈ ਨੇ।

ਪ੍ਰਸ਼ਾਸਨ, ਨਿਆਂ ਪ੍ਰਣਾਲੀ, ਉਦਯੋਗੀ ਤੇ ਕਾਰੋਬਾਰੀ ਅਮਲ, ਤੇ ਨੌਕਰੀਆਂ ਆਦਿ ਲਈ ਪਰਖਾਂ ਆਦਿ ਵਿੱਚ ਵੀ ਸੰਵਿਧਾਨ ਦੀ 8ਵੀਂ ਸੂਚੀ ਦਾ ਹਿੱਸਾ 22 ਭਾਰਤੀ ਬੋਲੀਆਂ ਦੀ ਹੀ ਅੱਧ-ਪਚੱਧੀ ਜਿਹੀ ਵਰਤੋਂ ਹੁੰਦੀ ਪਈ ਏ। ਉਹ ਵੀ ਬੜੇ ਲੋਕ-ਦਬਾਵਾਂ ਕਰਕੇ। ਬਾਕੀ ਕੋਈ ਹਜ਼ਾਰ ਤੋਂ ਵੱਧ ਨੂੰ ਇਹਨਾਂ ਖੇਤਰਾਂ ਦੇ ਨੇੜੇ ਵੀ ਨਹੀਂ ਫਟਕਣ ਦਿੱਤਾ ਜਾਂਦਾ। ਪੰਜਾਬੀ ਬੰਦਾ ਦੇਸ

ਲਈ ਜਾਨ ਤੇ ਦੇ ਸਕਦਾ ਏ, ਪਰ ਪੰਜਾਬੀ ਨਾਲ ਉਹ ਫੌਜ ਦਾ ਅਫ਼ਸਰ ਨਹੀਂ ਬਣ ਸਕਦਾ। ਸੰਘ ਸਰਕਾਰ ਅਧੀਨ ਪੰਜਾਬ ਵਿਚਲੇ ਦਫ਼ਤਰਾਂ ਤੇ ਪਾਠਸਾਲਿਆਂ ਵਿੱਚ ਵੀ ਕੰਮ ਤੇ ਪੜ੍ਹਾਈ ਅੰਗਰੇਜ਼ੀ ਤੇ ਹਿੰਦੀ ’ਚ ਹੁੰਦੇ ਨੇ। ਕੰਮ ਤੇ ਹੁੰਦੇ ਈ ਨੇ, ਅਕਸਰ ਹਿੰਦੀ ਜਾਂ ਅੰਗਰੇਜ਼ੀ ਬੋਲ ਕੇ ਪੰਜਾਬ ਵਾਸੀਆਂ ਨੂੰ ਠਿੱਠ ਵੀ ਕੀਤਾ ਜਾਂਦਾ ਏ।

ਬੋਲੀ ਨੂੰ ਖਾਸ ਵਰਗ ਦੀ ਧੌਂਸ ਲਈ ਵਰਤਣ ਦਾ ਇੱਕ ਹੋਰ ਢੰਗ ਇਹ ਵੇ ਕਿ ਬੋਲੀ ਦੇ ਰਸਮੀ ਰੂਪ ਨੂੰ ਆਮ ਲੋਕਾਂ ਦੀ ਬੋਲੀ ਤੋਂ ਚੋਖਾ ਦੂਰ ਕਰ ਦਿਓ। ਤੇ ਇਸ ਨਾਲ ਰਲਦਾ ਈ ਇੱਕ ਢੰਗ ਇਹ ਵੇ ਕਿ ਕਿਸੇ ਬੋਲੀ ਵਿੱਚ ਭਾਰੂ ਬੋਲੀ ਦੇ ਏਨੇਂ ਬੋਲ ਤੇ ਬਣਤਰਾਂ ਵਾੜ ਦਿਓ ਕਿ ਉਹ ਲੋਕ ਬੋਲੀ ਤੋਂ ਦੂਰ ਹੋ ਜਾਵੇ ਤੇ ਨਾਲ ਦੀ ਨਾਲ ਉਹ ਭਾਰੂ ਬੋਲੀ ਦਾ ਅੰਗ ਲੱਗਣ ਲੱਗ ਜਾਵੇ। ਇਹ ਕੰਮ ਭਾਰਤੀ ਸੱਤਾ ਨੇ ਤਕਨੀਕੀ ਸ਼ਬਦਾਵਲੀ ਦੇ ਨਾਂ ’ਤੇ ਸੰਸਕ੍ਰਿਤ ਵਾੜ ਕੇ ਪੰਜਾਬੀ ਤੇ ਭਾਰਤ ਦੀਆਂ ਮਾਂ ਬੋਲੀਆਂ ਨਾਲ ਏਨਾ ਕੀਤਾ ਏ ਕਿ ਹੁਣ ਪੰਜਾਬੀ ਤੇ ਭਾਰਤੀ ਬੋਲੀਆਂ ਦੇ ਰਸਮੀ ਰੂਪ ਅਸਲ ਉਹ ਬੋਲੀਆਂ ਨਹੀਂ ਕੋਈ ਹੋਰ ਬੋਲੀਆਂ ਈ ਲੱਗਦੇ ਨੇ।

**ਬੋਲੀ ਬੱਸ ਸੰਚਾਰ ਦਾ ਸਾਧਨ ਜਾਂ ਜੀਵਨ ਦਾ ਅਧਾਰ ?**

ਪੰਜਾਬੀ ਦੀ, ਤੇ ਹਿੰਦੀ ਨੂੰ ਛੱਡ ਕੇ ਹੋਰ ਭਾਰਤੀ ਬੋਲੀਆਂ ਦੀ ਵੀ, ਦੁਖਦਾਈ ਹਾਲਤ ਦੇ ਕਾਰਣਾਂ ਦੀ ਥਾਹ ਪਾਉਣ ਲਈ ਸੱਤਾ ਤੇ ਭਾਰੂ ਵਰਗ ਦੀ ਨੀਤੀ ਤੇ ਨੀਤ ਦੇ ਨਾਲ-ਨਾਲ ਬੋਲੀ ਬਾਰੇ ਭਾਰੂ ਸਮਝ ਨੂੰ ਜਾਣਨਾ ਵੀ ਲੋੜੀਂਦਾ ਏ। ਆਹ ਵਾਕ ਇਸ ਦਾ ਸਾਖੀ ਏ- “ਗੱਲ ਈ ਕਰਨੀ ਏਂ ਭਾਵੇਂ ਕਿਸੇ ਬੋਲੀ ਵਿੱਚ ਕਰ ਲਵੋ।” ਇਹ ਵਾਕ ਪੰਜਾਬੀ ਦੇ ਇੱਕ ਵੱਡੇ ਚਿੰਤਨੀਏ ਨੇ ਕੋਈ ਤਿੰਨ ਦਹਾਕੇ ਪਹਿਲਾਂ ਉਦੋਂ ਬੋਲਿਆ ਸੀ ਜਦੋਂ ਮੈਂ ਪੁੱਛਿਆ ਪਈ ਨਿੱਤ ਵਧੀ ਜਾਂਦੇ ਅੰਗਰੇਜ਼ੀ ਮਾਧਿਅਮ ਬਾਰੇ ਉਹਨਾਂ ਦੀ ਰਾਇ ਕੀ ਸੀ।

ਇਹ ਗੱਲ ਮੈਨੂੰ ਬੜੀ ਅਨੋਖੀ ਲੱਗੀ। ਬੋਲੀ ਨੂੰ ਬੱਸ ਗੱਲ-ਬਾਤ ਕਰਨ ਦਾ ਸੰਦ ਮਾਤਰ ਸਮਝਣ ਤੋਂ ਹੀ ਬੋਲੀ ਬਾਰੇ ਵੱਡੇ ਨੁਕਸਾਨਦੇਈ ਭਰਮਾਂ ਦਾ ਮੁੱਢ ਬੱਝਣ ਲੱਗਦਾ ਏ। ਸਦੀਆਂ ਤੱਕ ਅਜੋਕੀਆਂ ਭਾਰਤੀ ਮਾਂ ਬੋਲੀਆਂ ਦੇ ਸੱਤਾ, ਲਾਭ, ਤੇ ਵਕਾਰ ਵਾਲੀਆਂ ਥਾਂਵਾਂ ’ਚੋਂ ਬਾਹਰ ਰਹਿਣ ਕਰਕੇ ਭਾਰਤ ਵਿੱਚ ਇਹ ਭਰਮ ਏਨੇ ਡੂੰਘੇ ਬੈਠੇ ਹੋਏ ਨੇ ਕਿ ਆਮ ਲੋਕਾਂ ਦੀ ਤਾਂ ਛੱਡੋ ਬਹੁਤੇ ਭਾਰਤੀ ਬੁੱਧਕਰਮੀ ਵੀ ਇਹ ਜਾਣਨ ਦੀ ਲੋੜ ਨਹੀਂ ਸਮਝਦੇ ਲੱਗਦੇ ਕਿ ਮਾਹਿਰ ਪੜਤਾਲਾਂ ਕੀ ਦੱਸਦੀਆਂ ਨੇ ਤੇ ਸਫਲ ਜਗਤ ਦਾ ਵਿਹਾਰ ਕੀ ਏ। ਅਜਿਹੀ ਹਾਲਤ ਵਿੱਚ, ਬੋਲੀ ਦੀ ਸਚਾਈ ਤੇ ਇਸ ਸਮਝ ਦੀ ਸਚਾਈ ਨੂੰ ਜਾਣਨਾ ਬੜਾ ਲੋੜੀਂਦਾ ਏ।

**ਬੋਲੀ ਸੰਚਾਰ ਦਾ ਸੰਦ**

ਸੰਚਾਰ ਦੇ ਸੰਦ ਵੱਜੋਂ ਬੋਲੀ ਦੇ ਇਹ ਮੂਲ ਕਾਰਜ ਨੇ- ਬਾਹਰੀ ਸੰਸਾਰ ਬਾਰੇ ਜਾਣਕਾਰੀ ਦੇਣਾ; ਬੋਲਣਹਾਰੇ ਦੀਆਂ ਭਾਵਨਾਵਾਂ, ਬਿਰਤੀਆਂ, ਤੇ ਮਨ ਦੀਆਂ ਅਵਸਥਾਵਾਂ ਨੂੰ ਬੋਲ ਦੇਣਾ; ਆਦੇਸ਼ਾਂ, ਬੇਨਤੀਆਂ, ਜਾਂ ਤਰਲਿਆਂ ਆਦਿ ਨਾਲ ਦੂਜੇ (ਸਰੋਤਾ ਆਦਿ) ਦੇ ਵਿਹਾਰ ’ਤੇ ਪ੍ਰਭਾਵ ਪਾਉਣਾ, ਸਮਾਜੀ ਸਬੰਧ ਬਨਾਉਣਾ, ਕਾਇਮ ਰੱਖਣਾ, ਤੇ ਇਹਨਾਂ ਨੂੰ ਚਲਾਉਣਾ ਸੁਹਜ ਦੀ ਸਿਰਜਣਾ ਕਰਨਾ, ਜਿਵੇਂ ਸਾਹਿਤ ਵਿੱਚ; ਅਤੇ, ਬੋਲੀ ਰਾਹੀਂ ਬੋਲੀ ਬਾਰੇ ਈ ਗੱਲ ਕਰਨੀ। ਪਰ ਬੋਲੀ ਸੰਚਾਰ ਦਾ ਸੰਦ ਮਾਤਰ ਨਹੀਂ। ਇਹ ਸਮਾਜ ਦਾ ਤਾਣਾ-ਬਾਣਾ ਵੀ ਏ।

**ਬੋਲੀ ਚੇਤਨਾ, ਸਮਾਜੀ ਤਾਣੇ-ਬਾਣੇ, ਪਛਾਣ, ਤੇ ਸੱਤਾ ਦਾ ਅਧਾਰ**

ਸਾਡੇ ਚੇਤੇ ਬੋਲੀ ’ਚ ਹੁੰਦੇ ਨੇ ਤੇ ਚੇਤੇ ਈ ਚੇਤਨਾ ਦੇ ਘਾੜੇ ਹੁੰਦੇ ਨੇ। ਬੋਲੀ ਸਾਡੇ ਅੰਦਰਲੇ ਤੇ ਬਾਹਰਲੇ ਦੁਹਾਂ ਜਗਤਾਂ ਨੂੰ ਮੁਹਾਂਦਰਾ ਦੇਂਦੀ ਏ। ਬੋਲੀ ਕਿਵੇਂ ਸਾਡੀਆਂ ਸੋਚਾਂ ਤੈਅ ਕਰਦੀ ਏ ਇਸ ਨੂੰ ਸਮਝਣ ਲਈ ਇੱਕ ਮਿਸਾਲ ਸਹਾਈ ਹੋਵੇਗੀ। ਪੰਜਾਬ ਦੀ ਵੰਡ ਵੇਲੇ ਪਾਕਿਸਤਾਨੋਂ ਉਜਾੜ ਕੇ ਭਾਰਤ ਲਿਆਂਦੇ ਲੋਕਾਂ ਨੂੰ ਰਾਜਸੀ ਕਥਨਾਂ ਵਿੱਚ ਸ਼ਰਨਾਰਥੀ ਆਖਿਆ ਗਿਆ ਪ੍ਰਾਹੁਣੇ (ਅਤਿਥੀ) ਨਹੀਂ। ਤੇ ਇਹਨਾਂ ਉਜਾੜਿਆਂ ਲਈ ਸ਼ਰਨਾਰਥੀ ਸੰਕਲਪ ਸੋਚਾਂ ਵਿੱਚ ਖੁਣ ਦਿੱਤਾ ਗਿਆ।

ਆਪਾਂ ਬੋਲਾਂ ਰਾਹੀਂ ਸੋਚਦੇ ਹਾਂ। ਬੋਲੀ ਸਾਡੇ ਅਨੁਭਵ ਨੂੰ ਰੂਪ ਦੇਂਦੀ ਏ ਤੇ ਸਾਡੇ ਤਰਕ-ਵਿਤਰਕ ਦੀ ਜੁਗਤ ਵੀ ਬੋਲੀ ਹੁੰਦੀ ਏ। ਸਾਡੀ ਬੋਲੀ, ਸਾਡਾ ਲਹਿਜਾ, ਤੇ ਸਾਡੇ ਬੋਲ ਆਦਿ ਸਾਡੀ ਵਿਅਕਤੀ ਵੱਜੋਂ ਪਛਾਣ ਤੇ ਸਮਾਜੀ ਪਛਾਣ ਦਾ ਮੂਲ ਹਿੱਸਾ ਹੁੰਦੇ ਨੇ। ਇੰਞ ਬੋਲੀ ਸਾਡੇ ਗਿਆਨ ਤੇ ਮਨ ਦੇ ਜਗਤ

ਘੜਨ ਵਿੱਚ ਤੈਅਕਾਰੀ ਹਿੱਸਾ ਪਾਉਂਦੀ ਏ। ਬੋਲੀ ਸਾਡੀਆਂ ਨਿੱਤਾਪ੍ਰਤੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਢੋਈਆ ਬਣਦੀ ਏ। ਵਿੱਦਿਆ, ਪ੍ਰਸ਼ਾਸਨ, ਤੇ ਮਨੋਰੰਜਨ ਆਦਿ ਸਭ ਬੋਲੀ 'ਤੇ ਟਿਕੇ ਹੁੰਦੇ ਨੇ।

ਬੋਲੀ ਜੁੱਟ-ਅੰਦਰਲੇ ਤੇ ਜੁੱਟ-ਬਾਹਰਲੇ ਸਮੂਹਾਂ ਦੀਆਂ ਹੱਦਾਂ ਦੀਆਂ ਲਕੀਰਾਂ ਵਾਹਦੀ ਏ। ਬੋਲੀ ਦੇ ਕਿਸੇ ਖਾਸ ਵਰਗ ਦੇ ਰੂਪ (ਜਿਵੇਂ, ਵੱਖ-ਵੱਖ ਪੇਸ਼ਿਆਂ ਤੇ ਪੀੜ੍ਹੀਆਂ ਦੇ ਬੋਲੀ ਰੂਪ) ਇੱਕਜੁੱਟਤਾ ਦਾ ਤੇ ਓਸ ਵਰਗ ਦਾ ਹਿੱਸਾ ਹੋਣ ਦਾ ਭਾਵ ਸਿਰਜਦੇ ਨੇ। ਇੰਞ ਬੋਲੀ ਸਮਾਜੀ ਸੁਮੇਲ ਤੇ ਪਛਾਣ ਦੇ ਕਾਰਜਾਂ ਦੀ ਢੋਈਆ ਬਣਦੀ ਏ। ਬੋਲੀ ਗਿਆਨ, ਇਤਿਹਾਸ, ਕਦਰਾਂ-ਕੀਮਤਾਂ, ਰਸਮਾਂ, ਤੇ ਵਿਰਸੇ ਦੇ ਪੀੜ੍ਹੀਓ-ਪੀੜ੍ਹੀ ਪਰਵਾਹ ਦੀ ਮੂਲ ਢੋਈਆ ਏ।

ਜਿਵੇਂ ਪਿੱਛੇ ਦੱਸਿਆ ਗਿਆ ਏ, ਬੋਲੀ ਗਿਆਨ, ਜਾਣਕਾਰੀ, ਸਰੋਤਾਂ, ਤੇ ਲਾਭ ਤੇ ਸੱਤਾ ਦੀਆਂ ਥਾਂਵਾਂ ਆਦਿ ਤੋਂ ਕਿਸੇ ਧਿਰ ਨੂੰ ਵਾਂਝਿਆਂ ਰੱਖ ਸਕਦੀ ਏ ਤੇ ਇਹਨਾਂ ਤੱਕ ਪਹੁੰਚ ਬਣਾ ਵੀ ਬਣਾ ਸਕਦੀ ਏ। ਇੰਞ ਬੋਲੀ ਸਮਾਜ ਵਿੱਚ ਦਰਜਾਬੰਦੀਆਂ ਪੈਦਾ ਕਰ ਸਕਦੀ ਏ, ਵਿਦਮਾਨ ਦਰਜਾਬੰਦੀਆਂ ਨੂੰ ਹੋਰ ਡੂੰਘਾ ਕਰ ਸਕਦੀ ਏ, ਤੇ ਦਰਜਾਬੰਦੀਆਂ ਨੂੰ ਘਟਾ ਤੇ ਮਿਟਾ ਵੀ ਸਕਦੀ ਏ।

ਬੋਲੀ ਛੋਟੇ-ਛੋਟੇ ਜੁੱਟਾਂ ਦੀ ਉਸਾਰੀ ਤੋਂ ਲੈ ਕੇ ਦੇਸਾਂ ਨੂੰ ਚਲਾਉਣ ਤੱਕ ਦੇ ਮੂਲ ਅਧਾਰਾਂ 'ਚੋਂ ਹੁੰਦੀ ਏ। ਕਨੂੰਨ, ਸਮਝੌਤੇ, ਰਣਨੀਤਵੀ ਵਿਓਂਤਬੰਦੀਆਂ ਸਭ ਬੋਲੀ 'ਤੇ ਉਸਰਦੇ ਨੇ। ਬੋਲੀ ਮਨਾ ਸਕਦੀ ਏ, ਛਲ ਕਰ ਸਕਦੀ ਏ, ਪ੍ਰੇਰ ਸਕਦੀ ਏ, ਤਾੜ ਸਕਦੀ ਏ, ਤੇ ਲਿਤਾੜ ਸਕਦੀ ਏ। ਵਿਚਾਰਾਂ ਤੇ ਵਿਹਾਰ ਨੂੰ ਆਪਣੇ ਹਿੱਤ ਵਿੱਚ ਘੜਨ ਲਈ ਰਾਜਸੀ ਵਾਕ-ਕਲਾ, ਪ੍ਰਚਾਰ ਘਾੜਤਾਂ, ਕਨੂੰਨੀ ਬਿਰਤਾਂਤ, ਤੇ ਵਿਗਿਆਪਨਬਾਜੀ ਸਭ ਬੋਲੀ ਦੇ ਜੰਤਰ ਨੂੰ ਵਰਤਦੇ ਨੇ।

ਇੰਞ ਅਸੀਂ ਵੇਖਦੇ ਹਾਂ ਕਿ ਬੋਲੀ ਨਿਰਾ ਗੱਲਬਾਤ ਦਾ ਸਾਧਨ ਨਹੀਂ ਪੂਰੇ ਮਨੁੱਖਾ ਜੀਵਨ ਦਾ ਅਧਾਰ ਏ ਤੇ ਦਰਜਾਬੰਦੀਆਂ ਵਾਲੇ ਸਮਾਜ ਵਿੱਚ ਇਹ ਸੱਤਾ ਤੇ ਸਰੋਤਾਂ ਦੀ ਵੰਡ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਏ।

**ਪੰਜਾਬੀ ਬੋਲੀ ਦਾ ਭਵਿੱਖ ਤੇ ਮੌਤ ਦੀ ਅਵਸਥਾ**

ਜਿਵੇਂ ਪਿੱਛੇ ਆਖਿਆ ਗਿਆ ਏ. ਪੰਜਾਬੀ ਤੇ ਭਾਰਤ ਦੀਆਂ ਸਾਰੀਆਂ ਮਾਂ ਬੋਲੀਆਂ ਸੱਤਾ, ਲਾਭ ਵਾਲੇ ਥਾਂਵਾਂ, ਤੇ ਹੋਰ ਰਸਮੀ ਵਰਤੋਂ ਤੇ ਵਕਾਰ ਵਾਲੇ ਥਾਂਵਾਂ ਤੋਂ ਬਾਹਰ ਕੱਢੀਆਂ ਹੋਈਆਂ ਨੇ, ਬਹੁਤੀਆਂ ਪੂਰੀ ਤਰ੍ਹਾਂ ਤੇ ਕੁਝ ਕੁ ਥੋੜੀਆਂ ਘੱਟ- ਜਿਵੇਂ, ਸੰਵਿਧਾਨ ਦੀ 8ਵੀਂ ਸੂਚੀ ਵਿਚਲੀਆਂ 22 ਬੋਲੀਆਂ। ਜਦੋਂ ਕੋਈ ਬੋਲੀ ਇੰਞ ਬਾਹਰ ਹੋ ਜਾਂਦੀ ਏ, ਤਾਂ ਮੁੜ ਉਹ ਪਰਵਾਰੀ ਤੇ ਸੱਭਿਆਚਾਰ ਆਦਿ ਖੇਤਰਾਂ 'ਚੋਂ ਵੀ ਹੌਲੀ-ਹੌਲੀ ਬਾਹਰ ਹੋਣ ਲੱਗਦੀ ਏ। ਉਸ ਬੋਲੀ ਦੇ ਬੋਲਣ ਵਾਲਿਆਂ ਅੰਦਰ ਹੀਣਤਾ ਦਾ ਭਾਵ ਏਨਾ ਆ ਜਾਂਦਾ ਏ ਕਿ ਉਹ ਆਪਣੀ ਬੋਲੀ ਵਰਤਦਿਆਂ ਆਪਣੇ-ਆਪ ਨੂੰ ਆਪ ਈ ਮਾੜੇ ਤੇ ਘੱਟ ਸਿਆਣੇ ਸਮਝਣ ਲੱਗ ਜਾਂਦੇ ਨੇ ਤੇ ਹੋਰ ਬੋਲੀ ਵਰਤ ਕੇ ਆਪਣੇ-ਆਪ ਨੂੰ ਤਗੜੇ ਤੇ ਵੱਧ ਸਿਆਣੇ ਸਮਝਣ ਲੱਗਦੇ ਨੇ। ਬਹੁਤੇ ਪੰਜਾਬੀਆਂ ਤੇ ਭਾਰਤੀਆਂ ਦੇ ਬੂਹਿਆਂ 'ਤੇ ਰੋਮਨ (ਅੰਗਰੇਜ਼ੀ) 'ਚ ਲਿਖੇ ਨਾਂ, ਗਲੀਆਂ-ਬਜ਼ਾਰਾਂ ਦੇ ਅੰਗਰੇਜ਼ੀ ਨਾਂ-ਫੱਟੇ, ਮੱਧਵਰਗੀ ਵਿਆਹ ਮੇਲਿਆਂ ਦਾ ਅੰਗਰੇਜ਼ੀ ਗੀਤ-ਸੰਗੀਤ ਨਾਲ ਅਰੰਭ ਜਿਹੀਆਂ ਸਚਾਈਆਂ ਇਸ ਅਵਸਥਾ ਦਾ ਤਗੜਾ ਸਬੂਤ ਨੇ। ਹੁਣ ਤੇ ਗੱਲ ਇਸ ਤੋਂ ਵੀ ਅੱਗੇ ਲੰਘ ਗਈ ਏ। ਹੁਣ ਤੇ ਪੰਜਾਬੀ ਤੇ ਭਾਰਤੀ ਮਾਪੇ ਆਪਣੇ ਬਾਲਾਂ ਨਾਲ ਮਾਂ ਬੋਲੀ 'ਚ ਗੱਲ ਉਦੋਂ ਈ ਕਰਦੇ ਨੇ ਜੇ ਅੰਗਰੇਜੀ ਤੇ ਹਿੰਦੀ 'ਚ ਗੱਲ ਨਾ ਕਰ ਸਕਦੇ ਹੋਣ। ਮਾਹਰਾਂ ਦੀਆਂ ਪੜਤਾਲਾਂ ਅਨੁਸਾਰ, ਇਹ ਕਿਸੇ ਬੋਲੀ ਦੇ ਮੌਤ ਦੇ ਉੱਕਾ ਈ ਨੇੜੇ ਹੋ ਜਾਣ ਦੀ ਅਵਸਥਾ ਹੁੰਦੀ ਏ।

ਜਦੋਂ ਇਹ ਅਵਸਥਾ ਹੁੰਦੀ ਏ ਤਾਂ ਮੁੜ ਬੋਲੀ ਰਾਹੀਂ ਨਿਭਾਇਆ ਜਾਣ ਵਾਲਾ ਕੋਈ ਵੀ ਕਾਰਜ ਸੁਚਾਰੂ ਰੂਪ ਵਿੱਚ ਨਹੀਂ ਹੋ ਸਕਦਾ। ਭਾਵੇਂ ਉਹ ਪੜ੍ਹਾਈ ਹੋਵੇ ਤੇ ਭਾਵੇਂ ਪ੍ਰਸ਼ਾਸਨ, ਭਾਵੇਂ ਗਿਆਨ-ਵਿਗਿਆਨ ਤੇ ਤਕਨੀਕ ਦਾ ਵਿਕਾਸ ਹੋਵੇ ਤੇ ਭਾਵੇਂ ਦਰਜਾਬੰਦੀ ਤੋਂ ਖਾਲੀ ਜਾਂ ਘੱਟ ਦਰਜਾਬੰਦੀ ਵਾਲੇ ਸਮਾਜ ਦੀ ਸਿਰਜਣਾ, ਭਾਵੇਂ ਵਿਰਸੇ ਨਾਲ ਜੁੜਨਾ ਹੋਵੇ ਤੇ ਭਾਵੇਂ ਇਤਿਹਾਸ ਨਾਲ, ਭਾਵੇਂ ਨਵਾਂ ਨਰੋਆ ਸੱਭਿਆਚਾਰ ਸਿਰਜਣਾ ਹੋਵੇ ਤੇ ਭਾਵੇਂ ਹਾਂ-ਪੱਖੀ ਪੁਰਾਣੇ ਦੀ ਸੰਭਾਲ, ਭਾਵੇਂ ਸੱਤਾ ਦੀ ਵੱਖ-ਵੱਖ ਧਿਰਾਂ ਵਿਚਕਾਰ ਸਾਂਵੀਂ ਵੰਡ ਹੋਵੇ ਤੇ ਭਾਵੇਂ

ਵਿਅਕਤੀਆਂ ਦੇ ਆਪਸ ਵਿੱਚ ਜੁੜਨ ਤੇ ਇਕਸੁਰਤਾ ਦਾ ਸੁਆਲ, ਭਾਵੇਂ ਸਮਾਜੀ ਜੁੱਟਾਂ ਦੀ ਆਪਸ ਵਿੱਚ ਇਕਰਸਤਾ ਦਾ ਸੁਆਲ ਹੋਵੇ ਤੇ ਭਾਵੇਂ ਸਰਕਾਰੀ ਧਿਰ ਤੇ ਆਮ ਜਨਤਾ ਵਿਚਕਾਰ ਤੰਦ ਦੀ ਗੱਲ, ਭਾਵੇਂ ਘਰਾਂ ਵਿਚਲੀਆਂ ਅਗਲੀਆਂ-ਪਿਛਲੀਆਂ ਪੀੜ੍ਹੀਆਂ ਵਿਚਕਾਰ ਗੱਲ ਹੋ ਸਕਣ ਦੀ ਗੱਲ ਹੋਵੇ ਤੇ ਭਾਵੇਂ ਲੋਕਾਂ ਦੀ ਆਪਣੇ ਅਫ਼ਸਰਾਂ ਨਾਲ; ਇਹਨਾਂ 'ਚੋਂ ਕੁਝ ਵੀ ਰਵਾਨੀ ਦੀ ਅਵਸਥਾ 'ਚ ਨਹੀਂ ਰਹਿੰਦਾ। ਬੱਸ ਰਵਾਨਗੀ ਦੀ ਅਵਸਥਾ 'ਚ ਹੁੰਦਾ ਏ। ਅੰਗਰੇਜੀ ਤੇ ਹਿੰਦੀ ਵਿੱਚ ਗੱਲ ਕਰ ਕੇ ਆਪਣੇ-ਆਪ ਨੂੰ ਸਿਆਣੇ ਸਮਝਣ ਤੇ ਵਿਖਾਉਣ ਦਾ ਵਿਹਾਰ ਇਸ ਰਵਾਨਗੀ ਦਾ ਅਕੱਟ ਸਬੂਤ ਏ।

ਪੰਜਾਬੀ ਤੇ ਭਾਰਤ ਦੀਆਂ ਮਾਂ ਬੋਲੀਆਂ ਦੀ ਹਾਲਤ ਅਤੇ ਬੋਲੀ ਰਾਹੀਂ ਨਜਿੱਠੇ ਜਾਣ ਵਾਲੇ ਕਾਰਜਾਂ ਵਿੱਚ ਮਾਂ ਬੋਲੀਆਂ ਦੀ ਥਾਂ 'ਤੇ ਸਰਸਰੀ ਜਿਹੀ ਝਾਤ ਈ ਇਹ ਪੱਕਿਆਂ ਕਰ ਦੇਂਦੀ ਏ ਕਿ ਮਾਂ ਬੋਲੀਆਂ ਤੇ ਭਾਰਤ ਇਸ ਰਵਾਨਗੀ ਦੀ ਸਥਿਤੀ 'ਚੋਂ ਲੰਘ ਹੀ ਨਹੀਂ ਰਹੇ, ਇਸ ਦਲਦਲ ਵਿੱਚ ਹੋਰ ਵੀ ਡੂੰਘੇ ਖੁੱਭੀ ਜਾਂਦੇ ਨੇ। ਉਂਞ ਭਾਵੇਂ ਚੰਡੀਗੜ੍ਹ, ਦਿੱਲੀ, ਤੇ ਹੋਰ ਰਾਜਧਾਨੀਆਂ 'ਚੋਂ ਨਿੱਤ ਮਾਂ ਬੋਲੀਆਂ ਦੇ ਕਿੰਨੇ ਵੀ ਸੋਹਲੇ ਗਾਏ ਜਾਂਦੇ ਪਏ ਹੋਣ। ਹੁਣ ਤੇ ਸ੍ਰੀ ਮੋਹਨ ਭਾਗਵਤ ਜੀ ਨੇ ਰਾਸਸ ਦੇ ਕਰਿੰਦਿਆਂ ਨੂੰ ਵੀ ਅੰਗਰੇਜੀ ਵੱਲ ਧਿਆਨ ਦੇਣ ਦੀ ਹਿਦਾਇਤ ਦੇ ਦਿੱਤੀ ਏ।

**ਗੱਲਾਂ ਤੋਂ ਅੱਗੇ ਕੰਮ ਦਾ ਵੇਲਾ**

ਇਹ ਸਾਰੀ ਤਸਵੀਰ ਵੇਖ ਕੇ ਸੁਭਾਵੀ ਸੁਆਲ ਇਹ ਪੈਦਾ ਹੁੰਦਾ ਏ ਕਿ ਕੀਤਾ ਕੀ ਜਾਵੇ। ਸਾਰ ਰੂਪ 'ਚ ਆਖਿਆ ਜਾ ਸਕਦਾ ਏ ਕਿ ਕੰਮ ਦਾ ਵੇਲਾ ਏ ਗੱਲਾਂ ਦਾ ਨਹੀਂ। ਪੰਜਾਬੀ ਦੀ ਸਰਦਾਰੀ ਬੱਸ ਚਾਹੁਣ ਨਾਲ ਨਹੀਂ ਹੋਈ। ਇਸ ਲਈ ਹਰੇਕ ਦੇ ਹਿੱਸਾ ਪਾਣ ਦੀ ਲੋੜ ਏ। ਹਰ ਜੀਅ ਇਹਨਾਂ 'ਚੋਂ ਤੇ ਕਈ ਹੋਰ ਤਰੀਕਿਆਂ ਨਾਲ ਹਿੱਸਾ ਪਾ ਸੱਕਦਾ ਏ- ਹਰ ਥਾਂ ਪੰਜਾਬੀ ਦੀ ਵਰਤੋਂ ਕਰੀਏ: ਪੰਜਾਬੀ ਦੋਖੀਆਂ ਦਾ ਵਿਰੋਧ ਹੋਵੇ ਪਰ ਬਾਕੀ ਕੰਮ ਵੀ ਵੱਡੇ ਪੱਧਰ 'ਤੇ ਕਰੀਏ, ਪੰਜਾਬੀ ਪੱਖੀ ਨੀਤੀਆਂ ਲਈ ਜਿੱਥੇ ਵੀ ਜਿਸ ਤਰ੍ਹਾਂ ਦਾ ਦਬਾਅ ਪਾਉਣ ਦੀ ਲੋੜ ਏ ਉਹ ਦਬਾਅ ਪਾਈਏ ਸਮਾਜ ਦੇ ਹਰ ਪੱਖ ਦੇ ਵਿਕਾਸ ਵਿੱਚ ਮਾਂ ਬੋਲੀ ਦੀ ਅਕੱਟ ਮਹੱਤਾ ਬਾਰੇ ਚੇਤਨਾ ਦਾ ਵੱਧ ਤੋਂ ਵੱਧ ਪ੍ਰਸਾਰ ਕਰੀਏ; ਲੋੜੀਂਦੀ ਪੰਜਾਬੀ ਸਮੱਗਰੀ ਪੈਦਾ ਕਰਨ 'ਚ ਹਿੱਸਾ ਪਾਈਏ ਤੇ ਤਿਆਰ ਸਮੱਗਰੀ ਨੂੰ ਮੱਕੜਜਾਲ 'ਤੇ ਹਾਸਲ ਕਰਾਈਏ, ਪੰਜਾਬੀ ਸੁਭਾਅ ਵਾਲੀ ਪੰਜਾਬੀ ਦੀ ਵਰਤੋਂ ਕਰੀਏ ਤੇ ਸੰਸਕ੍ਰਿਤਨੁਮਾ, ਫ਼ਾਰਸੀਨੁਮਾ ਤੇ ਅੰਗਰੇਜ਼ੀਨੁਮਾ ਪੰਜਾਬੀ ਤੋਂ ਖਹਿੜਾ ਛੁਡਾਈਏ। ਗਿਆਨ-ਵਿਗਿਆਨ, ਸੱਤਾ ਦੀਆਂ ਥਾਂਵਾਂ, ਰਸਮੀ ਸੰਚਾਰ ਆਦਿ ਲਈ ਲੋਕ ਬੋਲੀ ਦੀ ਵਰਤੋਂ ਨਾਲ ਲੋਕਾਂ ਦਾ ਆਪਣੀ ਬੋਲੀ ਵਿੱਚ ਭਰੋਸਾ ਬੱਝਦਾ ਏ ਤੇ ਇਹ ਅਮਲ ਲੋਕਾਂ ਦਾ ਸ਼ਕਤੀਕਰਣ ਕਰਦਾ ਏ।

ਗੁਰੂਆਂ-ਪੀਰਾਂ ਦੇ ਵਰੋਸਾਏ ਪੰਜਾਬੀ ਇਤਿਹਾਸ ਵਿੱਚ ਵੱਡੇ-ਵੱਡੇ ਘਾਣ ਝੱਲ ਕੇ ਵੀ ਮੁੜ-ਮੁੜ ਉੱਠ ਖਲੋਂਦੇ ਰਹੇ ਨੇ। ਉੱਠ ਈ ਨਹੀਂ ਖਲੋਂਦੇ ਰਹੇ, ਮਨੁੱਖਾ ਬਰਾਦਰੀ 'ਚ ਹਰ ਵਾਰ ਮੁੜ ਆਪਣੀ ਸ਼ਾਨਾਮੱਤੀ ਥਾਂ ਬਣਾਦੇ ਆਏ ਨੇ। ਮੈਨੂੰ ਆਸ ਏ ਕਿ ਪੰਜਾਬੀ ਕੌਮ ਪੰਜਾਬੀ ਨੂੰ ਬਚਾਉਣ ਤੇ ਇਸ ਦਾ ਬੋਲਬਾਲਾ ਕਰਾਉਣ ਦੀ ਵੱਡੀ ਚੁਣੌਤੀ ਨੂੰ ਵੀ ਸਰ ਕਰ ਲਵੇਗੀ।

ਸਭਨਾਂ ਜੀਆਂ ਨੂੰ ਮਾਂ ਬੋਲੀ ਦਿਹਾੜੇ ਦੀਆਂ ਵਧਾਈਆਂ ਜੀ!


ਲਿਖਾਰੀ ਬਾਰੇ- ਲਿਖਾਰੀ ਦੀ ਪੋਥੀ 'ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ - ਮਾਤ ਭਾਸ਼ਾ ਖੋਲ੍ਹਦੀ ਹੈ ਸਿੱਖਿਆ, ਗਿਆਨ, ਅਤੇ ਅੰਗਰੇਜ਼ੀ ਦੇ ਦਰਵਾਜ਼ੇ ਪੰਜਾਬੀ (ਗੁਰਮੁਖੀ ਤੇ ਸ਼ਾਹਮੁਖੀ), ਕੰਨੜ, ਤਾਮਿਲ, ਤੇਲੁਗੂ, ਮਰਾਠੀ, ਨੇਪਾਲੀ, ਮੈਥਿਲੀ, ਡੋਗਰੀ, ਕੋਸਲੀ, ਹਿੰਦੀ, ਤੇ ਅੰਗਰੇਜ਼ੀ ਵਿੱਚ ਹਾਸਲ ਹੈ। ਪੋਥੀ ਮੱਕੜਜਾਲ ਤੇ ਪਈ ਏ।

ਪੀਐਚ.ਡੀ (ਯੂਨੀਵਰਸਿਟੀ ਆਫ਼ ਯੌਰਕ, ਯੌਰਕ (ਯੂ.ਕੇ.)। ਕਾਮਲਵੈਲਥ ਵਜ਼ੀਫ਼ਾ ਪ੍ਰਾਪਤ (1990-93)।

ਪ੍ਰੋਫ਼ੈਸਰ ਭਾਸ਼ਾ ਵਿਗਿਆਨ (ਸੇਵਾਮੁਕਤ) ਅਤੇ ਸਾਬਕਾ ਮੁਖੀ, ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।


ਮੋਢੀ ਤੇ ਹਾਲੀਆ ਪ੍ਰਧਾਨ, ਕੈਂਪੇਨ ਫ਼ਾਰ ਲੈਂਗੁਏਜ ਇਕੁਐਲਿਟੀ ਐਂਡ ਰਾਈਟਸ, ਚੈਨਈ।

jogasinghvirk@yahoo.co.in,
+91-9988531582 (ਵਟਸਐਪ)

# ਮੁਸ਼ਕਿਲਾਂ ਦਾ ਦੌਰ ਸ਼ੁਰੂ
## (ਭਾਗ-3)

ਸੁਰਿੰਦਰ ਸੰਘਾ

ਪੰਜਾਬੀਆਂ ਦੇ ਕਨੇਡਾ ਆਉਣ ਤੋਂ ਪਹਿਲਾਂ ਹੀ ਇੱਥੋਂ ਦੇ 'ਆਦਿ-ਵਾਸੀਆਂ', ਚੀਨਿਆਂ ਅਤੇ ਜਾਪਾਨੀਆਂ ਨਾਲ ਨਸਲੀ ਵਿਤਕਰਾ ਜ਼ੋਰਾਂ ਨਾਲ ਹੋ ਰਿਹਾ ਸੀ। ਪੂਰਬ ਤੋਂ ਪੱਛਮ ਤੱਕ ਰੇਲਵੇ ਦਾ ਨਿਰਮਾਣ ਪੂਰਾ ਹੋ ਗਿਆ ਸੀ। ਰੇਲਵੇ ਵਿੱਚ ਸਸਤੇ ਚੀਨੀ ਕਾਮਿਆਂ ਦੀ ਜ਼ਰੂਰਤ ਨਾ ਰਹਿਣ ਕਾਰਨ ਉਹ ਹੋਰ ਖੇਤਰਾਂ ਵਿੱਚ ਕੰਮ ਭਾਲਣ ਲਗ ਪਏ ਸਨ। ਚੀਨ, ਜਾਪਾਨ ਅਤੇ ਭਾਰਤ ਤੋਂ ਹੋਰ ਲੋਕ ਭਾਰੀ ਗਿਣਤੀ ਵਿੱਚ ਲਗਾਤਾਰ ਆ ਰਹੇ ਸਨ। ਇਸ ਨਾਲ ਗੋਰੇ ਕਾਮਿਆਂ ਨੂੰ ਆਪਣੀਆਂ ਨੌਕਰੀਆਂ ਦਾ ਖ਼ਤਰਾ ਮਹਿਸੂਸ ਹੋਣ ਲਗ ਪਿਆ। ਵੈਸੇ ਵੀ ਉਸ ਸਮੇਂ ਕਨੇਡਾ ਵਿੱਚ ਮੰਦਵਾੜੇ ਦਾ ਦੌਰ ਚੱਲ ਰਿਹਾ ਸੀ। ਰੰਗਦਾਰ ਕਾਮੇ ਘੱਟ ਤਨਖ਼ਾਹ 'ਤੇ ਕੰਮ ਕਰਨ ਲਈ ਤਿਆਰ ਰਹਿੰਦੇ ਸਨ। ਜਿਸ ਨਾਲ ਗੋਰੇ ਕਾਮਿਆਂ ਵਿੱਚ ਏਸ਼ੀਅਨਾਂ ਦੇ ਵਿਰੁੱਧ ਈਰਖਾ ਹੋਰ ਵੱਧ ਗਈ। ਉਹ ਆਪਣੀ ਰੋਜ਼ੀ ਰੋਟੀ ਬਾਰੇ ਹੋਰ ਚਿੰਤਾਤਰ ਹੋਣ ਲੱਗ ਪਏ ਜੋ ਕਿ ਕੁਦਰਤੀ ਅਤੇ ਸੁਭਾਵਕ ਵੀ ਸੀ। ਇੱਕ ਹੋਰ ਕਾਰਨ, ਉਹ ਇਹ ਸੀ, ਜੋ ਗੋਰੇ ਕਾਮਿਆਂ ਅਤੇ ਭਾਰਤੀ ਕਾਮਿਆਂ ਵਿੱਚ ਵਿਰੋਧ ਪੈਦਾ ਕਰਦਾ ਸੀ, ਕਿ ਗੋਰੇ ਮਜ਼ਦੂਰ ਪਹਿਲਾਂ ਤੋਂ ਹੀ ਸਰਮਾਏਦਾਰ ਦੁਨੀਆਂ ਵਿੱਚ ਪੈਦਾ ਹੋਏ ਸਨ, ਉਹਨਾਂ ਵਿੱਚ ਸਨਅੱਤੀ ਕਾਮਿਆਂ ਵਾਲੇ ਵਿਵਹਾਰ ਪੈਦਾ ਹੋ ਚੁੱਕੇ ਸਨ। ਉਹ ਲਗਾਤਾਰ ਆਪਣੇ ਆਪ ਨੂੰ ਮਜ਼ਦੂਰ ਯੂਨੀਅਨਾਂ ਵਿੱਚ ਸ਼ਾਮਿਲ ਹੋ ਕੇ ਜੱਥੇਬੰਦ ਹੋ ਰਹੇ ਸਨ। ਏਸ਼ੀਆਈ ਕਾਮੇ ਘੱਟ ਮਜ਼ਦੂਰੀ 'ਤੇ ਕੰਮ ਕਰਨ ਨੂੰ ਤਿਆਰ ਰਹਿੰਦੇ ਸਨ। ਇਸ ਕਰ ਕੇ ਏਸ਼ੀਅਨਾਂ ਦੇ ਵਿਰੁੱਧ ਗੋਰੇ ਕਾਮਿਆਂ ਦਾ ਵਿਰੋਧ ਸੁਭਾਵਕ ਵੀ ਸੀ। ਪੰਜਾਬੀਆਂ ਵਿਰੁੱਧ ਤਾਂ ਵਿਤਕਰਾ ਹੋਰ ਵੱਧ ਸੀ ਕਿਉਂਕਿ ਇਹਨਾਂ ਦਾ ਪਹਿਰਾਵਾ ਅਤੇ ਸ਼ਕਲ ਬਿਲਕੁਲ ਵੱਖਰੀ ਸੀ। ਉਨ੍ਹਾਂ ਦੀ ਦਿੱਖ, ਵੱਖਰੀ ਕਿਸਮ ਦਾ ਸਭਿਆਚਾਰ ਅਤੇ ਰੀਤੀ ਰਿਵਾਜਾਂ ਕਰ ਕੇ ਕਨੇਡੀਅਨਾਂ ਲਈ ਉਨ੍ਹਾਂ ਨੂੰ ਨਿਸ਼ਾਨਾਂ ਬਣਾਉਣਾ ਸੌਖਾ ਸੀ। ਨਵੇਂ ਆਏ ਲੋਕਾਂ ਕਾਰਨ ਆਮ ਧੰਦਿਆਂ ਵਿੱਚ ਲੱਗੇ ਲੋਕਾਂ ਵਿੱਚ ਆਪਣੀਆਂ ਨੌਕਰੀਆਂ ਖੁਸਣ ਦਾ ਖ਼ਤਰਾ ਵੱਧ ਲੱਗਣ ਲੱਗ ਪਿਆ। ਆਵਾਸੀਆਂ ਪ੍ਰਤੀ ਸਵਾਸੀਆਂ ਦੇ ਮਨਾਂ ਵਿੱਚ ਨਸਲਵਾਦੀ ਜ਼ਹਿਰ ਭਰਨ ਵਿੱਚ ਵੈਨਕੂਵਰ ਦੇ ਅਖ਼ਬਾਰਾਂ, ਜਿਵੇਂ 'ਵੈਨਕੂਵਰ ਸੰਨ', 'ਪਰੋਵਿੰਸ', 'ਦਾ ਵਰਲਡ' ਆਦਿ ਨੇ ਨਸਲੀ ਵਿਤਕਰੇ ਅਤੇ ਨਫ਼ਰਤ ਫੈਲਾਉਣ ਵਿੱਚ ਕੋਈ ਕਸਰ ਨਾ ਰੱਖੀ। ਵੱਖੋ ਵੱਖਰੀਆਂ ਸੁਰਖੀਆਂ ਲਾ ਕੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। "ਭਾਰਤੀਆਂ ਦੇ ਵਿਰੁੱਧ ਪ੍ਰਚਾਰ ਸੀ ਕਿ ਇਹਨਾਂ ਵਿੱਚ ਬਹੁ-ਵਿਆਹ ਦਾ ਰਿਵਾਜ, ਇਹਨਾਂ ਦੀਆਂ ਆਦਤਾਂ ਗੰਦੀਆਂ ਹਨ, ਅਤੇ ਇਹ ਬਹੁਤ ਸਾਰੀਆਂ ਬਿਮਾਰੀਆਂ ਦੇ ਸ਼ਿਕਾਰ ਹਨਦਾ ਝੂਠ



ਫੈਲਾਇਆ ਗਿਆ। ਹਿੰਦੂ ਧਰਮ ਅਤੇ ਸਿੱਖਾਂ ਦੀਆਂ ਰਸਮਾਂ ਅਤੇ ਆਚਾਰ ਬਾਰੇ ਬਹੁਤ ਕੁਝ ਨਾਂਹ ਪੱਖੀ ਕਿਹਾ ਗਿਆ।" ਇਸ ਪ੍ਰਚਾਰ ਵਿੱਚ ਸਥਾਨਕ ਸਿਆਸਤਦਾਨ ਵੀ ਵੋਟਾਂ ਖ਼ਾਤਰ ਨਸਲੀ ਜ਼ਹਿਰ ਉੱਗਲਣ ਵਿੱਚ ਵੀ ਪਿੱਛੇ ਨਹੀਂ ਰਹੇ ਸਨ। 18 ਅਕਤੂਬਰ, 1906 ਨੂੰ ਗੋਰੇ ਨਸਲਵਾਦੀਆਂ ਨੇ ਵੈਨਕੂਵਰ ਦੇ ਟਾਊਨ ਹਾਲ ਵਿੱਚ ਪਬਲਿਕ ਇਕੱਠ ਕਰ ਕੇ ਨਵੇਂ ਆਏ ਭਾਰਤੀਆਂ ਦੇ ਵਿਰੁੱਧ ਕਾਫ਼ੀ ਜ਼ਹਿਰ ਉਗਲਿਆ। ਉਹਨਾਂ ਦੇ ਰਹਿਣ ਸਹਿਣ ਬਾਰੇ ਕਾਫ਼ੀ ਊਲ ਜਲੂਲ ਬੋਲਿਆ। ਮੁਖ ਤੌਰ 'ਤੇ ਇਹ ਜ਼ਹਿਰ ਉਗਲਿਆ ਕਿ ਇਹ ਲੋਕ ਗੰਦੇ ਹਨ। ਇਹਨਾਂ ਨੂੰ ਕਈ ਬਿਮਾਰੀਆਂ ਹਨ। ਇਨ੍ਹਾਂ ਲੋਕਾਂ ਦੀ ਆਮਦ ਕਾਰਨ ਗੋਰੇ ਲੋਕਾਂ ਦੀ ਆਮਦਨੀ ਕਾਫ਼ੀ ਘੱਟ ਗਈ ਹੈ, ਕਿਉਂਕਿ ਇਹ ਲੋਕ ਘੱਟ ਤਨਖ਼ਾਹ 'ਤੇ ਕੰਮ ਕਰਨ ਲੱਗ ਪੈਂਦੇ ਹਨ। ਇਸ ਝੂਠੇ ਭੰਡੀ ਪ੍ਰਚਾਰ ਨਾਲ ਭਾਰਤੀਆਂ ਦੇ ਗੌਰਵ ਨੂੰ ਧੱਕਾ ਲੱਗਣਾ ਸੁਭਾਵਕ ਹੀ ਸੀ। ਗੋਰਿਆਂ ਦੇ ਮੁਲਕ ਵਿੱਚ ਇਸ ਤਰ੍ਹਾਂ ਦੀ ਬੇਇੱਜ਼ਤੀ, ਅਪਮਾਨ ਅਤੇ ਹੇਠੀ ਉਹਨਾਂ ਵਿੱਚ ਕੌਮੀ ਜਾਗ੍ਰਿਤੀ ਪੈਦਾ ਕਰਨ, ਆਪਣੇ ਹੱਕਾਂ ਦੀ ਰਾਖੀ ਕਰਨ ਅਤੇ ਜੱਥੇਬੰਦੀ ਬਣਾਉਣ ਵੱਲ ਨੂੰ ਜਾਣ ਦਾ ਰਾਹ ਖੋਹਲਣ ਲਈ ਸਹਾਈ ਹੋਈ। ਮੁੱਢਲੇ ਦੌਰ ਵਿੱਚ ਕਨੇਡਾ ਆਏ ਭਾਰਤੀਆਂ ਨੂੰ ਮਲਕਾ ਵਿਕਟੋਰੀਆ ਦੇ ਵਾਅਦਿਆਂ 'ਤੇ ਪੂਰਾ ਵਿਸ਼ਵਾਸ ਸੀ। ਛੁੱਟੀ ਵਾਲੇ ਦਿਨ ਉਹ ਫ਼ੌਜੀ ਵਰਦੀਆਂ, ਫ਼ੌਜ ਵਿੱਚੋਂ ਬਹਾਦਰੀ ਵਾਲੇ ਮਿਲੇ ਤਗਮੇਂ ਆਪਣੀਆਂ ਹਿੱਕਾਂ 'ਤੇ ਅਤੇ ਮਿਲੇ ਪ੍ਰਮਾਣ ਪੱਤਰ ਆਪਣੀਆਂ ਜੇਬਾਂ ਵਿੱਚ ਪਾ ਕੇ ਸ਼ਹਿਰਾਂ ਵਿੱਚ ਬੜੇ ਮਾਣ ਨਾਲ ਜਾਂਦੇ। ਆਮ ਲੋਕਾਂ ਨੂੰ ਬਰਤਾਨਵੀ ਸਲਤਨਤ ਨੂੰ ਦਿੱਤੀਆਂ ਸੇਵਾਵਾਂ ਦਾ ਵਿਖਾਵਾ ਕਰਦੇ ਹੋਏ ਮਾਣ ਮਹਿਸੂਸ ਕਰਦੇ ਸਨ। ਉਹ ਇਹ ਵੀ ਦੱਸਣ ਦਾ ਯਤਨ ਕਰਦੇ ਕਿ ਅਸੀਂ ਵੀ ਬ੍ਰਿਟਿਸ਼ ਸਾਮਰਾਜ ਦੀ ਰਾਖੀ ਲਈ ਘੱਟ ਕੁਰਬਾਨੀਆਂ ਨਹੀਂ ਕੀਤੀਆਂ। ਔਕੜਾਂ ਅਤੇ ਕਠਿਨਾਈਆਂ ਦੇ ਵਿੱਚੋਂ ਲੰਘਦੇ ਹੋਏ ਵੀ ਹਿੰਦੀਆਂ ਨੇ ਹੌਂਸਲਾ ਬੁਲੰਦ ਰੱਖਿਆ।

ਲੱਕੜ ਮਿੱਲਾਂ, ਫਾਰਮਾਂ, ਕੇਨਰੀਆਂ ਆਦਿ ਵਿੱਚ ਕੰਮ ਲੱਭ ਲਏ। ਜੇਕਰ ਕੋਈ ਕੰਮ ਤੋਂ ਵਿਹਲਾ ਹੋ ਜਾਂਦਾ, ਉਸ ਦੀ ਹਰ ਤਰ੍ਹਾਂ ਮੱਦਦ ਕੀਤੀ ਜਾਂਦੀ ਸੀ। ਜੇਕਰ ਕਿਸੇ ਨੂੰ ਕੰਮ ਲੱਭਣ ਲਈ ਦੋਭਾਸ਼ੀਏ ਦੀ ਲੋੜ ਪੈਂਦੀ, ਜੋ ਇੰਗਲਿਸ਼ ਜਾਣਦਾ ਸੀ, ਨਾਲ ਤੁਰੰਤ ਪੂਰੀ ਕੀਤੀ ਜਾਂਦੀ ਸੀ। ਪੰਜਾਬੀ ਤਕੜੇ ਅਤੇ ਸਿਰੜੀ ਹੋਣ ਕਾਰਨ, ਉਨ੍ਹਾਂ ਨੂੰ ਲੱਕੜ ਮਿੱਲਾਂ ਆਦਿ ਦੇ ਹੱਡ-ਭੰਨਵੇਂ ਕੰਮ ਜੋ ਹੋਰ ਲੋਕ ਨਹੀਂ ਕਰਦੇ ਸਨ, ਮਿਲ ਜਾਂਦੇ ਸਨ। ਉਹ ਰਲ ਮਿਲ ਕੇ ਟੋਲੀਆਂ ਵਿੱਚ ਰਹਿੰਦੇ ਸਨ। ਆਪਸ ਵਿੱਚ ਉਹ ਰਲ ਮਿਲ ਕਿ ਰਹਿੰਦੇ। ਨਵੇਂ ਦੇਸ਼ ਵਿੱਚ ਆਇਆਂ ਨੂੰ ਜੋ ਨਵੀਆਂ ਮੁਸ਼ਕਿਲਾਂ ਆਉਂਦੀਆਂ ਸਾਰਿਆਂ ਨਾਲ ਸਾਂਝੀਆਂ ਕਰ ਕੇ ਮਨ ਹੌਲਾ ਕਰ ਲੈਂਦੇ। ਜੇਕਰ ਕੋਈਕੰਮ ਤੋਂ ਵਿਹਲਾ ਹੋ ਜਾਂਦਾ ਉਸ ਨੂੰ ਮੁਫ਼ਤ ਸਹੂਲਤਾਂ ਦਿੱਤੀਆਂ ਜਾਂਦੀਆਂ। ਕੰਮ ਲੱਭਣ ਵਿੱਚ ਮੱਦਦ ਕੀਤੀ ਜਾਂਦੀ ਸੀ। "ਬਹੁਤ ਸਾਰੀਆਂ ਲੱਕੜ ਮਿੱਲਾਂ ਵਿੱਚ ਕਾਮਿਆਂ ਨੂੰ ਰਹਿਣ ਲਈ ਰਿਹਾਇਸ਼ (ਬੰਕ ਹਾਊਸ) ਦੀ ਸਹੂਲਤ ਆਮ ਸੀ। ਇਨ੍ਹਾਂ ਦਾ ਕਿਰਾਇਆ ਬਹੁਤ ਹੀ ਘੱਟ ਹੁੰਦਾ ਸੀ।" "ਇਸ ਸੰਬੰਧੀ ਅਜੋਕੀ ਫਰੇਜ਼ਰ ਮਿੱਲ ਜੋ ਕੇ ਕੁਝ ਸਾਲ ਪਹਿਲਾਂ ਬੰਦ ਹੋ ਗਈ ਹੈ ਦੇ 'ਫਰੇਜ਼ਰ ਮਿਲਜ਼ ਟਾਊਨਸਾਈਟ' ਜਿਸ ਵਿੱਚ ਘਰਾਂ ਤੋਂ ਇਲਾਵਾ ਜਿੱਥੇ ਬੰਕ ਹਾਊਸ ਵੀ ਸਨ ਦੀ 1910 ਦੀ ਰਾਏ-ਸ਼ੁਮਾਰੀ ਮੁਤਾਬਕ 943 ਲੋਕ ਮਿੱਲ ਦੇ ਨਾਲ ਬਣੀ ਬਸਤੀ ਵਿੱਚ ਰਹਿੰਦੇ ਸਨ :

| | |
|---|---|
| ਗੋਰੇ | 615 |
| ਜਪਾਨੀ | 66 |
| ਚੀਨੇ | 24 |
| ਹਿੰਦੂ | 172 |

ਅਤੇ ਕੁਝ ਹੋਰ 66, ਸੋ ਸਾਰੇ ਕੁਲ ਰਹਿਣ ਵਾਲੇ 943 ਸਨ। ਕੁਝ ਬੰਕ ਹਾਊਸਾਂ ਬਾਰੇ ਕਨੇਡਾ ਵਿੱਚ ਭਾਰਤੀ ਭਾਈਚਾਰਾ ਬਹੁਤ ਸਾਲ 'ਮਰਦ' ਪ੍ਰਧਾਨ ਹੀ ਰਿਹਾ ਸੀ ਕਿਉਂਕਿ ਨਸਲਵਾਦੀ ਕਾਨੂੰਨਾਂ ਕਾਰਨ ਪਰਿਵਾਰ ਮੰਗਣਾਉਣ ਵਿੱਚ ਬਹੁਤ ਰੁਕਾਵਟਾਂ ਸਨ। ਜੋ ਲੋਕ 'ਸਿੱਧੇ ਸਫ਼ਰ' ਦੇ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਕਨੇਡਾ ਆਏ ਹੋਏ ਸਨ ਉਨ੍ਹਾਂ ਨੂੰ ਵੀ ਆਪਣੇ ਪਰਿਵਾਰ ਨਾ ਮੰਗਵਾਉਣ ਦਿੱਤੇ ਗਏ।

ਜ਼ਿਆਦਾਤਰ ਉਹ ਲੱਕੜ ਮਿੱਲਾਂ ਵਿੱਚ ਹੀ ਕੰਮ ਕਰਦੇ ਸਨ। ਮਿੱਲ ਮਾਲਕਾਂ ਵੱਲੋਂ ਬਣਾਏ ਬੰਕ ਹਾਊਸਾਂ ਵਿੱਚ ਸਾਰੀਆਂ

ਨਸਲਾਂ ਦੇ ਲੋਕ ਵੱਖ-ਵੱਖ ਪਾਸੇ ਰਹਿੰਦੇ ਸਨ। ਇਨ੍ਹਾਂ ਵਿੱਚ ਰਹਿਣ ਵਾਲੀਆਂ ਹਾਲਤਾਂ ਬਹੁਤ ਸਿਹਤਮੰਦ ਨਹੀਂ ਸਨ। ਵਾਸ਼ਰੂਮ ਜਾਣ ਲਈ ਮਿੱਲਾਂ ਵਿੱਚ ਹੀ ਜਾਣਾ ਪੈਂਦਾ ਸੀ। ਪਰਿਵਾਰਕ ਜ਼ਿੰਦਗੀ ਦੀ ਅਣਹੋਂਦ ਸੀ। ਬਹੁਤ ਹੀ ਰੁੱਖੀ ਜਿਹੀ ਜ਼ਿੰਦਗੀ ਬਤੀਤ ਕਰਦੇ ਸਨ। ਆਪਣੇ ਦੁੱਖੜੇ ਸਾਂਝੇ ਕਰ ਕੇ ਉਹ ਬੰਕ ਹਾਊਸਾਂ ਵਿੱਚ ਹੀ ਆਪਣਾ ਮਨ ਹੌਲਾ ਕਰ ਲੈਂਦੇ ਸਨ। ਸਭ ਤੋਂ ਵਧੀਆ ਗੱਲ ਇਹ ਸੀ ਕਿ ਉਹ ਰਲ ਮਿਲ ਕੇ ਬਗ਼ੈਰ ਕਿਸੇ ਧਾਰਮਿਕ ਅਤੇ ਜਾਤਪਾਤ ਮੱਤਭੇਦ ਦੇ ਰਹਿੰਦੇ ਸਨ। ਇਨ੍ਹਾਂ ਬੰਕ ਹਾਊਸਾਂ ਵਿੱਚ ਸਿੱਖਾਂ ਨੇ ਗੁਰਦਵਾਰੇ ਵੀ ਬਣਾਏ ਹੋਏ ਸਨ। ਕਾਮਿਆਂ ਦੇ ਵਿੱਚ ਪਈ ਨਸਲੀ ਵੰਡ ਪਈ ਹੋਈ ਸੀ, ਜਿਸ ਦਾ ਮਿੱਲ ਮਾਲਕ ਲਾਭ ਉਠਾਉਂਦੇ ਸਨ। ਕਾਮਿਆਂ ਦੀ ਆਪਸੀ ਵੰਡ ਕਾਰਨ ਮਾਲਕਾਂ ਨੂੰ ਯੂਨੀਅਨਾਂ ਬਣਨ ਦਾ ਖ਼ਤਰਾ ਘੱਟ ਰਹਿੰਦਾ ਸੀ। ਉਹ ਕਾਮਿਆਂ ਦੀਆਂ ਉਜਰਤਾਂ ਵੀ ਸਰਕਾਰ ਦੀ ਸਹਿਮਤੀ ਨਾਲ ਨਸਲੀ ਆਧਾਰ ’ਤੇ ਮੁਕੱਰਰ ਕਰਦੇ ਸਨ। ਗੋਰੇ ਕਾਮਿਆਂ ਨਾਲੋਂ ਏਸ਼ੀਅਨਾਂ ਨੂੰ ਘੱਟ ਤਨਖ਼ਾਹ ਅਤੇ ਔਖਾ ਕੰਮ ਦਿੱਤਾ ਜਾਂਦਾ ਸੀ। ਕੰਮਾਂ ’ਤੇ ਵੀ ਉਨ੍ਹਾਂ ਨੂੰ ਸਭ ਤੋਂ ਬਾਅਦ ਰੱਖਿਆ ਜਾਂਦਾ ਸੀ ਅਤੇ ਹਟਾਇਆ ਸਭ ਤੋਂ ਪਹਿਲਾਂ। ਮਾਲਕਾਂ ਨੇ ਏਸ਼ੀਅਨਾਂ ਨੂੰ ਕੰਮਾਂ ’ਤੇ ਰੱਖਣ ਲਈ ਠੇਕੇਦਾਰ ਰੱਖੇ ਹੋਏ ਸਨ, ਉਹ ਹੀ ਕਾਮਿਆਂ ਤੋਂ ਬੰਕ ਹਾਊਸਾਂ ਦਾ ਹਰ ਮਹੀਨੇ ਕਰਾਇਆ ਲੈਂਦੇ ਸਨ। ਇਹ ਕਾਮੇ ਲੰਬੇ ਘੰਟੇ ਕੰਮ ਕਰਦੇ ਸਨ ਅਤੇ ਇਨ੍ਹਾਂ ਦਾ ਹੋਰ ਲੋਕਾਂ ਨਾਲ ਮਿਲਾਪ ਬਹੁਤ ਘੱਟ ਸੀ। ਗੱਲ ਕੀ ਕਿ ਇਨ੍ਹਾਂ ਦੀ ਜ਼ਿੰਦਗੀ ਬਹੁਤ ਹੀ ਸੀਮਤ ਹੱਦਾਂ ਵਿੱਚ ਬੰਦ ਸੀ। ਇਹ ਪੰਜਾਬੀ ਲੋਕ ਆਪਣਾ ਪਰਿਵਾਰਕ ਜੀਵਨ ਛੱਡ ਕੇ ਵਧੀਆ ਜ਼ਿੰਦਗੀ ਜੀਉਣ ਲਈ ਕਨੇਡਾ ਆਏ ਸਨ। ਅੱਤ ਦੇ ਨਸਲਵਾਦ ਨੇ ਉਨ੍ਹਾਂ ਨੂੰ ਬਹੁਤ ਹੀ ਛੋਟੀ ਜਿਹੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਨ੍ਹਾਂ ਬੰਕ ਹਾਊਸਾਂ ਵਿੱਚ ਰਹਿਣ ਨਾਲ ਉਨ੍ਹਾਂ ਵਿੱਚ ਇੱਕ ਦੂਜੇ ਦਾ ਸਾਥ ਅਤੇ ਮੱਦਦ ਕਰਨ ਦੀਆਂ ਭਾਵਨਾਵਾਂ ਦਾ ਅਹਿਸਾਸ ਹੋਣ ਲੱਗ ਪਿਆ ਸੀ। ਜਿਸ ਨਾਲ ਉਨ੍ਹਾਂ ਵਿੱਚ ਧਾਰਮਿਕ, ਜ਼ਾਤਪਾਤ ਅਤੇ ਇਲਾਕਾਈ ਵਿਖਰੇਵੇਂ ਦੂਰ ਹੋਣਲੱਗ ਪਏ ਸਨ ਜਿਸ ਤਰ੍ਹਾਂ ਉਪਰ ਵਰਨਣ ਕੀਤਾ ਹੈ ਕਿ ਜੋ ਵੀ ਕੰਮ ਉਨ੍ਹਾਂ ਨੂੰ ਮਿਲਦਾ, ਉਸ ਨੂੰ ਉਹ ਖ਼ੁਸ਼ੀ ਨਾਲ ਕਰਦੇ। ਉਸ ਸਮੇਂ ਲੱਕੜ ਸਨਅੱਤ ਦਾ ਕਾਫ਼ੀ ਵਿਕਾਸ ਹੋ ਰਿਹਾ ਸੀ। ਇਹ ਕੰਮ ਬਹੁਤ ਭਾਰਾ, ਗੰਦਾ ਅਤੇ ਖ਼ਤਰਿਆਂ ਭਰਪੂਰ ਸੀ।

ਨਵੇਂ ਆਇਆਂ ਪਰਵਾਸੀਆਂ ਨੇ ਇਨ੍ਹਾਂ ਖ਼ਤਰਿਆਂ ਦੀ ਪਰਵਾਹ ਕੀਤੇ ਬਗ਼ੈਰ ਇਸ ਸਨਅੱਤ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ । ਉਹ ਜਲਦੀ ਹੀ ਮਿੱਲ ਮਾਲਕਾਂ ਦੀ ਪਸੰਦ ਬਣ ਗਏ ਸਨ। ਗੋਰੇ ਮਜ਼ਦੂਰ ਭਾਰਤੀਆਂ ਦੀ ਸਸਤੀ ਮਜ਼ਦੂਰੀ ਕਾਰਨ ਉਨ੍ਹਾਂ ਦੇ ਕੱਟੜ ਵਿਰੋਧੀ ਹੋ ਗਏ। ਉਹਨਾਂ ਨੂੰ ਡਰ ਪੈਦਾ ਹੋ ਗਿਆ ਸੀ ਕਿ ਭਾਰਤੀ ਸਸਤੇ ਮਜ਼ਦੂਰ ਉਹਨਾਂ ਦੀਆਂ ਨੌਕਰੀਆਂ ਨੂੰ ਖ਼ਤਰੇ ਵਿੱਚ ਪਾ ਰਹੇ ਹਨ । ਸਾਰੀਆਂ ਔਕੜਾਂ ਨੂੰ ਝੱਲਦੇ ਹੋਏ ਉਨ੍ਹਾਂ ਨੇ ਹੌਂਸਲਾ ਨਾ ਹਾਰਿਆ। ਆਪਣੇ ਆਪ ਨੂੰ ਆਰਥਿਕ ਤੌਰ ’ਤੇ ਪੱਕੇ ਪੈਰੀਂ ਵੀ ਕਰ ਲਿਆ ਸੀ। “ਉਨ੍ਹਾਂ ਨੇ ਸਖ਼ਤ ਮਿਹਨਤ ਕਰ ਕੇ ਕਾਫ਼ੀ ਜਾਇਦਾਦਾਂ ਵੀ ਬਣਾ ਲਈਆਂ ਸਨ । ਪ੍ਰੰਤੂ ਇਹ ਸਾਰਾ ਕੁਝ ਹੋਣ ਦੇ ਬਾਵਜੂਦ ਉਥੋਂ ਦੇ ਸਮਾਜ ਵਿੱਚ ਉਨ੍ਹਾਂ ਦਾ ਕੋਈ ਸਤਿਕਾਰ ਨਹੀਂ ਸੀ” (ਲਾਲ ਸਿੰਘ ਗਿਆਨੀ, ‘ਪੰਜਾਬ ਦੀ ਵੀਰ ਪ੍ਰੰਪਰਾ’, ਸਫ਼ਾ-192) ਇਸ ਸੀਮਤ ਜਿਹੀ ਜ਼ਿੰਦਗੀ ਨਾਲ ਵੀ ਉਹ ਖ਼ੁਸ਼ ਰਹਿੰਦੇ, ਆਪਸ ਵਿੱਚ ਆਪਣੇ ਦੁਖੜੇ ਸਾਂਝੇ ਕਰ ਕੇ ਮਨ ਹੌਲਾ ਕਰ ਲੈਂਦੇ। ਠੇਕੇਦਾਰੀ ਸਿਸਟਮ ਸਿਸਟਿਮ ਵਿੱਚ ਕਾਮਿਆਂ ਦੀ ਬਹੁਤ ਹੀ ਲੁੱਟ ਹੁੰਦੀ ਸੀ । ਬਹੁਤ ਸਾਰੇ ਨਵੇਂ ਆਏ ਲੋਕਾਂ ਨੂੰ ਇੰਗਲਿਸ਼ ਨਹੀਂ ਆਉਂਦੀ ਸੀ, ਉਨ੍ਹਾਂ ਨੂੰ ਕੰਮ ਦੇਣ ਵਿੱਚ ਇਹ ਠੇਕੇਦਾਰ ਮੱਦਦ ਕਰਦੇ ਸਨ। ਕਈ ਵਾਰ ਤਾਂ ਇਹ ਠੇਕੇਦਾਰ ਸਿੱਧੇ ਇਨ੍ਹਾਂ ਦੇਸ਼ਾਂ ਤੋਂ ਆਪ ਲੋਕਾਂ ਨੂੰ ਭਰਤੀ ਕਰ ਕੇ ਲਿਆਉਂਦੇ ਸਨ। ਇਹ ਠੇਕੇਦਾਰ ਸਿੱਧੇ ਮਿੱਲ ਮਾਲਕਾਂ ਨੂੰ ਕਾਮੇ ਦਿੰਦੇ ਸਨ। ਉਨ੍ਹਾਂ ਦੀ ਤਨਖ਼ਾਹ ਵੀ ਆਪ ਹੀ ਲੈਂਦੇ ਅਤੇ ਮਰਜੀ ਨਾਲ ਕਟੌਤੀਆਂ ਕਰ ਕੇ ਵਰਕਰਾਂ ਨੂੰ ਦਿੰਦੇ ਸਨ। ਕਾਮਿਆਂ ਦੀ ਲੁੱਟ ਬਹੁਤ ਹੁੰਦੀ ਸੀ। ਇਹ ਠੇਕੇਦਾਰ ਆਪ ਹੀ ਇਨ੍ਹਾਂ ਦੇ ‘ਬੌਸ’ ਸਨ। ‘ਜੋਅ ਮਾਈਅਜ਼ਾਵਾ’ ਜੋ ਕੇ ‘ਵੁੱਡ ਵਰਕਰਜ਼ ਯੂਨੀਅਨ’ ਵਿੱਚ ਕਾਮਿਆਂ ਨੂੰ ਜੱਥੇਬੰਦ ਕਰਨ ਦਾ ਕੰਮ ਕਰਦਾ ਸੀ ਦੇ ਅਨੁਸਾਰ “ਇਹ ਸਿਸਟਮ ਵੱਡੀਆਂ ਮਿੱਲਾਂ ਵਿੱਚ ਆਮ ਸੀ ਉੱਥੇ ਹਮੇਸ਼ਾਂ ‘ਜਾਪਾਨੀ ਬੌਸ’ ਜੋ ਕੇ ਆਪਣੀ ਚੈਕ ਆਪ ਲਿਖਦਾ ਸੀ ਕਿਉਂਕਿ ਉਹ ਕਾਮਿਆਂ ਨੂੰ ਆਪ ਰੱਖਦਾ ਸੀ। ਇਸੇ ਤਰ੍ਹਾਂ ਉਹ ਅੱਗੇ

ਆਖਦਾ ਹੈ, ਚੀਨਿਆਂ ਦਾ "ਬੌਸ ਅਤੇ ਈਸਟ ਇੰਡੀਆਂ ਦਾ 'ਬੌਸ', ਜੋ ਕੇ ਮਿੱਲ ਮਾਲਕਾਂ ਹੀ ਬਹੁਤ ਹੀ ਲਾਭਦਾਇਕ ਸੀ।" ਕਾਮਿਆਂ ਦੀ ਨਸਲੀ ਆਧਾਰ 'ਤੇ ਵੰਡ ਮਿੱਲ ਮਾਲਕਾਂ ਦੇ ਬਹੁਤ ਰਾਸ ਆਉਂਦੀ ਸੀ। ਇਹ ਸਾਰੇ ਕਾਮੇ ਮਿਲਾਂ ਦੇ ਨਾਲ ਲੱਗਦੇ 'ਬੱਕ ਹਾਊਸਾਂ' ਵਿੱਚ ਰਹਿੰਦੇ ਸਨ। ਇਨ੍ਹਾਂ ਦਾ ਕਰਾਇਆ ਵੀ ਠੇਕੇਦਾਰ ਲੈਂਦਾ ਸੀ। ਸਾਰੀਆਂ ਕਟੌਤੀਆਂ ਕਰ ਕੇ ਉਹ ਕਾਮਿਆਂ ਨੂੰ ਤਨਖ਼ਾਹਾਂ ਦਿੰਦਾ ਸੀ। ਫਰੇਜ਼ਰ ਰਿਵਰ ਆਰਾ- ਮਿਲ ਵਿੱਚ ਕੰਮ ਕਰਦੇ ਭਾਰਤੀ ਅਸੰਤੁਸ਼ਟ ਕਾਮੇ ਇੱਕ ਵਾਰ ਤਾਂ ਅੱਕੇ ਹੋਏ ਭਾਰਤੀ 'ਠੇਕੇਦਾਰ' ਉਧੋ ਰਾਮ ਦੀਆਂ ਮੰਨਮਾਨੀਆਂ ਵਿਰੁੱਧ ਹੜਤਾਲ 'ਤੇ ਵੀ ਚੱਲੇ ਗਏ ਸੀ। ਇਹ ਖ਼ਬਰ ਪ੍ਰੈਸ ਵਿੱਚ ਛਪੀ, "ਫਰੇਜ਼ਰ ਰਿਵਰ ਆਰਾ-ਮਿੱਲ ਦੇ ਹਿੰਦੂ ਮਜ਼ਦੂਰ ਹੜਤਾਲ ਤੇ ਚਲੇ ਗਏ ਹਨ। ਉਹ ਬਹੁਤ ਨਾਰਾਜ਼ ਹਨ। ਸੰਭਵ ਹੋ ਕੇ ਉਹ ਸ਼ਾਂਤੀ ਬਹਾਲ ਹੋਣ ਤੋਂ ਪਹਿਲਾਂ 'ਸਿਵਲ ਕੋਰਟ' ਦਾ ਸਹਾਰਾ ਲੈਣ। ਹੜਤਾਲੀਆਂ ਦੇ ਆਗੂ ਨੇ ਮਿੱਲ ਮੈਨੇਜਰ ਨੂੰ ਦੱਸਿਆ ਕਿ ਉਹ ਵੱਧ ਤਨਖ਼ਾਹ ਲਈ, ਬਲਕਿ ਉਹ ਮਿੱਲ ਨੇ ਜੋ ਠੇਕੇਦਾਰ ਊਧੋ ਰਾਮ ਰੱਖਿਆ ਹੋਇਆ ਹੈ, ਉਸ ਤੋਂ ਛੁਟਕਾਰਾ ਚਾਹੁੰਦੇ ਹਨ ਉਹ ਮਿੱਲ ਤੋਂ ਹਿੰਦੂਆਂ ਦੀ ਤਨਖ਼ਾਹ ਲੈ ਕੇ, ਕਾਮਿਆਂ ਨੂੰ ਇੱਕ ਡਾਲਰ ਪ੍ਰਤੀ ਦਿਨ ਦਾ ਦਿੰਦਾ ਸੀ। ਬੰਕ ਹਾਊਸ ਦਾ £1.25 ਪ੍ਰਤੀ ਮਹੀਨਾ ਲੈਂਦਾ ਸੀ। ਹੜਤਾਲੀਆਂ ਦੇ ਅਨੁਸਾਰ ਉਹ 300 ਕਾਮਿਆਂ ਦਾ 'ਨਵਾਬ ਸੀ। ਨਾਰਾਜ਼ ਮਜ਼ਦੂਰ ਪੁਲਿਸ ਕੋਲ ਇਸ ਦੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਲੈ ਕੇ ਗਏ। ਉਨ੍ਹਾਂ ਪੁਲਿਸ ਨੂੰ ਦੱਸਿਆ ਕਿ ਉਧੋ ਰਾਮ ਨੇ ਉਨ੍ਹਾਂ ਨੂੰ ਚਾਰ ਮਹੀਨਿਆਂ ਤੋਂ ਤਨਖ਼ਾਹ ਨਹੀਂ ਦਿੱਤੀ। ਹੜਤਾਲੀਆਂਨੂੰ ਵਕੀਲ ਕੋਲ ਭੇਜ ਦਿੱਤਾ ਗਿਆ। ਸਮਝਿਆ ਜਾਂਦਾ ਹੈ ਕੇ ਇਸ ਲੇਬਰ ਠੇਕੇਦਾਰ ਦੇ ਵਿਰੁੱਧ ਸਿਵਲ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਬਦਨਾਮ ਸਿਸਟਮ ਦਾ ਖਾਤਮਾ 1940 ਤੋਂ ਬਾਅਦ ਜਦੋਂ ਲੱਕੜ ਸਨਅੱਤ ਵਿੱਚ ਖੱਬੇ-ਪੱਖੀਆਂ ਦੀ ਅਗਵਾਈ ਵਿੱਚ ਯੂਨੀਅਨਾਂ ਬਣਨ ਲੱਗੀਆਂ, ਉਸ ਸਮੇਂ ਹੋਇਆ।

ਉਪਰ ਕੀਤੀ ਚਰਚਾ ਤੋਂ ਪਤਾ ਲੱਗਦਾ ਹੈ ਕਿ ਕਨੇਡਾ ਵਿੱਚ ਏਸ਼ੀਅਨਾਂ ਦੇ ਵਿਰੁੱਧ ਨਸਲੀ ਵਿਤਕਰਾ ਜੋਰਾਂ 'ਤੇ ਸੀ। ਸੋਸ਼ਲਿਸਟ ਪਾਰਟੀ ਜੋ ਕਿ ਹਾਲੇ ਸੰਗਠਿਤ ਹੋ ਰਹੀ ਸੀ, ਉਸ ਨੂੰ ਛੱਡ ਕੇ ਹੋਰ ਸਭ ਕਨੇਡਾ ਨੂੰ 'ਚਿੱਟਿਆਂ' ਦਾ ਦੇਸ਼ ਰੱਖਣਾ ਚਾਹੁੰਦੇ ਸਨ। ਹਰ ਪੱਧਰ 'ਤੇ ਨਸਲਵਾਦੀ ਕਾਨੂੰਨਾਂ ਰਾਹੀਂ ਏਸ਼ੀਅਨਾਂ ਦਾ ਆਉਣਾ ਰੋਕਿਆ ਜਾ ਰਿਹਾ ਸੀ। ਇਸ ਤੋਂ ਅੱਗੇ ਵਧਦਿਆਂ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਸੰਨ 1908 ਵਿੱਚ 'ਸਿੱਧੇ ਸਫ਼ਰ' ਦੇ ਕਾਨੂੰਨ ਲਾਗੂ ਕਰਨ ਨਾਲ ਭਾਰਤੀਆਂ ਦੀ ਆਮਦ ਰੋਕ ਦਿੱਤੀ ਸੀ। ਇਸ ਦੇ ਨਾਲ ਜੋ ਹਿੰਦੋਸਤਾਨੀ ਇੱਥੇ ਆ ਚੁੱਕੇ ਸਨ, ਦੇ ਕੁਝ ਕਾਨੂੰਨੀ ਹੱਕ ਜੋ ਉਨ੍ਹਾਂ ਨੂੰ 'ਬਰਤਾਨਵੀ ਪ੍ਰਜਾ ਕਰ ਕੇ ਮਿਲੇ ਹੋਏ ਸਨ, ਉਹ ਵੀ ਖੋਹੇ ਜਾਣ ਦਾ ਸਿਲਸਲਾ ਸ਼ੁਰੂ ਹੋ ਗਿਆ ਸੀ। ਬ੍ਰਿਟਿਸ਼ ਪਰਜਾ ਹੋਣ ਕਾਰਨ ਜੋ ਭਾਰਤੀ ਤਿੰਨ ਸਾਲ ਤੋਂ ਕਨੇਡਾ ਵਿੱਚ ਰਹਿ ਰਹੇ ਸਨ, ਨੂੰ ਮਿਲੇ ਵੋਟ ਦੇ ਹੱਕ ਨੂੰ ਵੀ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ 1907 ਵਿੱਚ ਕਾਨੂੰਨ ਪਾਸ ਕਰ ਕੇ ਵਾਪਸ ਲੈ ਲਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਅਸੈਂਬਲੀ ਵਿੱਚ ਇਹ ਕਾਨੂੰਨ ਬਣਾਉਂਦੇ ਸਮੇਂ ਭਾਰਤੀਆਂ ਦਾ ਬਹੁਤ ਹੀ ਕੋਝਾ ਮਜ਼ਾਕ ਉਡਾਇਆ ਸੀ। ਸਰਕਾਰੀ ਅਤੇ ਵਿਰੋਧੀ ਧਿਰ ਨੇ ਆਪਣੀਆਂ ਨਸਲਵਾਦੀ ਟਿੱਪਣੀਆਂ ਨਾਲ ਸਾਬਤ ਕਰ ਦਿੱਤਾ ਸੀ ਕਿ ਉਹ ਗ਼ੈਰ- ਚਿੱਟੇ ਲੋਕਾਂ ਨਾਲ ਘੋਰ ਨਫ਼ਰਤ ਕਰਦੇ ਹਨ। ਅਗਲੇ ਵਰ੍ਹੇ ਮਿਊਂਸਪਲ ਪੱਧਰ 'ਤੇ ਵੀ ਇਸ ਹੱਕ ਤੋਂ ਵਾਂਝੇ ਕਰ ਦਿੱਤਾ ਗਿਆ ਸੀ। ਭਾਰਤੀਆਂ ਨੂੰ ਸੁਬਾਈ ਚੋਣਾਂ ਵਿੱਚੋਂ ਬਾਹਰ ਕਰਨ ਨਾਲ ਉਨ੍ਹਾਂ ਦਾ ਫੈਡਰਲ ਪੱਧਰ ਉੱਤੇ ਵੋਟ ਦਾ ਹੱਕ ਵੀ ਆਪਣੇ-ਆਪ ਖਤਮ ਹੋ ਗਿਆ ਸੀ। ਚਾਲੂ ਨਿਯਮ ਅਨੁਸਾਰ ਉਹ ਹੀ ਫੈਡਰਲ ਪੱਧਰ ਉੱਤੇ ਵੋਟ ਪਾ ਸਕਦਾ ਸੀ ਜੋ ਸੂਬਾਈ ਪੱਧਰ ਉੱਤੇ ਵੋਟ ਦਾ ਹੱਕਦਾਰ ਹੋਵੇ। ਇਸ ਤੋਂ ਪਤਾ ਚਲਦਾ ਹੈ ਕੇ ਨਸਲਵਾਦੀ ਕਾਨੂੰਨ ਘਾੜਿਆਂ ਨੇ ਭਾਰਤੀਆਂ ਦੇ 'ਬਰਤਾਨਵੀ ਪ੍ਰਜਾ' ਵਾਲੇ ਨਿਯਮ ਦੀ ਵੀ ਕੋਈ ਪ੍ਰਵਾਹ ਨਾ ਕੀਤੀ। ਚੀਨਿਆਂ, ਆਦਿ-ਵਾਸੀਆਂ ਤੋਂ ਤਾਂ ਵੋਟ ਦਾ ਹੱਕ ਸੰਨ 1884 ਵਿੱਚ ਹੀ ਖੋਹ ਲਿਆ ਸੀ। ਜਿਸ ਤਰ੍ਹਾਂ ਪਹਿਲਾਂ ਵਰਨਣ ਕੀਤਾ ਗਿਆ ਹੈ ਕਿ ਜੋ ਲੋਕ ਪਹਿਲਾਂ ਪੰਜਾਬ ਤੋਂ ਆਏ ਸਨ, ਉਨ੍ਹਾਂ ਵਿੱਚ ਮੁਖ ਗਿਣਤੀ ਬਰਤਾਨਵੀ ਫ਼ੌਜ ਦੇ ਸਾਬਕਾ ਸਿੱਖ ਫ਼ੌਜੀਆਂ ਦੀ ਸੀ। ਇਨ੍ਹਾਂ ਨੂੰ ਬਰਤਾਨਵੀ ਸਲਤਨਤ 'ਤੇ ਬਹੁਤ ਮਾਣ ਸੀ ਕਿਉਂਕਿ ਉਹ ਬਰਤਾਨਵੀ ਫ਼ੌਜੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਬ੍ਰਿਟਿਸ਼ ਸਾਮਰਾਜ ਲਈ ਲੜੀਆਂ ਲੜਾਈਆਂ ਵਿੱਚ ਜੂਝੇ ਸਨ।

ਉਨ੍ਹਾਂ ਨੂੰ ਆਸ ਸੀ ਕਿ ਕਨੇਡਾ ਜੋ ਕਿ ਅੰਗਰੇਜ਼ਾਂ ਦੀ ਬਸਤੀ ਹੈ, ਉੱਥੇ ਜਾਣ 'ਤੇ ਉਨ੍ਹਾਂ ਨੂੰ ਪੂਰਾ ਮਾਣ ਮਿਲੇਗਾ। ਉਹ ਸਿਆਸੀ ਨਹੀਂ ਸਨ। ਉਹ ਤਾਂ ਵਧੀਆ ਜ਼ਿੰਦਗੀ ਬਸਰ ਕਰਨ ਲਈ ਆਏ ਸਨ। ਉਨ੍ਹਾਂ ਨਾਲ ਹੁੰਦੀਆਂ ਵਧੀਕੀਆਂ ਨੇ ਆਪਸ ਵਿੱਚ ਸਾਰੇ ਵਖਰੇਵਿਆਂ ਨੂੰ ਛੱਡ ਕੇ ਇੱਕ ਦੂਜੇ ਦੇ ਨੇੜੇ ਕਰ ਦਿੱਤਾ। ਹਿੰਦੋਸਤਾਨੀ ਭਾਈਚਾਰੇ ਵਿੱਚ ਕੁਝ ਪੜ੍ਹੇ ਲਿਖੇ ਆਗੂਆਂ ਆਉਣ ਨਾਲ ਉਨ੍ਹਾਂ ਵਿੱਚ ਜਾਗ੍ਰਿਤੀ ਆਉਣ ਲੱਗ ਪਈ।(ਇਸ ਆ ਰਹੀ ਤਬਦੀਲੀ ਦਾ ਅਗਲੇ ਚੈਪਟਰ ਵਿੱਚ ਵਿਸਥਾਰ ਦਿੱਤਾ ਜਾਵੇਗਾ)

ਬਹੁਤ ਹੀ ਅੱਤ ਦੇ ਨਸਲਵਾਦੀ ਮਾਹੌਲ ਵਿੱਚ ਉਨ੍ਹਾਂ ਹੌਸਲਾ ਬੁਲੰਦ ਰੱਖਿਆ। ਆਪਸ ਵਿੱਚ ਮਿਲ ਕੇ ਇੱਕ ਦੂਜੇ ਦੀ ਲੋੜ ਸਮੇਂ ਸਹਾਇਤਾ ਕਰ ਕੇ ਅੱਗੇ ਵਧਣ ਦਾ ਯਤਨ ਕਰਦੇ ਰਹੇ। ਸਾਧੂ ਸਿੰਘ ਧਾਮੀ ਜੋ ਚੜ੍ਹਦੀ ਉਮਰੇ ਸੰਨ 1924 ਨੂੰ ਕਨੇਡਾ ਆਇਆ ਸੀ ਨੇ ਆਪਣੇ ਨਾਵਲ 'ਮਲੂਕਾ' ਜੋ ਕਿ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਕਹਾਣੀ ਹੈ, ਬਾਰੇ ਉਸ ਸਮੇਂ ਦੇ ਬੀ.ਸੀ. ਵਿੱਚ ਰਹਿੰਦੇ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਬਹੁਤ ਵੱਡਮੁਲੀ ਜਾਣਕਾਰੀ ਦਿੱਤੀ ਹੈ। ਉਸ ਸਮੇਂ ਵਿੱਚ ਇੱਥੇ ਕੰਮ ਕਰਦੇ ਪੰਜਾਬੀਆਂ ਦੀ ਜ਼ਿਦਗੀ ਬਾਰੇ ਲਿਖਦਾ ਹੈ ਕਿ ਉਹ ਉਸ ਨੂੰ ਕਹਿੰਦੇ, "ਮਲੂਕਿਆ ਤੂੰ ਅਗਾਂਹ ਪੜ੍ਹਾਈ ਕਰੀਂ। ਸਾਡੇ ਵਾਂਗ ਮਿੱਲਾਂ ਵਿੱਚ ਹੀ ਨਾ ਫਸਿਆ ਰਹੀਂ। ਇੱਥੇ ਜਿਹੜਾ ਬੂਰਾ ਤੁਹਾਡੀਆਂ ਪੱਗਾਂ 'ਤੇ ਡਿੱਗਦਾ ਆ ਉਹ ਛੇਤੀ ਤੁਹਾਡੇ ਸਿਰ ਅੰਦਰ ਦਿਮਾਗ ਵਿੱਚ ਵੀ ਭਰ ਜਾਂਦਾ ਹੈ।"

ਤੂੰ ਪੜ੍ਹ ਕੇ ਲਿਖਣਾ ਸਿੱਖੀਂ ਤੇ ਫਿਰ ਸਾਡੀ ਕਹਾਣੀ ਲਿਖੀਂ।" ਜਿਸ ਤਰ੍ਹਾਂ ਦਾ ਤੂੰ ਏਥੇ ਆਪਣੇ ਅੱਖੀਂ ਦੇਖਿਆ ਹੈ, ਬਿਲਕੁਲ ਉਸੇ ਤਰ੍ਹਾਂ ਦਾ ਲਿਖੀਂ। ਸਾਡੀ ਕਹਾਣੀ ਇਸ ਤਰ੍ਹਾਂ ਕਹੀਂ ਜਿਸ ਤਰ੍ਹਾਂ ਤੂੰ ਸਾਨੂੰ ਗੱਲਾਂ ਕਰਦੇ ਸੁਣਿਆ ਹੈ।"

ਕੋਈ ਹੋਰ ਕਹਿੰਦਾ, "ਲਿਖੀਂ," ਅਸੀਂ ਕੋਈ ਅਜਿਹਾ ਵਾਰ ਨਹੀਂ ਸਹਿਆ, ਜਿਸ ਦਾ ਅਸੀਂ ਮੋੜਵਾਂ ਜਵਾਬ ਨਾ ਦਿੱਤਾ ਹੋਵੇ। ਲਿਖੀਂ ਕਿ ਅਸੀਂ ਹਿੰਦੋਸਤਾਨ ਦੀ ਆਜ਼ਾਦੀ ਲਈ ਨਿਰੀਆਂ ਗੱਲਾਂਬਾਤਾਂ ਨਾਲ ਨਹੀਂ, ਸੱਗੋਂ ਹੱਥਾਂ ਵਿੱਚ ਹਥਿਆਰ ਫੜ ਕੇ ਖੜ੍ਹੇ ਹੋਏ। ਅਸੀਂ ਉਸ ਸਮੇਂ ਆਜ਼ਾਦੀ ਲਈ ਲੜੇ ਜਦੋਂ ਸਾਰਾ ਹਿੰਦੋਸਤਾਨ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਛਾਤੀ ਨਾਲ ਲਾਈ ਬੈਠਾ ਸੀ ਅਤੇ ਉਸ ਦੇ ਨੇਤਾ ਛੋਟੇ ਛੋਟੇ ਸੁਧਾਰਾਂ ਲਈ ਭੀਖ ਮੰਗਦੇ ਸਨ। ਅਸੀਂ ਹਿੰਦੋਸਤਾਨ ਦੀ ਜਾਗ੍ਰਤੀ ਲਈ ਯਕੀਨ ਨਾਲ ਅਤੇ ਨਿਰਭੈਅ ਹੋ ਕੇ ਕੰਮ ਕੀਤਾ। ਹਨੇਰੇ ਵਿੱਚ ਵੀ ਸਾਨੂੰ ਰੌਸ਼ਨੀ ਦਾ ਯਕੀਨ ਸੀ।"

ਮਲੂਕਿਆ ਇਹ ਸਭ ਲਿਖੀਂ ਅਤੇ ਆਪਣੇ ਖੌਲਦੇ ਖ਼ੂਨ ਨਾਲ ਲਿਖੀਂ। ਅਸੀਂ ਤਾਂ ਉਦੋਂ ਮਰ ਮਿਟ ਗਏ ਹੋਵਾਂਗੇ ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ। ਸਾਰਾ ਭਾਰਤ ਵਰਸ਼ ਇਸ ਨੂੰ ਪੜ੍ਹੇਗਾ ਤੇ ਯਾਦ ਰੱਖੇਗਾ।"

ਹਵਾਲੇ ਅਤੇ ਟਿਪਣੀਆਂ


1. K.C.Das, Hindostani Workers at Pacific Coast,

2. Kaur Amarjit (2004) South East Asia, An Historical Encyclopedia.

3. Hindoo Immigration to Canada, n.d., R776 #536999

4. John Nelson- The Canadian Provinces, Page 5.

5. Queen Victoria Proclamation–1958.

6. M.S. Leigh- The Punjab and War, page 23.

7. Janson Jan M., Passage From India, page 28.

8. Mansion on hill, page 11.

9. Interview with Joe Miyazava, Japanese Canadian Oral History Collection, Simon Fraser Library.

10. The Daily Columbian, February 23,1909, 1

11. ਸਾਧੂ ਸਿੰਘ ਧਾਮੀ, ਨਾਵਲ 'ਮਲੂਕਾ', ਸਫ਼ਾ–33.


***

# ਡਾ. ਰਘਬੀਰ ਕੌਰ ਦੀ ਪੁਸਤਕ 'ਗਦਰੀ ਸੰਗਰਾਮਣ ਬੀਬੀ ਗੁਲਾਬ ਕੌਰ' ਲੋਕ ਅਰਪਣ



ਸੰਤ ਹੀਰਾ ਦਾਸ ਕੰਨਿਆਂ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਸ਼ਹੀਦ ਊਧਮ ਸਿੰਘ ਹੈਲਪਿੰਗ ਹੈਂਡ ਫਾਊਂਡੇਸ਼ਨ ਕਨੇਡਾ ਦੇ ਸਹਿਯੋਗ ਨਾਲ ਡਾ. ਰਘਬੀਰ ਕੌਰ ਜੀ ਦੀ ਪੁਸਤਕ 'ਗਦਰੀ ਸੰਗਰਾਮਣ ਬੀਬੀ ਗੁਲਾਬ ਕੌਰ' ਲੋਕ ਅਰਪਣ ਕੀਤੀ ਗਈ ਜਿਸ ਵਿੱਚ ਮੁੱਖ ਬੁਲਾਰੇ ਸਨ ਡਾ. ਰਘਬੀਰ ਕੌਰ ਜੀ (ਸੇਵਾ ਮੁਕਤ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਸ੍ਰੀ ਲਖਵੀਰ ਸਿੰਘ ਜੀ ਰਤਨਪਾਲ ਇਸ ਸਮਾਗਮ ਦੇ ਪ੍ਰੇਰਕ ਸਨ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਜਦ ਕਿ ਡਾਇਰੈਕਟਰ ਡਾ. ਰਾਮ ਮੂਰਤੀ, ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ (ਕਾਲਜ), ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਪਬਲਿਕ ਸਕੂਲ ਦੇ ਪ੍ਰਿੰਸੀਪਲ ਮਿਸ ਕਰੁਣਾ ਕਟੋਚ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ। ਡਾਇਰੈਕਟਰ ਡਾ. ਰਾਮ ਮੂਰਤੀ ਜੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ ਤੇ ਡਾ. ਰਘਬੀਰ ਕੌਰ ਜੀ ਦੀ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਪੁਸਤਕ ਵਿੱਚ ਮੈਡਮ ਜੀ ਨੇ ਬੀਬੀ ਗੁਲਾਬ ਕੌਰ ਦੇ ਗਦਰੀ ਜੀਵਨ ਸਬੰਧੀ ਵਡਮੁੱਲੀ ਜਾਣਕਾਰੀ ਦਿੱਤੀ ਹੈ। ਉਨਾਂ ਦੀ ਲਿਖਣ ਸ਼ੈਲੀ ਸਰਲ, ਸਪਸ਼ਟ ਤੇ ਆਮ ਪਾਠਕਾਂ ਦੀ ਸਮਝ ਦੇ ਅਨੁਕੂਲ ਹੈ। ਪੁਸਤਕ ' ਚ ਪੇਸ਼ ਹੋਈ ਕਾਵਿਕ ਸ਼ਬਦਾਵਲੀ ਅਤੇ ਵਿਚਾਰ ਜੋਸ਼ ਤੇ ਆਜ਼ਾਦੀ ਦੀ ਰੰਗਤ ਨਾਲ ਭਰਪੂਰ ਹਨ।

ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ ਸੀਤਲ ਸਿੰਘ ਸੰਘਾ ਜੀ ਨੇ ਡਾ. ਰਘਬੀਰ ਕੌਰ ਜੀ ਦੇ ਵਿਦਿਅਕ ਅਤੇ ਸਾਹਿਤਿਕ ਜੀਵਨ ਸੰਬੰਧੀ ਚਾਨਣਾ ਪਾਇਆ ਤੇ ਗਦਰੀ ਦੇਸ਼ ਭਗਤਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਭੋਲਾ ਸਿੰਘ ਸੰਗਰਾਮੀ ਦੁਆਰਾ ਜੋਸ਼ੀਲਾ ਤੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਗਿਆ ਤੇ ਸਰੋਤਿਆਂ ਨਾਲ ਬੜੇ ਜੋਸ਼ ਵਿੱਚ ਗਦਰ ਬਾਰੇ ਵਿਚਾਰ ਸਾਂਝੇ ਕੀਤੇ।

ਡਾ. ਰਘਬੀਰ ਕੌਰ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਮੇਰੀ ਇਹ ਕਿਤਾਬ ਸਮੁੱਚੀ ਇਸਤਰੀ ਪ੍ਰਤੀ ਖਾਸ ਕਰਕੇ ਵਿਦਿਆਰਥੀਆਂ ਪ੍ਰਤੀ ਤੇ ਆਪਣੇ ਦੇਸ਼ ਪ੍ਰਤੀ ਪਿਆਰ ਤੇ ਕੁਰਬਾਨੀ ਦਾ ਸੰਦੇਸ਼ ਹੈ ਜਿਸ ਨੂੰ ਇਕੱਲੀ ਬੀਬੀ ਗੁਲਾਬ ਕੌਰ ਨੇ ਬੜੀ ਹਿੰਮਤ ਦਲੇਰੀ ਅਤੇ ਬਹਾਦਰੀ ਨਾਲ ਨਿਭਾਇਆ ਹੈ। ਉਹ ਇੱਕ ਔਰਤ ਹੋਣ ਦੇ ਨਾਤੇ ਸਮੁੱਚੇ ਮਰਦ ਸਮਾਜ ਨੂੰ ਇਹ ਕਹਿੰਦੀ ਹੈ ਕਿ ਜੇ ਤੁਸੀਂ ਆਜ਼ਾਦੀ ਦੇ ਸੰਗਰਾਮ ਵਿੱਚ ਨਹੀਂ ਆਉਣਾ ਤੇ ਚੂੜੀਆਂ ਪਹਿਨ ਲਵੋ। ਉਨਾਂ ਨੇ ਬੀਬੀ ਗੁਲਾਬ ਕੌਰ ਦੇ ਜੀਵਨ ਤੇ ਆਜ਼ਾਦੀ ਦੇ ਲਈ ਕੀਤੇ ਸੰਗਰਮ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਪੁਸਤਕ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਅਜਿਹੀਆਂ ਪੁਸਤਕਾਂ ਸਮਾਜ ਨੂੰ ਅਰਪਣ ਕਰਨ ਦਾ ਕਾਰਜ ਜਿੱਥੇ ਸ਼ਲਾਘਾ ਯੋਗ ਤੇ ਕਾਬਲੇ ਤਾਰੀਫ਼ ਹੈ ਉੱਥੇ ਨਾਲ ਹੀ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਵੱਡਾ ਉਪਰਾਲਾ ਹੈ ਤੇ ਆਸ ਕਰਦੇ ਹਾਂ ਕਿ ਵਿਦਿਆਰਥੀ ਦੇਸ਼ ਭਗਤਾਂ ਦੇ ਜੀਵਨ ਤੋਂ ਜਾਣੂ ਹੋਣ ਤੇ ਬੀਬੀ ਗੁਲਾਬ ਕੌਰ ਜੀ ਦੀ ਸ਼ਹਾਦਤ ਨੂੰ ਸਮਝ ਕੇ ਵਿਰਸੇ ਨਾਲ ਜੁੜਨਗੇ।

ਅੰਤ ਵਿੱਚ ਕਾਲਜ ਵੱਲੋਂ ਡਾ. ਰਘਬੀਰ ਕੌਰ ਤੇ ਭੋਲਾ ਸਿੰਘ ਸੰਗਰਾਮੀ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸ. ਜਸਵਿੰਦਰ ਸਿੰਘ ਸੰਘਾ ਨੇ ਆਪਣੀ ਕਿਰਤ ਕਮਾਈ ਵਿੱਚੋਂ 5 ਹਜਾਰ ਰੁਪਏ ਕਾਲਜ ਨੂੰ ਦਾਨ ਕੀਤੇ। ਇਸ ਸਮਾਗਮ ਵਿੱਚ ਸਰਵ ਸ੍ਰੀ ਸੁਰਿੰਦਰ ਸਿੰਘ ਸੰਘਾ ਬਲਜੀਤ ਸਿੰਘ ਸੰਘਾ, ਤੀਰਥ ਸਿੰਘ, ਮੁਨੀਸ਼ ਤਾਲਿਬ, ਸੁਖਜਿੰਦਰ ਸਿੰਘ ਸਕੂਲ ਅਤੇ ਕਾਲਜ ਦੇ ਸਟਾਫ ਅਤੇ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੰਚ ਦਾ ਸੰਚਾਲਨ ਡਾ. ਰਾਮ ਮੂਰਤੀ ਨੇ ਬੜੀ ਖੂਬਸੂਰਤੀ ਨਾਲ ਕੀਤਾ।

# ਕਵਿਤਾ - ਕਿਰਪਾ, ਕਿਰਪਾਨ




-ਡਾ. ਮੁਹਿੰਦਰ ਸਿੰਘ ਰਾਏ

ਜੀ ਕਰੇ ਦੇਖਾਂ,
ਜੋ ਵਾਲੀ ਦੋ ਜਹਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਬਾਣੀ ਤੋਂ ਬਾਣ ਤੱਕ,
ਕੋਈ ਮਹਾਨ ਉਦੇਸ਼ ਸੀ।
ਘਰ ਘਰ ਪਹੁੰਚਾਉਣਾ,
ਸਿੱਖੀ ਦਾ ਸੰਦੇਸ਼ ਸੀ।
ਲੰਮਾ ਸੀ ਪੈਂਡਾ,
ਉਸ ਉਦੇਸ਼ ਮਹਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਕਰਮ ਭੂਮੀ ਜਿਸਦੀ,
ਸਾਰਾ ਬ੍ਰਹਿਮੰਡ ਸੀ।
ਅਕਾਸ਼ ਤੇ ਪਤਾਲ ਕਿੰਨੇ,
ਦੱਸੇ ਕਿੰਨੇ ਖੰਡ ਸੀ।
ਰੱਬੀ ਉਹ ਰੂਪ ਸੀ,
ਭੰਡਾਰ ਸੀ ਗਿਆਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਪਾਠ ਤੋਂ ਪੰਥ ਤੱਕ ਦਾ,
ਇਹ ਵੀ ਇੱਕ ਪੜਾਅ ਸੀ।
ਸ਼ਾਂਤੀ ਦੇ ਪੁੰਜ ਗੁਰੂ,
ਸ਼ਹੀਦੀ ਲਈ ਪਾ ਸੀ।
ਕਰਨਾ ਬਚਾ ਸੀ ਫਿਰ,
ਮੀਰੀ ਪੀਰੀ ਦੀ ਸ਼ਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਸ਼ਬਦ ਤੋਂ ਸ਼ਸਤਰ ਤੱਕ ਦਾ,
ਸੀ ਸਫ਼ਰ ਨੇੜੇ ਆ ਰਿਹਾ।
ਚਾਂਦਨੀ ਚੌਂਕ ਵਿੱਚ,
ਗੁਰੂ ਸ਼ਹੀਦੀ ਸੀ ਪਾ ਰਿਹਾ।
ਠੱਲ੍ਹਣਾ ਸੀ ਔਖਾ ਹੋਣਾ,
ਆਏ ਫੇਰ ਤੁਫ਼ਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਬਿਜਲੀ ਵਾਂਗ ਲਿਸ਼ਕਦੀ,
ਹਵਾ ਵਿੱਚ ਸ਼ਮਸ਼ੀਰ ਸੀ।
ਬਦਲਣੇ ਸੀ ਸੀਸ, ਸੋਚ,
ਬਦਲਣੀ ਤਸੀਰ ਸੀ।
ਦੇਖਣ ਵਾਲਾ ਦ੍ਰਿਸ਼ ਸੀ,
ਉਹ ਅੰਮ੍ਰਿਤ ਪਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਅੰਮ੍ਰਿਤ ਤੋਂ ਅਜ਼ਾਦੀ ਤੱਕ ਦਾ,
ਸਫ਼ਰ ਸ਼ੁਰੂ ਕਰਕੇ।
ਵਾਰ ਦਿੱਤਾ ਪਰਿਵਾਰ ਸਾਰਾ,
ਇੱਕ ਇੱਕ ਕਰਕੇ।
ਕਿਵੇਂ ਲਾਹੀਏ ਅਸੀਂ ਕਰਜ਼ਾ,
ਗੁਰੂ ਵਲੋਂ ਕੀਤੇ ਅਹਿਸਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
ਜਿਸਦੇ ਸ਼ਬਦ ਹਥਿਆਰ,
ਅਤੇ ਕਿਰਪਾ ਕਿਰਪਾਨ ਕਰੇ।
ਵੇਖ ਪਹਾੜ ਜਿੱਡਾ ਨਿਸ਼ਚਾ,
ਵੈਰੀ ਹਾਰ ਪ੍ਰਵਾਨ ਕਰੇ।
ਦੇਖ ਧਨੀ ਬਾਣੀ ਅਤੇ ਤੇਗ਼ ਦਾ,
ਸਿਰ ਝੁਕੇ ਅਸਮਾਨ ਦਾ।
ਇੱਕ ਹੱਥ ਮਾਲਾ,
ਦੂਜੇ ਹੱਥ ਮੁੱਠਾ ਕਿਰਪਾਨ ਦਾ।
'ਰਾਏ' ਜੀ ਕਰੇ ਦੇਖਾਂ,
ਜੋ ਵਾਲੀ ਦੋ ਜਹਾਨ ਦਾ।

# ਪੇਂਡੂ ਕਹਾਣੀਆਂ ਦਾ ਸ਼ਾਹ ਸਵਾਰ : ਮੋਹਨ ਭੰਡਾਰੀ
## (ਜਨਮ ਦਿਨ 'ਤੇ ਵਿਸ਼ੇਸ਼)

**ਡਾ. ਚਰਨਜੀਤ ਕੌਰ ਬਰਾੜ**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ
ਮੋਬਾਈਲ ਨੰ. 9878447758

ਮੋਹਨ ਭੰਡਾਰੀ ਦਾ ਨਾਮ ਜਹਿਨ ਵਿੱਚ ਆਉਂਦਿਆਂ ਹੀ ਤੁਰੰਤ ਪੇਂਡੂ ਸੱਭਿਆਚਾਰ, ਟੁੱਟ ਰਹੀ ਕਿਸਾਨੀ ਦੀਆਂ ਸਮੱਸਿਆਵਾਂ ਤੇ ਪਰਿਵਾਰਿਕ ਰਿਸ਼ਤਿਆਂ ਦੀ ਟੁੱਟ ਭੱਜ ਦੇ ਆਲੇ ਦੁਆਲੇ ਸੋਚਾਂ ਜੁੜਨ ਲੱਗਦੀਆਂ ਹਨ। ਉਹਨਾਂ ਨੇ ਆਪਣੀਆਂ ਕਹਾਣੀਆਂ ਰਾਹੀਂ ਮਿਹਨਤਕਸ਼ ਲੋਕਾਂ ਅਤੇ ਕਿਸਾਨੀ ਸੰਕਟ ਨੂੰ ਬੜੀ ਕਲਾਤਮਕਤਾ ਨਾਲ ਉਭਾਰਿਆ ਹੈ। ਉਹਨਾਂ ਦੀਆਂ ਕਹਾਣੀਆਂ ਵਿੱਚੋਂ ਜ਼ਿੰਦਗੀ ਦਾ ਕੌੜਾ ਅਤੇ ਕਠੋਰ ਸੱਚ ਝਲਕਦਾ ਹੈ। ਨਿਮਨ ਕਿਸਾਨੀ ਨਾਲ ਭੰਡਾਰੀ ਦਾ ਉਂਞ ਵੀ ਵਧੇਰੇ ਮੋਹ ਸੀ। ਉਹਨਾਂ ਨੇ ਆਪਣੀਆਂ ਕਹਾਣੀਆਂ ਵਿੱਚ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਨਿੱਜੀਕਰਨ ਅਤੇ ਉਦਾਰੀ ਕਰਨ ਕਾਰਨ ਪਿਸ ਰਹੇ ਮਜ਼ਦੂਰਾਂ ਦੀ ਬਾਤ ਪਾਈ ਹੈ।



ਮੋਹਨ ਭੰਡਾਰੀ ਪੰਜਾਬੀ ਦਾ ਇੱਕ ਸਮਰੱਥ ਤੇ ਨਾਮਵਰ ਕਥਾ ਹਸਤਾਖਰ ਹੈ ਉਹਨਾਂ ਦਾ ਜਨਮ ਮਾਲਵੇ ਦੇ ਪਿੰਡ ਬਣਭੌਰਾ ਜਿਲਾ ਸੰਗਰੂਰ ਵਿੱਚ 14 ਫਰਵਰੀ 1937 ਨੂੰ ਸ੍ਰੀ ਨੱਥੂ ਰਾਮ ਅਤੇ ਮਾਤਾ ਭਗਵਾਨ ਦੇਵੀ ਦੀ ਕੁੱਖੋਂ ਹੋਇਆ। ਜਿਸ ਸਮੇਂ ਮੋਹਨ ਭੰਡਾਰੀ ਦਾ ਜਨਮ ਹੁੰਦਾ ਹੈ ਉਸ ਸਮੇਂ ਘਰ ਦੀ ਸਥਿਤੀ ਬਹੁਤੀ ਚੰਗੀ ਨਹੀਂ ਸੀ। ਗਰੀਬੀ ਦੇ ਬਾਵਜੂਦ ਵੀ ਉਹਨਾਂ ਨੇ ਹੌਸਲਾ ਨਾ ਹਾਰਿਆ ਸਗੋਂ ਜ਼ਿੰਦਗੀ ਦੇ ਸੰਘਰਸ਼ ਨਾਲ ਜੂਝਦੇ ਹੋਏ ਐਲ.ਐਲ.ਵੀ ਦੀ ਪੜ੍ਹਾਈ ਕਰਕੇ ਕਲਰਕ ਦੀ ਨੌਕਰੀ ਕੀਤੀ ਅਤੇ ਸਿੱਖਿਆ ਵਿਭਾਗ ਪੰਜਾਬ ਵਿੱਚੋਂ ਉਹ 1995 ਵਿੱਚ ਚੰਡੀਗੜ੍ਹ ਤੋਂ ਬਤੌਰ ਸੁਪਰਡੈਂਟ 1 ਸੇਵਾ ਮੁਕਤ ਹੋਏ। ਮੋਹਨ ਭੰਡਾਰੀ ਨੇ ਇਕ ਸੁਤੰਤਰ ਲੇਖਕ ਵਜੋਂ ਪਛਾਣ ਆਪਣੀ ਪਛਾਣ ਸਥਾਪਿਤ ਕੀਤੀ ਹੈ। ਉਹਨਾਂ ਦੀ ਕਥਾਕਾਰੀ ਦਾ ਸਫਰ ਲਗਭਗ ਚਾਰ ਕੁ ਦਹਾਕੇ ਦੇ ਕਾਲਕ ਵਖਫੇ ਵਿੱਚ ਫੈਲਿਆ ਹੋਇਆ ਹੈ। ਉਹਨਾਂ ਦੀ ਪਹਿਲੀ ਕਥਾ ਪੁਸਤਕ ਤਿਲਚੌਲੀ 1965 ਵਿੱਚ ਪ੍ਰਕਾਸ਼ਿਤ ਹੋਈ ਸੀ ਇਸ ਤੋਂ ਬਾਅਦ ਮਨੁੱਖ ਦੀ ਪੈੜ 1967, ਕਾਠ ਦੀ ਲੱਤ 1975, ਪਛਾਣ 1987, ਅਤੇ ਮੂਨ ਦੀ ਅੱਖ 1993, ਇਹ ਪੰਜ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ। ਮੂਨ ਦੀ ਅੱਖ ਕਥਾ ਸੰਗ੍ਰਹਿ ਨੂੰ ਸਾਹਿਤ ਖੇਤਰ ਦਾ ਸਭ ਤੋਂ ਵੱਡਾ ਪੁਰਸਕਾਰ 'ਭਾਰਤੀ ਸਹਿਤ ਅਕਾਦਮੀ' 1998 ਵਿੱਚ ਮਿਲਿਆ।

ਭੰਡਾਰੀ ਦੀ ਸਮੁੱਚੀ ਕਥਾ ਰਚਨਾ ਨੂੰ ਕਥਾ ਵਾਰਤਾ 2000 ਸਿਰਲੇਖ ਅਧੀਨ ਚੇਤਨਾ ਪ੍ਰਕਾਸ਼ਨ ਵੱਲੋਂ ਇੱਕ ਹੀ ਜਲਦ ਵਿੱਚ ਪਾਠਕਾਂ ਦੀ ਨਜ਼ਰ ਕੀਤਾ ਹੈ। ਇਸ ਵਿੱਚ ਵਸੇਬਾ, ਤਰਨਤਾਰਨ, ਗੋਰਾ ਬਾਸਾ ਤਨਾਓ ਤੇ ਅੰਸ਼ ਨਾ ਦੀਆਂ ਉਹ ਕਹਾਣੀਆਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ ਜੋ ਮੂਨ ਦੀ ਅੱਖ ਸੰਗ੍ਰਹਿ ਤੋਂ ਬਾਅਦ ਦੀ ਸਿਰਜਣਾ ਹਨ।

ਉਹਨਾਂ ਦੀਆਂ ਚੋਣਵੀਆਂ ਕਹਾਣੀਆਂ ਦੇਸ ਦੇ ਕਹਾਣੀ ਸੰਗ੍ਰਹਿ ਬਰਫ਼ ਲਿਤਾੜੇ ਰੁੱਖ 1994, ਤਣ ਪੱਤਣ 1998 ਪ੍ਰਕਾਸ਼ਿਤ ਹੋਣ ਨਾਲ ਉਹਨਾਂ ਦੀ ਕਹਾਣੀ ਕਲਾ ਦੇ ਵਿਭਿੰਨ ਪਹਿਲੂਆਂ ਦ੍ਰਿਸ਼ਟੀ ਤੇ ਬਿਰਤਾਂਤਿਕ ਪ੍ਰਸਾਰਾਂ ਬਾਰੇ ਵਾਜਿਬ ਚਰਚਾ ਵੀ ਹੁੰਦੀ ਰਹੀ ਹੈ। ਇਸ ਤੋਂ ਇਲਾਵਾ ਉਹਨਾਂ ਦੀਆਂ ਸੰਪਾਦਿਤ ਪੁਸਤਕਾਂ ਗਾਥਾ ਗਾਰਗੀ ਦੀ, ਡਾ. ਰਘਵੀਰ ਢੰਡ ਦੀ ਗਲਪ ਚੇਤਨਾ ਸ਼ਿਵ ਕੁਮਾਰ ਬਿਰਹਾ ਦਾ ਸੁਲਤਾਨ ਜੀਵਨ ਕਲਾ ਤੇ ਯਾਦਾਂ, ਮੰਟੋ ਦੇ ਰੰਗ ਵੀ ਸ਼ਾਮਲ

ਹਨ। ਡਾ. ਸਰਬਜੀਤ ਸਿੰਘ ਨੇ ਮੋਹਨ ਭੰਡਾਰੀ ਸ਼ਬਦ ਸੰਵੇਦਨਾ ਅਤੇ ਗੁਰਮੀਤ ਕੌਰ ਨੇ ਮੋਹਨ ਭੰਡਾਰੀ ਹਾਜ਼ਰ ਹੈ ਤੇ ਵੀ ਆਪਣੀ ਭੂਮਿਕਾ ਨਿਭਾਈ ਹੈ ਇਨ੍ਹਾਂ ਤੋਂ ਇਲਾਵਾ ਪ੍ਰੋ. ਪਰਮਜੀਤ ਸਿੰਘ ਰੁਮਾਣਾ ਨੇ ਵੀ ਇੱਕ ਪੁਸਤਕ 'ਮੋਹਨ ਭੰਡਾਰੀ' 'ਜ਼ ਸਿਲੈਕਟਡ ਸਟੋਰੀਜ' ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੈ। ਇਹਨਾਂ ਦੇ ਕਈ ਕਹਾਣੀ ਸੰਗ੍ਰਹਿ ਲੰਮੇ ਸਮੇਂ ਤੋਂ ਯੂਨੀਵਰਸਿਟੀ ਤੇ ਕਾਲਜਾਂ ਦੇ ਸਿਲੇਬਸ ਵਿੱਚ ਲੱਗੇ ਰਹਿਣ ਕਾਰਨ ਇੰਨ੍ਹਾਂ ਬਾਰੇ ਅਕਾਦਮਿਕ ਕਿਸਮ ਦਾ ਕੰਮ ਵੀ ਹੁੰਦਾ ਰਿਹਾ ਹੈ।

ਮੋਹਨ ਭੰਡਾਰੀ ਮੂਲ ਰੂਪ ਵਿੱਚ ਪ੍ਰਗਤੀਵਾਦੀ ਦ੍ਰਿਸ਼ਟੀ ਵਾਲਾ ਕਥਾਕਾਰ ਹੈ। ਇਹ ਦ੍ਰਿਸ਼ਟੀ ਉਸਦੇ ਕਥਾ ਬਿੰਬ ਵਿੱਚੋਂ ਵਾਰ-ਵਾਰ ਉਭਰਦੀ ਹੈ ਪਰ ਉਨਾਂ ਦੀ ਕਹਾਣੀ ਦਾ ਮਨੋਰਥ ਨਿਰੋਲ ਸ਼ੋਸ਼ਿਤ ਵਰਗ ਦੀਆਂ ਲੋੜਾਂ ਥੋੜਾਂ ਭਰੀ ਜ਼ਿੰਦਗੀ ਦੇ ਨਿੱਕੇ ਨਿੱਕੇ ਵੇਰਵਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੜੀ ਵੱਧ ਕਰ ਦੇਣਾ ਹੀ ਨਹੀਂ ਸਗੋਂ ਉਹਨਾਂ ਦੀਆਂ ਅਨੇਕ ਕਹਾਣੀਆਂ ਆਰਥਿਕ ਅਸਮਾਨਤਾ ਦੇ ਚੁੰਗਲ ਵਿੱਚ ਫਸੇ ਮਜਬੂਰੀਆਂ, ਮੁਸ਼ਕਲਾਂ ਦੇ ਦੁਖਾਂਤਕ ਪ੍ਰਕਰਨ ਭੋਗਦੇ ਪਾਤਰਾਂ ਤੇ ਫੋਕਸ ਹਨ। ਪਰ ਇਹਨਾਂ ਕਹਾਣੀਆਂ ਦਾ ਰਚਨਾਤਮਕ ਸੂਤਰ ਉਹ ਗਲਪ ਦ੍ਰਿਸ਼ਟੀ ਹੈ ਜਿਹੜੀ ਦਿਸਦੇ ਯਥਾਰਥ ਦੇ ਅੰਦਰੂਨੀ ਦਵੰਧਾਂ ਨੂੰ ਸਮਝ ਕੇ ਬਿਰਤਾਂਤ ਦੀ ਸਿਰਜਣਾ ਆਪ ਕਰਦੀ ਹੈ ਉਹ ਗਰੀਬੀ ਦਾ ਬੌਧਿਕ ਨਿਰੀਖਣ ਕਰਦਾ ਅਤੇ ਸ਼ੋਸ਼ਣਮਈ ਸਥਿਤੀ ਨੂੰ ਅਸਤ ਵਿਅਸਤ ਕਰਨ ਲਈ ਪ੍ਰੇਰਦਾ ਹੈ ਉਸ ਦੀ ਚੇਤਨਾ ਇਸ ਗੱਲ ਦੀ ਕਾਇਲ ਹੈ ਕਿ ਇਹ ਪਾਤਰ ਜਿਸ ਸਥਿਤੀ ਵਿੱਚ ਫਸੇ ਹਨ ਉਸ ਵਿੱਚ ਫਸਣਾ ਇਹਨਾਂ ਦੀ ਮਰਜ਼ੀ ਨਹੀਂ ਮਜਬੂਰੀ ਹੈ। ਉਸ ਦੀਆਂ ਕਹਾਣੀਆਂ ਵਿੱਚ ਇਹ ਤਰਕ ਇੱਕ ਤੋਂ ਵੱਧ ਵਾਰ ਉਭਰਦਾ ਹੈ। ਤਿਲਚੌਲੀ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਤਿਲਚੌਲੀ ਵਿੱਚ ਸ਼ੋਸ਼ਿਕ ਅਤੇ ਸ਼ੋਸ਼ਿਤ ਅਮੀਰ ਤੇ ਗਰੀਬ, ਤਕੜੇ ਤੇ ਮਾੜੇ ਦੀ ਲੜਾਈ ਨੂੰ ਤਕੜੇ ਤੇ ਮਾੜੇ ਕੀੜਿਆਂ ਦੀ ਲੜਾਈ ਦੇ ਰੂਪ ਵਿੱਚ ਬਹੁਤ ਆਸ਼ਾਵਾਦੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਜਿਸ ਵਿੱਚ ਇਨਕਲਾਬੀ ਚੇਤਨਾ ਵੀ ਸਮਾਈ ਹੋਈ ਹੈ। ਇਸ ਕਹਾਣੀ ਦਾ ਅੰਤਲਾ ਕਥਨ ਇਹ ਹੈ ਕਿ.. "ਲੈ ਵੱਡੇ ਕੀੜੇ ਤੋਂ ਗੁੜ ਦੀ ਨਿੱਕੀ ਜਿਹੀ ਡਲੀ ਖੋ ਕੇ ਛੋਟੇ ਛੋਟੇ ਪੰਜ ਛੇ ਕੀੜੇ ਆਪਣੀ ਖੁੱਡ ਵੱਲ ਚਾਈਂ ਚਾਈਂ ਲਿਜਾ ਰਹੇ ਹਨ।"


ਮੋਹਨ ਭੰਡਾਰੀ ਦੀ ਕਹਾਣੀ ਦੇ ਥੀਮਕ ਪਸਾਰਾ ਵਿੱਚ ਭਾਵੇਂ ਅਨੇਕ ਸੂਤਰਾਂ ਦੀ ਪਛਾਣ ਸੰਭਵ ਹੈ ਪਰ ਉਹਨਾਂ ਦੀ ਕਹਾਣੀ ਦਾ ਕੇਂਦਰੀ ਫੋਕਸ ਆਰਥਿਕ ਪੱਖੋਂ ਦੱਬੇ ਹੀਣੇ ਮਨੁੱਖ ਦੀ ਦਰਦਨਾਕ ਸਥਿਤੀ ਅਤੇ ਵਲੂੰਧਰੀ ਮਾਨਸਿਕਤਾ ਹੈ। ਉਨ੍ਹਾਂ ਦੀ ਨਿਮਨ ਚੇਤਨਾ ਕੇਵਲ ਜਾਤ ਆਧਾਰਿਤ ਨਹੀਂ ਜਮਾਤ ਆਧਾਰਿਤ ਵੀ ਹੈ। ਉਹਨਾਂ ਦੇ ਕਥਾ ਅਵਚੇਤਨ ਵਿੱਚ ਪੇਂਡੂ ਲੋਕਾਂ ਦੀ ਮਾਨਸਿਕਤਾ ਦਾ ਉਹ ਭਾਗ ਭਾਰੂ ਹੈ ਜਿਸਦਾ ਸਬੰਧ ਕਿਸਾਨੀ ਜੀਵਨ ਤੋਂ ਥੋੜਾ ਹਟ ਕੇ ਵਿਚਰਦੇ ਕੰਮੀਆਂ ਕਿਰਤੀਆਂ, ਦਲਿਤਾਂ ਤੇ ਸਾਧਨ ਵਹੂਣਿਆਂ ਨਾਲ ਹੈ। ਉਹਨਾਂ ਨੇ ਆਪਣੀਆਂ ਕਹਾਣੀਆਂ ਵਿੱਚ ਜਿੱਥੇ ਆਰਥਿਕਤਾ ਅਤੇ ਪਛਾਣ ਨਾਲ ਜੁੜੇ ਮਸ਼ਲਿਆਂ ਨੂੰ ਪੇਸ਼ ਕੀਤਾ ਉਥੇ ਪੰਜਾਬ ਸੰਕਟ ਨੂੰ ਬਹੁਤ ਬਰੀਕੀ ਨਾਲ ਚਿਤਰਿਆ ਹੈ। 'ਮੂਨ ਦੀ ਅੱਖ' ਸੰਗ੍ਰਹਿ ਦੀਆਂ ਕਹਾਣੀਆਂ 1947 ਤੋਂ ਲੈ ਕੇ 1984 ਤੱਕ ਦੇ ਦੰਗਿਆਂ ਦੀ ਮੂੰਹ ਬੋਲਦੀ ਤਸਵੀਰ ਹਨ। ਉਨਾਂ ਨੇ ਇਸ ਤੋਂ ਵੱਖਰੇ ਜਿਸ ਜੀਵਨ ਅਨੁਭਵ ਨੂੰ ਆਪਣੀ ਕਥਾ ਸਾਧਨਾ ਦਾ ਵਾਹਣ ਬਣਾਇਆ ਹੈ। ਇਹ ਹੀ ਉਸਦੇ ਮੌਲਿਕ ਵਿਲੱਖਣ ਕਥਾ ਬਿੰਬ ਦੀ ਵੱਖਰੀ ਪਛਾਣ ਹੋ ਨਿਬੜਿਆ ਹੈ। ਉਹਨਾਂ ਦੇ ਕਥਾ ਅਨੁਭਵ ਵਿੱਚੋਂ ਮਲਵਈ ਪੇਂਡੂ ਸੱਭਿਆਚਾਰ ਦੀ ਜੋ ਕੇਂਦਰੀ ਧੁਨੀ ਉਭਰਦੀ ਹੈ ਉਹ ਬਹੁਤ ਪ੍ਰਮਾਣਿਕ ਸਾਰਥਿਕ ਅਤੇ ਲੌਕਿਕ ਹੈ। ਇਸ ਤਰ੍ਹਾਂ ਮੋਹਨ ਭੰਡਾਰੀ ਦੀ ਕਹਾਣੀਆਂ ਵਿੱਚ ਕਹਾਣੀ ਆਪਣੇ ਕਥਾਨਕੀ ਵੇਰਵਿਆਂ ਵਿੱਚ ਕਿਰਤੀ ਸ਼੍ਰੇਣੀ ਦੀ ਵਾਸਤਵਿਕ ਸਥਿਤੀ ਦਾ ਅੱਤ ਯਥਾਰਥਕ ਵਰਣਨ ਹੀ ਨਹੀਂ ਕਰਦੀ ਕਿਰਤੀ ਵਰਗ ਨੂੰ ਕਿਸੇ ਉਜਵਲ ਭਵਿੱਖ ਦੀ ਰੌਸ਼ਨ ਕਿਰਨ ਦਿਖਾ ਕੇ ਉਹਨਾਂ ਦੇ ਬਲ ਬੁੱਧੀ ਦੀ ਤੀਖਣਤਾ ਲਈ ਸੁਚੇਤ ਪ੍ਰਜਤਨ ਵੀ ਕਰਦੀ ਹੈ। ਆਪਣੀਆਂ ਬਿਹਤਰੀਨ ਕਥਾਵਾਂ ਜਿਨਾਂ ਨੇ ਭੰਡਾਰੀ ਜੀ ਦੇ ਸਹਿਤਕ ਕੱਦ ਵਿੱਚ ਹੀ। ਨਹੀਂ ਸਗੋਂ ਪੰਜਾਬੀ ਕਹਾਣੀ ਦੇ ਮਾਣ ਸਨਮਾਨ ਵਿੱਚ ਵੀ ਜ਼ਿਕਰਯੋਗ ਵਾਧਾ ਕੀਤਾ ਹੈ। ਇਹ ਰਚਨਾਵਾਂ ਪਾਠਕਾਂ ਦੇ ਚੇਤੇ ਵਿੱਚੋਂ ਛੇਤੀ ਕਿਤੇ ਵਿਸਰਨ ਵਾਲੀਆਂ ਨਹੀਂ। ਵਿਸ਼ੇਸ਼ ਕਰਕੇ ਮੈਨੂੰ ਟੈਗੋਰ ਬਣਾ ਦੇ ਮਾਂ, ਮੂਨ ਦੀ ਅੱਖ, ਘੋਟਨਾ, ਮਿੱਟੀ ਦੀ ਔਰਤ, ਬਰਫ਼ ਲਤਾੜੇ ਰੁੱਖ, ਕਾਠ ਦੀ ਲੱਤ ਤਿਲਚੌਲੀ ਆਦਿ ਕਥਾਵਾਂ ਉਲੇਖ ਯੋਗ ਹਨ। ਨਿਰਸੰਦੇਹ ਮੋਹਨ ਭੰਡਾਰੀ ਪੰਜਾਬੀ ਕਹਾਣੀ ਦਾ ਮਾਣਯੋਗ ਹਸਤਾਖ਼ਰ ਹੈ।

***

ਕਹਾਣੀ

# ਸਿਰ ਦੀ ਛੱਤ

-ਸੁਖਮਿੰਦਰ ਸੇਖੋਂ
98145-07693



ਮੈਂ ਕਿੰਨਾ ਕਿੰਨਾ ਚਿਰ ਛੱਤ ਨੂੰ ਨਿਹਾਰਦਾ ਰਹਿੰਦਾ, ਪੁਰਾਣਾ ਲੈਂਟਰ ਕਈ ਥਾਵਾਂ ਤੋਂ ਤਿੜਕ ਗਿਆ ਹੈ। ਕੰਧ ’ਤੇ ਵੀ ਸਲਾਬ੍ਹ ਰਹਿੰਦੀ ਹੈ। ਕਹਿੰਦੇ ਨੇ ਸ▲ੋਰਾ ਬਹੁਤ ਹੈ। ਮਕਾਨ ਮਾਲਕ ਨੂੰ ਇੱਕ ਨਹੀਂ ਅਨੇਕਾਂ ਬਾਰ ਕਹਿ ਚੁੱਕਾ ਹੈ ਕਿ ਜੇਕਰ ਕੰਧਾਂ ਦੀ ਸਲ੍ਵਾਬ ਠੀਕ ਨਹੀਂ ਕਰਵਾਉਣੀ ਤੇ ਘੱਟੋ ਘੱਟ ਕਮਰੇ ਦੀ ਛੱਤ ਤੇ ਠੀਕ ਕਰਵਾ ਹੀ ਦੇਵੇ। ਦੁਬਾਰਾ ਪਲੱਸਤਰ ਕਰਵਾਕੇ ਪੇਂਟ ਕਰਵਾ ਦੇਵੇ। ਪਰ ਉਸਦੇ ਕੰਨ ’ਤੇ ਜੂੰਅ ਨਹੀਂ ਸਰਕਦੀ। ਹਸਕੇ ਕਹਿ ਦਿੰਦਾ ਹੈ, ਕੋਈ ਨ੍ਹੀਂ ਕਰਦੇ ਐ ਕੋਈ ਬੰਦੋਬਸਤ--। ਹਾਲਾਕਿ ਉਸਨੂੰ ਵੀ ਪਤਾ ਹੈ ਕਿ ਮੀਂਹ ਕਣੀ ਵਿੱਚ ਛੱਤ ਕਈ ਥਾਵਾਂ ਤੋਂ ਚੋਣ ਵੀ ਲੱਗਦੀ ਹੈ, ਜਿਸ ਨਾਲ ਮੁਸ਼ਕਿਲ ਬਣ ਆਉਂਦੀ ਹੈ।

ਇਸ ਮਕਾਨ ਵਿੱਚ ਹੋਰ ਵੀ ਦੋ ਕਿਰਾਏਦਾਰ ਹਨ। ਮਿਸਟਰ ਗੁਪਤਾ, ਜਿਨ੍ਹਾ ਦੇ ਦੋ ਵੱਡੀ ਉਮਰ ਦੇ ਬੱਚੇ ਹਨ, ਕੁੜੀ ਤਾਂ ਸ਼ਾਇਦ ਹੁਣ ਕਾਲਜ ਜਾਣ ਲੱਗੀ ਹੈ। ਇੱਕ ਮੈਂ ਤੇ ਮੇਰੀ ਪਤਨੀ। ਤੀਸਰੀ ਇੱਕ ਵਿਧਵਾ ਔਰਤ ਤੇ ਉਸਦਾ ਸੱਤ ਕੁ ਵਰ੍ਹਿਆਂ ਦਾ ਜੁਆਕ। ਮੇਰੀ ਪਤਨੀ ਆਪਣੇ ਪੇਕੇ ਗਈ ਹੋਈ ਹੈ। ਪਹਿਲੀ ਡਲਿਵਰੀ ਹੈ।

--ਹੁਣ ਜਦੋਂ ਵੀ ਮੈਂ ਕੋਹਲੀ ਸਾਹਿਬ ਨੂੰ ਛੱਤ ਦੀ ਮੁਰੰਮਤ ਕਰਨ ਲਈ ਅਰਜ਼ ਕਰਦਾ ਹਾਂ ਤਾਂ ਉਹ ਅੱਗਿਓਂ ਹੱਸਕੇ ਕਹਿੰਦੇ ਹਨ--ਕੋਈ ਨ੍ਹੀਂ ਮੁਰੰਮਤ ਕਰਵਾ ਦਿਆਗਾ---ਫਿਕਰ ਕਿਉਂ ਕਰਦੇ ਸੋ--ਤਆਡੀ ਘਰਵਾਲੀ ਨੂੰ ਬੱਚਾ ਜਣ ਕੇ ਆ ਜਾਣ ਦਿਓ, ਮੁਰੰਮਤ ਕੀ ਪੂਰੀ ਛੱਤ ਈ ਬਦਲ ਛੋੜੇਗਾ ਜੀ---।

ਅਜੀਬ ਬੰਦਾ ਹੈ ਗੋਲਮੋਲ ਜਿਹੀ ਗੱਲ ਕਰਕੇ ਖਿਸਕ ਜਾਂਦਾ ਏ। ਕਦੇ ਬਾਂਹ ਨਹੀਂ ਪਕੜਾਈ। ਮੈਂ ਵੀ ਸਮਝ ਗਿਆ ਹਾਂ ਕਿ ਉਸ ਕੋਲ ਟਾਲ ਮਟੋਲ ਹੀ ਹੈ,ਉਸਨੇ ਕਦੇ ਵੀ ਛੱਤ ਨਹੀਂ ਬਦਲਵਾਉਣੀ। ਮੈਨੂੰ ਹੀ ਕੋਈ ਹੋਰ ਹੀਲਾ ਕਰਨਾ ਪਵੇਗਾ। ਕੁਲਬੀਰ ਪੇਕਿਓਂ ਵਾਪਸ ਆਵੇ ਤਾਂ ਕੋਈ ਹੋਰ ਚੱਜ ਸਿਰ ਦੇ ਕਿਰਾਏ ਦੇ ਮਕਾਨ ਦਾ ਪ੍ਰਬੰਧ ਕਰਗਾਂ, ਘੱਟੋ ਘੱਟ ਦੋ ਬੈਡ ਰੂਮ ਦਾ ਮਕਾਨ ਤਾਂ ਲੈਣਾ ਹੀ ਪਵੇਗਾ। ਬੱਚੇ ਤੋਂ ਬਾਅਦ ਕਿੰਨੀਆਂ ਜ਼ਿੰਮੇਵਾਰੀਆਂ ਸਿਰ ’ਤੇ ਆ ਜਾਂਦੀਆਂ ਹਨ।

ਜਦੋਂ ਵੀ ਸਵੇਰੇ ਉਠਕੇ ਮੇਰੀ ਨਜ਼ਰ ਛੱਤ ’ਤੇ ਪੈਂਦੀ ਹੈ ਤਾਂ ਮੈਨੂੰ ਰਿਕਾਰਡਿੰਗ ਆਵਾਜ਼ ਸੁਣਾਈ ਦਿੰਦੀ ਹੈ, ਮਧੁਰ ਸ਼ਬਦ ਕੀਰਤਨ। ਉਂਜ ਵੀ ਜੇਕਰ ਮੇਰੀ ਜਾਗ ਨਾ ਖੁੱਲ੍ਹੇ ਤਾਂ ਮੈਨੂੰ ਸ਼ਬਦ ਕੀਰਤਨ ਹੀ ਜਗਾਉਂਦਾ ਹੈ। ਹਮੇਸ਼ਾ ਹੀ ਗੁਰਦੀਪ ਹੁੰਦੀ ਹੈ, ਸ਼ਬਦ ਕੀਰਤਨ ਸੁਣਨ ਲਈ ਬਟਨ ਆਨ ਕਰਨ ਬਾਅਦ ਉਹ ਨਹਾਉਣ ਜਾਂਦੀ ਹੈ। ਮੇਰਾ ਕਮਰੇ ਦੇ ਹੇਠਾਂ ਇਕ ਕਮਰੇ ਵਿੱਚ ਉਹ ਰਹਿੰਦੀ ਹੈ। ਵਰਜਿਸ਼ ਵੀ ਕਰਦੀ ਹੈ। ਉਸਨੂੰ ਸ਼ਾਇਦ ਲੱਗਦਾ ਹੈ ਕਿ ਉਸ ਦੇ ਸਰੀਰ ’ਤੇ ਰਤਾ ਚਰਬੀ ਉਤਰ ਆਈ ਹੈ ਤੇ ਪੇਟ ਵੀ ਥੋੜ੍ਹਾ ਮੋਟਾ ਹੋ ਰਿਹਾ ਹੈ। ਪਰ ਮੈਨੂੰ ਏਦਾਂ ਬਿਲਕੁਲ ਵੀ ਨਹੀਂ ਜਾਪਦਾ, ਉਹ ਦਾ ਸਰੀਰ ਗਠੀਲਾ ਤੇ ਗੁੰਦਵਾਂ ਹੈ। ਰੰਗ ਰੂਪ ਵੀ ਨਿੱਖਰਿਆ ਨਿੱਖਰਿਆ। ਉਸਦੀ ਸ਼ਕਲ ਦੇਖਕੇ ਲੋਕੀ ਭੁਲੇਖਾ ਖਾ ਜਾਂਦੇ ਨੇ ਕਿ ਉਹ ਵਿਆਹੀ ਹੋਈ ਏ ਕਿ ਕੁਆਰੀ--

ਆਪਣੇ ਮੁੰਡੇ ਦੇ ਉਠਣ ਤੋਂ ਪਹਿਲਾਂ ਪਹਿਲਾਂ ਉਹ ਨਹਾਉਣ ਧੋਣ ਤੇ ਵਰਜਿਸ਼ ਦਾ ਕੰਮ ਹੀ ਨਹੀਂ ਨਿਪਟਾਉਂਦੀ ਬਲਕਿ ਪਰਾਂਠਿਆਂ ਲਈ ਮਿਕਸੀ ’ਤੇ ਮੱਖਣ ਵੀ ਤਿਆਰ ਕਰ ਲੈਂਦੀ ਹੈ। ਚਾਹ ਦੀ ਘੁੱਟ ਪੀਕੇ ਪੈਦਲ ਹੀ ਗੁਰਦੁਆਰੇ ਜਾਂਦੀ ਹੈ, ਲਗਭਗ ਡੇਢ ਕਿਲੋਮੀਟਰ। ਮੂੰਹ ਹਨੇਰੇ ਨਿਕਲ ਤੁਰਦੀ ਹੈ ਤੇ ਸੂਰਜ ਦੀ ਟਿੱਕੀ ਚੜ੍ਹਨ ਵੇਲੇ ਘਰ ਪਰਤ ਆਉਂਦੀ ਹੈ। ਮੁੰਡੇ ਨੂੰ ਨਾਸ਼ਤਾ ਕਰਵਾਕੇ ਖੁਦ ਨਾਸ਼ਤਾ ਕਰਦੀ ਹੈ ਤੇ ਆਪਣੀ ਕਿਰਾਏ ਦੀ ਦੁਕਾਨ ਦਾ ਸ਼ਟਰ ਜਾ ਖੋਲ੍ਹਦੀ ਹੈ। ਮੈਂ ਰੋਜ਼ ਹੀ ਨੋਟ ਕਰਦਾ ਆਇਆ ਹਾਂ, ਇਹ ਉਸਦਾ ਰੋਜ਼ਾਨਾ ਦਾ ਕਰਮ ਹੈ।

ਵੇਹਲੇ ਸਮੇਂ ਉਹ ਮੇਰੇ ਲਈ ਵੀ ਟਾਈਮ ਕੱਢ ਲੈਂਦੀ ਹੈ। ਅਸੀਂ ਗੱਲਾਂ ਕਰਦੇ ਹਾਂ, ਸੁੱਖ ਦੁੱਖ ਦੀਆਂ। ਗੱਲਾਂ-ਗੱਲਾਂ ਵਿੱਚ ਮੈਂ ਪਹਿਲਾਂ ਹੀ ਪੁੱਛ ਚੁੱਕਾ ਹਾਂ—ਦੀਪ, ਤੂੰ ਹੋਰ ਵਿਆਹ ਕਿਉਂ ਨ੍ਹੀਂ ਕਰਵਾਇਆ--

ਮੇਰੇ ਇੰਝ ਅਚਾਨਕ ਕੀਤੇ ਸਵਾਲ ’ਤੇ ਵੀ ਉਸਦੇ ਚਿਹਰੇ

'ਤੇ ਕੋਈ ਹੈਰਾਨੀ ਦੇ ਚਿੰਨ੍ਹ ਨਜ਼ਰ ਨਹੀਂ ਸੀ ਆਏ ਸਨ, ਬਲਕਿ ਆਪਣੀਆਂ ਮੋਟੀਆਂ ਗੋਲ ਅੱਖਾਂ ਨਾਲ ਉਲਟਾ ਮੈਨੂੰ ਹੀ ਪ੍ਰਸ਼ਨ ਕਰ ਮਾਰਿਆ ਸੀ--ਕਿਉਂ--? ਤੈਨੂੰ ਲੱਗਦੈ ਮੈਨੂੰ ਵਿਆਹ ਕਰਵਾ ਲੈਣਾ ਚਾਹੀਦੈ--

ਮੁੜ ਕਦੇ ਵੀ ਮੈਂ ਪੁੱਛਣ ਦੀ ਗੁਸਤਾਖੀ ਨਹੀਂ ਸੀ ਕੀਤੀ। ਪਰ ਮੈਨੂੰ ਉਸਦੀ ਜ਼ਿੰਦਗੀ ਬਾਰੇ ਉਸ ਤੋਂ ਹੀ ਥੋੜ੍ਹਾ ਬਹੁਤ ਪਤਾ ਲੱਗਾ ਸੀ। ਉਹ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ ਦੇ ਨੇੜੇ ਹੀ ਇਕ ਭੀੜੀ ਗਲੀ ਵਿੱਚ ਰਹਿੰਦੇ ਸਨ। ਉਸਦਾ ਪਤੀ ਛੋਲੇ ਭਟੂਰਿਆਂ ਦੀ ਰੇਹੜੀ ਲਗਾਉਂਦਾ ਸੀ। ਚੰਗੀ ਖਾਸੀ ਰੇਹੜੀ ਰਿੜਦੀ ਸੀ। ਗੁਰਦੀਪ ਜਿਹੀ ਸੁਹਣੀ ਸੁਨੱਖੀ ਤੇ ਸੁਘੜ ਸਿਆਣੀ ਪਤਨੀ ਪਾ ਕੇ ਧਰਮਜੀਤ ਆਪਣੇ ਆਪ ਨੂੰ ਬਹੁਤ ਹੀ ਖੁਸ਼ਨਸੀਬ ਸਮਝਦਾ। ਗੁਰਦੀਪ ਦਾ ਹਰ ਸ਼ੌਕ ਪੂਰਾ ਕਰਨ ਦੀ ਕੋਸ਼ਿਸ਼ ਕਰਦਾ। ਗੁਰਦੀਪ ਵੀ ਉਸਦਾ ਪੂਰਾ ਖਿਆਲ ਰੱਖਦੀ, ਉਸਨੂੰ ਰੱਜਵਾਂ ਪਿਆਰ ਦਿੰਦੀ। ਧਰਮਜੀਤ ਦਾ ਹੀ ਨਹੀਂ ਆਪਣੇ ਸੱਸ ਸਹੁਰੇ ਦੀ ਹਾਂ ਵਿੱਚ ਵੀ ਹਾਂ ਮਿਲਾਉਂਦੀ।

ਪਰ ਇੱਕ ਦਿਨ ਕੋਹਰਾਮ ਮੱਚਿਆ ਤੇ ਨਾਦਰਸ਼ਾਹੀ ਫੁਰਮਾਨ ਨੇ ਉਸਦੇ ਘਰ ਨੂੰ ਤੀਲਾ ਤੀਲਾ ਕਰ ਦਿੱਤਾ। ਉਸਦੀਆਂ ਅੱਖਾਂ ਸਾਹਵੇਂ ਉਸਦੇ ਸੱਸ ਸਹੁਰੇ ਦੇ ਗਲਾਂ ਵਿਚ ਟਾਇਰ ਪਾਕੇ ਅੱਗ ਲਗਾਈ ਗਈ। ਉਸਦੇ ਪਤੀ ਦੇ ਸਾਹਮਣੇ ਪਹਿਲਾਂ ਉਸਨੂੰ ਬੇਇਜ਼ਤ ਕੀਤਾ ਗਿਆ ਤੇ ਫਿਰ---ਉਸਦੇ ਪੂਰੇ ਕੱਪੜੇ ਲਾਹ ਸੁੱਟੇ। ਉਨ੍ਹਾਂ ਜ਼ਾਲਿਮਾਂ ਨੇ ਵਿਦੇਸ਼ੀ ਧਾੜਵੀਆਂ ਨੂੰ ਵੀ ਮਾਤ ਦੇ ਛੱਡੀ। ਉਸਦੇ ਮਿੰਨਤਾ ਤਰਲਿਆਂ ਦੇ ਬਾਵਜੂਦ ਉਸਦੇ ਪਤੀ ਦੀ ਗਰਦਨ ਲਾਹਕੇ ਉਨ੍ਹਾਂ ਉਹ ਮਾਰੀ। ਉਸਦਾ ਨਗਨ ਸਰੀਰ ਉਥੇ ਹੀ ਸੁੰਨ ਹੋ ਕੇ ਰਹਿ ਗਿਆ। ਜਦੋਂ ਸੁਰਤ ਪਰਤੀ ਤਾਂ ਉਸ ਨੇ ਆਪਣੇ ਆਪ ਨੂੰ ਕਿਸੇ ਦਿਆਲੂ ਪੁਰਖ ਦੇ ਘਰ ਪਾਇਆ।

-ਉਨ੍ਹਾ ਮੇਰੇ ਪੇਟ ਵਿਚ ਪਲਮਦੇ ਜੀਵ ਦੀ ਵੀ ਪਰਵਾਹ ਨਾ ਕੀਤੀ ਤੇ---

ਇਕ ਰੋਜ਼ ਤਾਂ ਗੁਰਦੀਪ ਨੇ ਕਹਾਣੀ ਹੀ ਸਿਰੇ ਲਾ ਦਿੱਤੀ ਸੀ--ਮੇਰੇ ਸਾਹਮਣੇ ਮੇਰਾ ਪਰਿਵਾਰ ਖਤਮ ਹੋ ਗਿਆ--ਮੇਰਾ ਸਾਰਾ ਕੁਛ ਈ ਉਜੜ ਗਿਆ ਤੇ ਮੈਂ ਬੇਪੱਤ ਹੋਈ ਏਥੇ ਪਟਿਆਲੇ ਆਪਣੇ ਇੱਕ ਰਿਸ਼ਤੇਦਾਰ ਕੋਲ ਆਣ ਟਿਕੀ। ਪਰ ਹਾਲੇ ਕੁਝ ਦਿਨ ਹੀ ਬੀਤੇ ਸਨ ਕਿ ਮੇਰੇ ਅਧੇੜ ਉਮਰ ਦੇ ਰਿਸ਼ਤੇਦਾਰ ਦੀ ਨੀਤ ਫਿੱਟ ਗਈ ਤੇ ਉਸ ਮੈਨੂੰ ਆਪਣੇ ਨਾਲ ਬਿਸਤਰ 'ਤੇ ਪੈਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਅਤੇ ਜਦੋਂ ਮੈਂ ਕਿਸੇ ਵੀ ਸੂਰਤ ਨਾ ਮੰਨੀ ਤਾਂ ਉਸਨੇ ਮੇਰੇ ਨਾਲ ਰੇਪ ਕਰਨ ਦਾ ਵੀ ਯਤਨ ਕੀਤਾ। ਪਰ ਮੈਂ ਉਸਦਾ ਵਿਰੋਧ ਕਰਨ ਵਿਚ ਸਫਲ ਹੋ ਗਈ--।

--ਅਤੇ ਹੁਣ ਤੁਸੀਂ ਜਾਣਦੇ ਹੀ ਓਂ--। ਇਤਨਾ ਕਹਿੰਦਿਆਂ ਗੁਰਦੀਪ ਦੀਆਂ ਅੱਖਾਂ ਭਰ ਆਈਆਂ ਸਨ। ਮੈਂ ਉਸ ਨੂੰ ਆਪਣਾ ਧੋਇਆ ਹੋਇਆ ਸਫੇਦ ਰੁਮਾਲ ਦੇਣਾ ਚਾਹਿਆ ਪਰ ਉਸਨੇ ਆਪਣੀ ਚੁੰਨੀ ਦੇ ਲੜ ਨਾਲ ਆਪਣੇ ਅੱਥਰੂ ਸਾਫ ਕਰ ਲਏ ਸਨ।

--ਹੁਣ ਦੇਰ ਹੋ ਚੱਲੀ ਹੈ, ਮੇਰਾ ਉਸ ਨਾਲ ਮੇਲ ਨਹੀਂ ਹੋਇਆ। ਚੂੰਕਿ ਹੁਣ ਉਹ ਮੇਰੇ ਵਾਂਗ ਇਸ ਮਕਾਨ ਦੀ ਕਿਰਾਏਦਾਰ ਨਹੀਂ,ਉਸ ਆਪਣਾ ਨਿੱਕਾ ਜਿੰਨਾ ਮਕਾਨ ਸ਼ਹਿਰ ਦੇ ਬਾਹਰਵਾਰ ਇੱਕ ਕਲੋਨੀ ਵਿਚ ਪਾ ਲਿਆ ਹੈ। ਦਰਅਸਲ ਹੁਣ ਉਹ ਖੁਦ ਇਕ ਮਕਾਨ ਦੀ ਮਾਲਕ ਹੀ ਨਹੀਂ ਸੀ,ਬਲਕਿ ਇੱਕ ਦੁਕਾਨ ਦੀ ਮਾਲਕ ਵੀ ਹੋ ਗਈ ਸੀ। ਉਸਦਾ ਵੀ ਆਪਣੇ ਪਤੀ ਵਾਂਗ ਛੋਲੇ ਭਟੂਰਿਆਂ ਦਾ ਕੰਮ ਚੰਗਾ ਚੱਲ ਨਿਕਲਿਆ ਸੀ। ਨਵੇਂ ਮਕਾਨ ਦੀ ਖੁਸ਼ੀ ਸਾਂਝੀ ਕਰਨ ਲਈ ਉਸਨੇ ਮੈਨੂੰ ਵੀ ਚੱਠ 'ਤੇ ਬੁਲਾਇਆ ਸੀ। ਮੈਂ ਆਪਣੀ ਪਤਨੀ ਤੇ ਬੱਚੇ ਨਾਲ ਇਸ ਮੁਬਾਰਕ ਮੌਕੇ ਗਿਆ ਸਾਂ। ਉਹ ਖਿੜ੍ਹੇ ਮੱਥੇ ਮਿਲੀ ਸੀ।

-ਇਨਾਂ ਨੂੰ ਮਿਲੋ ਇਹ ਮੇਰੇ ਹਸਬੈਂਡ ਨੇ--। ਉਸਨੇ ਆਪਣੇ ਨਾਲ ਹੀ ਹੱਥ ਜੋੜਕੇ ਖੜ੍ਹੇ ਇਕ ਬਾਬੂ ਨਾਲ ਮੇਰਾ ਤਾਅਰੁਫ ਕਰਵਾਇਆ।

ਮੈਂ ਉਸ ਸ਼ਖਸ ਨਾਲ ਹੱਥ ਮਿਲਾਉਣ ਹੀ ਲੱਗਾ ਸੀ ਕਿ ਇੱਕ ਜਵਾਨ ਕੁੜੀ ਵੀ ਉਥੇ ਆ ਪਹੁੰਚੀ। ਉਸਨੂੰ ਪਿਆਰ ਨਾਲ ਗੁਰਦੀਪ ਕਹਿਣ ਲੱਗੀ--ਨਮਸਤੇ ਕਹੋ ਬੇਟਾ, ਇਹ ਵੀ ਤੇਰੇ ਅੰਕਲ ਨੇ--।

--ਵਾਪਸ ਪਰਤਣ ਵੇਲੇ ਮੈਂ ਸੋਚ ਰਿਹਾ ਸੀ ਕਿ ਬੇਸ਼ਕ ਮੇਰੇ ਮਕਾਨ ਮਾਲਕ ਨੇ ਮੇਰੇ ਸਿਰ ਦੀ ਟੁੱਟੀ ਹੋਈ ਛੱਤ ਹਾਲੇ ਤੱਕ ਵੀ ਨਹੀਂ ਬਦਲੀ ਪਰ ਗੁਰਦੀਪ ਨੇ ?ਰੂਰ ਆਪਣੇ ਸਿਰ 'ਤੇ ਪੱਕੀ ਛੱਤ ਪਾ ਲਈ ਸੀ।

***

# ਜਸਵੀਰ ਸਿੰਘ ਸ਼ਾਇਰ ਦੀਆਂ ਤਿੰਨ ਕਾਵਿ-ਰਚਨਾਵਾਂ

## ਕੀਕੁਣ ਭੁਲਾਂ..?

ਕੀਕੁਣ ਭੁਲਾਂ ਭੁੱਲ ਨ੍ਹੀਂ ਹੋਣਾ
ਮੈਥੋਂ ਤੇਰਾ ਨਾਂ।
ਸੁਪਨੇ ਦੇ ਵਿੱਚ ਮੁੜ-ਮੁੜ ਦੀਂਹਦਾ
ਮੈਨੂੰ ਯਾਰ ਗਰਾਂ।

ਜਿਸ ਦੀਆਂ ਗਲ?ੀਆਂ ਦੇ ਵਿੱਚ ਖੇਡੇ
ਬੱਚੇ ਰਲ? ਕੇ ਰੋਜ਼।
ਨਈਂ ਭੁੱਲਦੇ ਉਹ ਆੜੀ ਸਾਰੇ,
ਨਾ ਹੀ ਭੁੱਲਣ ਚੋਜ।
ਜਿੱਥੇ ਬਾਪੂ ਛੱਤ ਹੈ ਘਰ ਦੀ
ਰੱਬ ਸੁਣੀਂਦੀ ਮਾਂ।

ਵਾਂਗ ਭਰਾਵਾਂ ਕੌਣ ਹੈ ਖੜ੍ਹਦਾ
ਵੇਖੋ ਗੱਲ ਵਿਚਾਰ।
ਭੈਣਾਂ, ਘਰ ਦਾ ਗਹਿਣਾ ਹੋਵਣ
ਸੁੱਚਾ ਕਾਰ-ਵਿਹਾਰ।
ਨਈਂ ਭੁੱਲਦੀ, ਹਾਏ ਲੱਖ ਭੁਲਾਵਾਂ
ਇੱਕ ਬੋਹੜ ਦੀ ਛਾਂ।

ਉਸ ਦਾ ਤੱਕਣਾ ਤੇ ਸ਼ਰਮਾਉਣਾ
ਅੱਜ ਵੀ ਲੈਂਦਾ ਮੋਹ।
ਚੇਤੇ ਦੇ ਵਿੱਚ ਵਸਦੀ ਸ਼ਾਇਰ
ਮੱਧਮ ਜੇਹੀ ਲੋਅ।
ਬੇਬੇ ਬਾਪੂ ਜਿਸ ਨਾ' ਦਿੱਤਾ
ਸੀ ਮੈਨੂੰ ਪ੍ਰਣਾ।

## ਜਨਮਾਂ ਦੀ ਤੇਹ

ਇੱਕ ਜਨਮਾਂ ਦੀ ਤੇਹ ਨਾ ਮੁੱਕੇ
ਇੱਕ ਨਈਂ ਭਟਕ ਮੁਕਾਉਂਣੀ।
ਹਰ ਵੇਲੇ ਹੀ ਮੱਚਦੀ ਰਹਿੰਦੀ
ਮੇਰੇ ਦਿਲ ਦੀ ਛਾਉਣੀ।

ਲਾ ਹਾਸੇ ਤੇ ਰੋਣੇਂ ਜਿੰਦ ਨੂੰ
ਹਿਜਰਾਂ ਸੰਗ ਹੰਢਾਇਆ।
ਮਿਲਣੇ ਦੀ ਜਦ ਰੁੱਤ ਆਈ ਤਾਂ
ਹੜ੍ਹ ਹੰਝੂਆਂ ਦਾ ਆਇਆ।
ਦਿਲ ਦੇ ਘਰ ਤਾਂ ਨਿੱਤ ਆ ਬੈਠੇ
ਪੀੜਾ ਬਣ ਪ੍ਰਾਹੁਣੀ।

ਜਿਹੜੀ ਰਾਂਝਣ ਦੇ ਸੰਗ ਹੋਈ,
ਓਹੀ ਮੈਂ ਸੰਗ ਬੀਤੀ।
ਯੁੱਗ ਬਦਲੇ ਨੇ ਸੈਆਂ ਐਪਰ
ਨਈਂ ਬਦਲੀ ਜੱਗ ਰੀਤੀ।
ਆਸ਼ਕ ਲਈ ਤਾਂ ਉਂਵ ਜੱਗ ਉੱਤੇ
ਹਰ ਇੱਕ ਰੀਤ ਡਰਾਉਣੀ।

ਏਨਾ ਸਫ਼ਰ ਲੰਮੇਰਾ ਕਰਕੇ
ਹੁਣ ਕਿਉਂ ਵਾਪਿਸ ਜਾਣਾ?
ਦੁਨੀਆਂ ਦੇ ਹਰ ਜੀਵ ਦਾ ਸ਼ਾਇਰ
ਪਾਉਣਾ ਅਸਾਂ ਨੇ ਬਾਣਾ।
ਦੁਨੀਆਂ ਤੋਂ ਹਾਏ ਜਾਣ ਦੀ ਲੋਚਾ
ਨਈਂ ਕਰਨੀ ਕਰਾਉਣੀਂ।

***



**ਜਸਵੀਰ ਸਿੰਘ ਸ਼ਾਇਰ**
**ਪਿੰਡ ਤੇ ਡਾਕ : ਬਾੜਾ ਸਿੱਧਪੁਰ**
**ਪਿੰਨ-144040, (ਜਲੰਧਰ)**
**ਮੋ.-77430-29901**

## ਕਿਹੜੇ ਰੋਜ਼...

ਕਿਹੜੇ ਰੋਜ਼ ਉਦਾਸੀ ਲੱਥੂ?
ਕਿਹੜੇ ਰੋਜ਼ ਦਿਵਾਲੀ ਹਊ?
ਰਾਂਝਣ ਦੇ ਟੁਰ ਜਾਣ ਦੀ ਗੱਲ 'ਤੇ
ਕਿਸ ਨੇ ਹੀਰ ਸੰਭਾਲੀ ਹਊ?

ਓਸੇ ਰੋਜ਼ ਉਦਾਸੀ ਲੱਥੂ,
ਖ਼ੁਸ਼ੀ ਜੇਸ ਦਿਨ ਭਾਲੀ ਹਊ।
ਯਾਰਾਂ ਦੀ ਉਸ ਮਹਿਫ਼ਲ ਦੇ ਵਿੱਚ
ਦਿਲ ਦੀ ਗੇਂਦ ਉਛਾਲੀ ਹਊ।

ਉਸੇ ਰੋਜ਼ ਦਿਵਾਲੀ ਹੋਣੀ,
ਲਾਟ ਦਿਲੇ ਵਿੱਚ ਬਾਲੀ ਹਊ।
ਬਾਵਣ ਕਲੀਆਂ ਵਾਲਾ ਚੋਲਾ
ਮੀਰੀ-ਪੀਰੀ ਪਾਲੀ ਹਊ।

ਬਾਬਲ ਅੰਮਾਂ ਦੌੜੇ ਹੋਣੇਂ
ਕੈਦੋਂ ਦੇ ਮੂੰਹ ਗਾਲੀ ਹਊ।
ਰਾਂਝਣ ਦੇ ਟੁਰ ਜਾਣ ਦੀ ਗੱਲ 'ਤੇ
ਸ਼ਾਇਰਾਂ ਹੀਰ ਸੰਭਾਲੀ ਹਊ।

***

# ਪ੍ਰਭਤਾ ਤੋਂ ਪ੍ਰਭ ਦੂਰ

ਜੀ ਕਰਦਾ ਏ ਸਾਲ ਪੰਜਾਹ ਕੁ,
ਪਿੱਛੇ ਝਾਤ ਪਵਾਵਾਂ ਮੈਂ।
ਨਿਰਛਲ ਹੁਸਨ ਬੇਦਾਗ ਮੁਹੱਬਤ,
ਦੇ ਵੇਲੇ ਵੱਲ ਜਾਵਾਂ ਮੈਂ।
ਕਾਰਾਂ ਅੰਦਰ ਘੁਟੇ ਵੱਟੇ,
ਸਾਹਾਂ ਵਿਚ ਕੋਈ ਸਰਗਮ ਭਰ ਲਾਂ,
ਟੱਪ ਟੱਪ ਕਰਦੇ ਤਾਂਗੇ ਉੱਤੇ,
ਮੁੜ ਕਿਧਰੇ ਬਹਿ ਜਾਵਾਂ ਮੈਂ।
ਮੰਨਿਆਂ ਕਿ ਕੋਠੀ ਦੀ ਛੱਤ ਚੋਂ,
ਬੂੰਦ ਨਹੀ ਕੋਈ ਚੋਂਦੀ ਥੱਲੇ।
ਐਪਰ ਛੰਨ ਦਾ ਨਿੱਘ ਤੇ ਠੰਡਕ,
ਕਿੱਧਰੋਂ ਢੂੰਡ ਲਿਆਵਾਂ ਮੈਂ।
ਅੰਦਰੋਂ ਬਾਹਰੋਂ ਕੱਚੇ ਘਰ ਵਿੱਚ,
ਕਿਵੇਂ ਨਿਭਾਏ ਪੱਕੇ ਰਿਸ਼ਤੇ,
ਅੱਜ ਦੇ ਮਹਿਲੀਂ ਜੰਮਿਆਂ ਤਾਈਂ,
ਦੱਸ ਜਰਾ ਸਮਝਾਵਾਂ ਮੈਂ।
ਮਾਂਗੀ ਪਾ ਕੇ ਵਾਢੀ ਕਰਨੀ,
ਕੰਮ ਦਾ ਕੰਮ ਮੁਫ਼ਤ ਦਾ ਮੇਲਾ,
ਫੋਨਾ ਵਿੱਚ ਘੁਸਰਿਆਂ ਤਾਈਂ,
ਕਰਦੈ ਚਿੱਤ ਵਖਾਵਾਂ ਮੈਂ।
ਜਿੱਥੇ ਬੈਠਿਆਂ ਖਿੜ ਜਾਂਦਾ ਸੀ,
ਮਨ ਤਨ ਬਿਨ ਕੁਝ ਖਰਚਾ ਕੀਤੇ,
ਸਾਂਝੀ ਉਸ ਬੈਠਕ ਦੀਆਂ ਖੁਸ਼ੀਆਂ,
ਪਿਆ ਗਵਾ ਪਛਤਾਵਾਂ ਮੈਂ।
ਉਹ ਗੰਨੇ, ਮੱਕੀ ਦੀਆਂ ਛੱਲੀਆਂ,
ਹੋਲਾਂ, ਆਬੂ, ਸੱਤੂ, ਜਰਦੇ,
ਬਾਸਮਤੀ ਦੀ ਮਹਿਕ ਅਨੋਖੀ,
ਕਿਧਰੋਂ ਲੱਭ ਲਿਆਵਾਂ ਮੈਂ।
ਤਾਜੀ ਰਹੁ ਪੀ ਕੇ ਫਿਰ ਗੰਡ ਚੋਂ,
ਤੀਲੇ ਛਿੱਲੜ ਦੇ ਲੈ ਚਮਚੇ।
ਜੀ ਕਰਦਾ ਏ ਮੁੜ ਕੇ ਮੇਰਾ,
ਉਹ ਤੱਤਾ ਗੁੜ ਖਾਵਾਂ ਮੈਂ।
ਬੂਰੀ ਮੱਝ ਦੀਆਂ ਮਿੱਠੀਆਂ
ਨਿੱਘੀਆਂ,
ਧਾਰਾਂ ਲੈ ਕੇ ਵੇਖ ਲਵਾਂ ਜੇ,
ਸੱਜਰ ਮੱਝ ਸਵਾਦੀ ਬਾਹੁਲੀ,
ਗੁੜ ਪਾ ਕੇ ਬਣਵਾਵਾਂ ਮੈਂ।
ਛੱਡ ਕੇ ਪੀਜੇ ਬਰਗਰ ਨੂਡਲ,
ਤਿੱਖੇ ਮਿਰਚ ਮਸਾਲੇ ਵਾਲੇ,
ਮਿੱਸੀ ਰੋਟੀ ਮੱਖਣ ਧਰ ਕੇ,
ਨਾਲ ਦਹੀਂ ਦੇ ਖਾਵਾਂ ਮੈਂ।
ਘਰ ਦੀ ਸ਼ੱਕਰ ਵਿੱਚ ਰਲਾ ਕੇ
ਦੇਸੀ ਘਿਓ ਦੀ ਚੂਰੀ ਕੁੱਟਾਂ,
ਲਾਹ ਤੰਦੂਰੋਂ ਤੱਤੇ ਫੁਲਕੇ,
ਚੋਂਘੇ ਵਿੱਚ ਕਢਾਵਾਂ ਮੈਂ।
ਧੂੜ ਉਡਾਉਂਦਾ ਕੱਚੇ ਰਾਹੀਂ,
ਮੁੜਕੇ ਫੇਰ ਵੈਸਾਖੀ ਜਾਵਾਂ।
ਮੇਲੇ ਵਿੱਚੋਂ ਲੈ ਪੀਪਨੀ,
ਬਣ ਕੇ ਬਾਲ ਵਜਾਵਾਂ ਮੈਂ।
ਬਲਦਾਂ ਦੇ ਗਲ ਟੱਲੀਆਂ ਘੁੰਗਰੂ,
ਗੱਡੇ ਦੇ ਪਹੀਆਂ ਦੀ ਘੀਂ ਘੀਂ,
ਪੱਟ ਤੇ ਬਹਿ ਕੇ ਤਾਲ ਮਿਲਾ ਕੇ,
ਢੋਲੇ ਮਾਹੀਏ ਗਾਵਾਂ ਮੈਂ।
ਬਾਥਰੂਮ ਦਾ ਸ਼ੈਂਪੂ ਸਾਬਣ,
ਬੱਸ ਪਿੰਡੇ ਨੂੰ ਤਾਜਾ ਕਰਦੈ,
ਪਰ ਰੂਹ ਤਾਜਾ ਕਰਨ ਵਾਸਤੇ,
ਕੱਸੀ ਵਿੱਚ ਨਹਾਵਾਂ ਮੈਂ।
ਕੱਢ ਫਰਿੱਜੋਂ ਬਾਸੀ ਫਲ ਸਭ,
ਸੁੱਟ ਦਿਆਂ ਰੂੜੀ ਦੇ ਉੱਤੇ,
ਕਾਠੀ ਬੇਰੀ ਹੇਠੋਂ ਚੁਣ ਕੇ,
ਤਾਜੇ ਬੇਰ ਲਿਆਵਾਂ ਮੈਂ।
ਕਰ ਕੇ ਕੱਠੇ ਯਾਰ ਪੁਰਾਣੇ,
ਦੇਸੀ ਖੇਡਾਂ ਮੁੜ ਕੇ ਖੇਡਾਂ,
ਹੱਟੀ ਚੋਂ ਸੌਦੇ ਦੇ ਮਗਰੋਂ,
ਝੂੰਗਾ ਲੈ ਕੇ ਖਾਵਾਂ ਮੈਂ।
ਮਿਣਦਾ ਬੋਹਲ ਤਲਾਵਾ ਹੋਵੇ,



ਲਖਵਿੰਦਰ ਸਿੰਘ ਬਾਜਵਾ
9416734506

ਬਰਕਤ ਦੋਆ ਬਹੁਤੇ ਕਹਿ ਕੇ,
ਰੀੜੀ ਲੈਣ ਖਲੋਤੇ ਨੇੜੇ,
ਨਿੱਕੇ ਬਾਲ ਵਖਾਵਾਂ ਮੈਂ।
ਘੋਲ ਅਖਾੜੇ ਸੌਂਚੀ ਮੁਗਦਰ,
ਛਿੰਞਾਂ ਦਾ ਉਹ ਮਜਾ ਅਨੋਖਾ,
ਨਾਲ ਤੇਲ ਦੇ ਗੁੰਨ੍ਹੇ ਪਿੰਡੇ,
ਦਾ ਲਿਸ਼ਕੋਰਾ ਪਾਵਾਂ ਮੈਂ।
ਮੱਕੀ ਦੀ ਰੋਟੀ ਚੁੱਲ੍ਹੇ ਵਿੱਚ,
ਕੋਲਿਆਂ ਉਤੇ ਧਰ ਕੇ ਰਾੜ੍ਹਾਂ,
ਸਾਗ ਸਰੋਂ ਦਾ ਮਿੱਟੀ ਵਾਲੀ,
ਤੌੜੀ ਵਿੱਚ ਬਣਵਾਵਾਂ ਮੈਂ।
ਲਾਹ ਮਲਾਈ ਮੋਟੀ ਸਾਰੀ,
ਕੌਲੀ ਦੇ ਵਿੱਚ ਪਾ ਕੇ ਖਾਵਾਂ,
ਦੁੱਧ ਧੁਖਾਵਾਂ ਪਾ ਕਾੜ੍ਹਨੀ,
ਹਾਰੇ ਵਿੱਚ ਰਖਵਾਵਾਂ ਮੈਂ।
ਫੱਟੀ ਅਤੇ ਸਲੇਟ ਤੇ ਲਿਖਣਾ,
ਕਿੰਨੇ ਰੁੱਖ ਬਚਾ ਦੇਂਦਾ ਸੀ।
ਅੰਨ੍ਹੇਵਾਹ ਕਾਗਜ ਦੀ ਵਰਤੋਂ,
ਕਰਨੋ ਜਰਾ ਹਟਾਵਾਂ ਮੈਂ।
ਬਿਨਾ ਜ਼ਹਿਰ ਤੋਂ ਖਾਲਸ ਵਸਤਾਂ,
ਪਾਪ ਮਿਲਾਵਟ ਸਮਝਣ ਵਾਲੇ,
ਰੱਬ ਦਾ ਦਿੱਤਾ ਖਾਂਦੇ ਸਨ ਜੋ,
ਬੰਦੇ ਯਾਦ ਕਰਾਵਾਂ ਮੈਂ।
ਨਦੀਆਂ, ਨਹਿਰਾਂ, ਕੱਸੀਆਂ ਅੰਦਰ,
ਪਾਣੀ ਸਾਫ਼ ਜਦੋਂ ਸੀ ਵਗਦਾ,

ਗੋਡੀ ਲਾ ਕੇ ਪੀਂਦੇ ਲੋਕੀਂ,
ਕਰਦੈ ਚਿੱਤ ਵਖਾਵਾਂ ਮੈਂ।
ਸੱਥਾਂ ਅੰਦਰ ਰੌਣਕ ਮੇਲੇ,
ਅੰਦਰੋਂ ਫੁੱਟਦੇ ਅਸਲੀ ਹਾਸੇ,
ਜਿੱਥੇ ਜੀਵਨ ਦਿਸੇ ਧੜਕਦਾ,
ਭੱਜ ਭੱਜ ਓਥੇ ਜਾਵਾਂ ਮੈਂ।
ਜਿੱਥੇ ਚਿੱਟੀਆਂ ਪੱਗਾਂ ਬੰਨ੍ਹ ਕੇ,
ਲਾਜ ਉਹਨਾ ਦੀ ਰੱਖਣੀ ਜਾਨਣ,
ਧੀਆਂ ਪੁੱਤਰ ਮਾਪਿਆਂ ਵਾਲਾ,
ਮੁੜ ਕੇ ਮਾਣ ਵਧਾਵਾਂ ਮੈਂ।
ਕੌਲ ਪੁਗਾਉਣ ਲਈ ਮੈਂ ਵੇਖੇ,
ਹੱਸ ਕੇ ਘਾਟਾ ਜਰ ਲੈਂਦੇ ਸਨ,
ਉੱਚੀ ਰੱਖਦੇ ਹਸਤੀ ਜਿੱਥੇ,
ਮੁੜ ਵੇਖਾਂ ਉਹ ਥਾਵਾਂ ਮੈਂ।
ਪੈਸੇ ਦੀ ਤੰਗੀ ਦੇ ਹੁੰਦਿਆਂ,
ਭਰੀ ਤਜੌਰੀ ਸਿਦਕ ਸਬੂਰੀ,
ਉਹ ਅਮੀਰ ਦਿਲਾਂ ਦੇ ਬੰਦੇ,
ਕਰਦੈ ਚਿੱਤ ਲਿਆਵਾਂ ਮੈਂ।
ਆਈ ਜੋ ਸਾਇੰਸ ਦੀ ਆਂਧੀ,
ਨਾਲ ਲਿਆਈ ਕੂੜਾ ਕਰਕਟ,
ਮਾਨਵਤਾ ਦੇ ਵਿਹੜੇ ਅੰਦਰ,
ਝਾੜੂ ਫੇਰ ਫਿਰਾਵਾਂ ਮੈਂ।
ਹਿੱਕ ਦੇ ਜੋਰ ਕਹੀ ਦਾ ਟੱਪਾ,
ਸੁੱਟਣਾ ਖਾਲੋਂ ਬਾਹਰ ਵਗਾਹ ਕੇ,
ਜਿੰਮ ਦੇ ਬੜੇ ਸ਼ੁਕੀਨਾ ਤਾਈਂ,
ਕਸਰਤ ਜਰਾ ਕਰਾਵਾਂ ਮੈਂ।
ਦੁਖ ਦਾਰੂ ਸੁਖ ਰੋਗ ਭਇਆ, ਹੀ,
ਬਾਜਵਿਆ ਗਾਉਂਦੇ ਸੀ ਜਿੱਥੇ,
ਉਸ ਸਤਿਕਾਰਤ ਸਰਦਲ ਉਤੇ,
ਮੁੜ ਕੇ ਸੀਸ ਨਿਵਾਵਾਂ ਮੈ।
ਲਘੁਤਾ ਵਿੱਚ ਪ੍ਰਭਤਾ ਵੇਖੀ,
ਪ੍ਰਭਤਾ ਤੋਂ ਪ੍ਰਭ ਦੂਰ ਹੋ ਗਿਆ,
ਕੀੜੀ ਹੋ ਨਾ ਸ਼ੱਕਰ ਖਾਧੀ,
ਹਾਥੀ ਧੂੜ ਉਡਾਵਾਂ ਮੈਂ।

***

## ਜ਼ਖ਼ਮੀ ਡਾਰ ਪਰਿੰਦਿਆਂ ਦੀ



**ਬਲਦੇਵ ਸਿੰਘ 'ਬੱਦਨ'**

ਘਰ ਉੱਤੋਂ ਦੀ ਜਦ ਵੀ ਲੰਘੇ ਜ਼ਖ਼ਮੀ ਡਾਰ ਪਰਿੰਦਿਆਂ ਦੀ।
ਮੈਨੂੰ ਆਪਣੀ ਸ਼ਾਇਰੀ ਜਾਪੇ ਜ਼ਖ਼ਮੀ ਡਾਰ ਪਰਿੰਦਿਆਂ ਦੀ।

ਕੁਝ ਇਕ ਕੂੰਜਾਂ ਧੀਆਂ ਵਾਂਗੂੰ ਰੁਦਨ ਕਰੇਦੀਆਂ ਜਾਪਦੀਆਂ
ਚੱਲੀ ਪੇਕੇ ਜਾਂ ਕਿ ਸਹੁਰੇ ਜ਼ਖ਼ਮੀ ਡਾਰ ਪਰਿੰਦਿਆਂ ਦੀ।

ਇਹ ਜੋ ਜ਼ਖ਼ਮੀ ਡਾਰ ਹੈ ਇਸ ਵਿਚ ਮੇਰੇ ਵੀ ਕੁਝ ਸੁਪਨੇ ਹਨ
ਮੈਥੋਂ ਪਈ ਹੁੰਗਾਰਾ ਮੰਗੇ ਜ਼ਖ਼ਮੀ ਡਾਰ ਪਰਿੰਦਿਆਂ ਦੀ।

ਕਿਸ ਪਾਪੀ ਨੇ ਇਨ੍ਹਾਂ ਦੇ ਦਿਲ ਵਿਚ ਨਿਸ਼ਠੁਰ ਤੀਰ ਪਰੋ ਦਿੱਤੇ
ਅੰਬਰਾਂ ਤਕ ਕੁਰਲਾਉਂਦੀ ਜਾਪੇ ਜ਼ਖ਼ਮੀ ਡਾਰ ਪਰਿੰਦਿਆਂ ਦੀ।

ਕਾਸ਼ ਇਹ ਮੇਰੀ ਛੱਤ 'ਤੇ ਉਤਰਨ ਸਿਉਂ ਦੇਵਾਂ ਮੈਂ ਜ਼ਖ਼ਮ ਇਨ੍ਹਾਂ ਦੇ
ਇਹ ਤਾਂ ਮੇਰੇ ਦਾਮਨ ਵਰਗੀ ਜ਼ਖ਼ਮੀ ਡਾਰ ਪਰਿੰਦਿਆਂ ਦੀ।

ਜ਼ਖ਼ਮੀ ਡਾਰ ਦਾ ਹਰ ਇਕ ਪੰਛੀ ਮੇਰੇ ਦਿਲ ਦਾ ਚੋਗ ਚੁਗੇ
'ਬੱਦਨ' 'ਚੋਂ ਮਨਫ਼ੀ ਨਾ ਹੋਵੇ ਜ਼ਖ਼ਮੀ ਡਾਰ ਪਰਿੰਦਿਆਂ ਦੀ।

***

ਕਹਾਣੀ

# ਘੰਟੀ

-ਮੁਨੀਸ਼ ਤਾਲਿਬ

ਇਹ ਕਹਾਣੀ ਪਰਮਜੀਤ ਦੀ ਹੈ ਜੋ ਸੈਂਟਰ ਗੋਰਮਿੰਟ ਦੀ ਰੇਲਵੇ ਦੀ ਨੌਕਰੀ ਤੋਂ ਰਿਟਾਇਰ ਹੋ ਕੇ ਆਪਣੇ ਘਰ ਵਾਪਸ ਆ ਗਿਆ ਉਹ ਫੋਰਥ ਕਲਾਸ ਵਿੱਚ ਕਾਂਟਾ ਗੇਟ ਸੇਵਾਦਾਰ ਮੁਲਾਜ਼ਮ ਸੀ। ਉਸ ਦਾ ਇੱਕ ਪੁੱਤਰ ਸੱਤੀ ਤੇ ਇੱਕ ਧੀ ਪ੍ਰੀਤ ਸੀ। ਪੱਚੀ-ਤੀਹ ਸਾਲ ਦੀ ਸਰਵਿਸ ਕਰਨ ਤੋਂ ਬਾਅਦ ਉਸ ਨੇ ਪ੍ਰੀ ਪੈਨਸ਼ਨ ਸਕੀਮ ਤਹਿਤ ਆਪਣੀ ਪਤਨੀ ਦੀ ਬਿਮਾਰੀ ਦਾ ਹਵਾਲਾ ਮੈਡੀਕਲ ਬਣਾ ਕੇ ਰਿਟਾਇਰਮੈਂਟ ਪ੍ਰਾਪਤ ਕਰ ਲਈ। ਆਪਣੀ ਨੌਕਰੀ ਦੇ ਦੌਰਾਨ ਉਸ ਨੇ ਘਾਟ ਘਾਟ ਦਾ ਪਾਣੀ ਪੀਤਾ ਤੇ ਇਕੱਲੇ ਤੇ ਸਾਦੇ ਢੰਗ ਨਾਲ ਜ਼ਿੰਦਗੀ ਦਾ ਕਾਫੀ ਹਿੱਸਾ ਕੱਢਿਆ ਸੀ। ਰਿਟਾਇਰਮੈਂਟ ਤੋਂ ਬਾਅਦ ਉਹ ਘਰ ਵਾਪਸ ਆਉਂਦਾ ਹੈ ਤੇ ਘਰ ਦੇ ਬਾਹਰ ਇੱਕ ਸਟੇਸ਼ਨਰੀ ਦੀ ਛੋਟੀ ਜਿਹੀ ਦੁਕਾਨ ਪਾ ਲੈਂਦਾ ਹੈ। ਘਰ ਦੇ ਕੋਲ ਸਕੂਲ ਹੋਣ ਕਾਰਨ ਉਸ ਦਾ ਮਾੜਾ ਮੋਟਾ ਕੰਮ ਚੱਲ ਪੈਂਦਾ ਹੈ।

ਗੁਰਮੀਤ ਉਸ ਦੀ ਘਰਵਾਲੀ ਕੁੱਝ ਦਿਨਾਂ, ਤੋਂ ਜ਼ਿਆਦਾ ਬੀਮਾਰ ਹੋਣ ਕਰਕੇ ਜ਼ਿਆਦਾ ਕੰਮ ਨਹੀਂ ਕਰ ਰਹੀ ਸੀ ਉਸ ਨੇ ਆਪਣੀ ਬੇਟੀ ਪ੍ਰੀਤ ਦਾ ਵਿਆਹ ਹਜੇ 6 ਮਹੀਨੇ ਪਹਿਲਾਂ ਹੀ ਕੀਤਾ ਸੀ ਅਤੇ ਉਸ ਦਾ ਬੇਟਾ ਸੱਤੀ ਦਿੱਲੀ ਵਿੱਚ ਸਕਿਊਰਟੀ ਦੀ ਨੌਕਰੀ ਕਰਦਾ ਸੀ। ਘਰ ਵਿੱਚ ਉਸ ਨੇ ਰੋਟੀ, ਬਰਤਨਾਂ, ਸਫ਼ਾਈ ਵਾਸਤੇ ਕੰਮ ਵਾਲੀ ਰੱਖੀਂ ਸੀ। ਜੋ 40-45 ਸਾਲ ਦੀ ਉਮਰ ਦੀ ਸੀ। ਲੋਕਲ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ ਅਤੇ ਕਿਹਾ ਕਿ ਗੁਰਮੀਤ ਦਾ ਇਲਾਜ ਲੰਮਾ ਚੱਲੂਗਾ, ਉਸ ਨੂੰ ਬੱਚੇਦਾਨੀ ਦਾ ਕੈਂਸਰ ਹੋ ਗਿਆ ਹੈ। ਪਰਮਜੀਤ ਉਸ ਨੂੰ ਲੈ ਕੇ ਚੰਡੀਗੜ੍ਹ ਦੇ ਪੀ ਜੀ ਆਈ ਹਸਪਤਾਲ ਵਿੱਚ ਲੈ ਕੇ ਗਿਆ।

ਉਸ ਦੀ ਹਾਲਤ ਤਰਸਯੋਗ ਹੈ ਡਾਕਟਰ ਉਸ ਨੂੰ ਘਰ ਵਿੱਚ ਅਰਾਮ ਕਰਨ ਤੇ ਹਫ਼ਤੇ ਬਾਅਦ ਇਥੇ ਆ ਕੇ ਚੈਕ ਕਰਾਉਣ ਦੀ ਸਲਾਹ ਦੇਂਦੇ ਹਨ। ਪਰਮਜੀਤ ਦਾ ਮੁੰਡਾ ਦਿੱਲੀ ਨੌਕਰੀ ਤੋਂ ਕੁੱਝ ਛੁੱਟੀ ਲੈ ਕੇ ਵਾਪਸ ਆ ਗਿਆ ਅਤੇ ਮਾ ਦੀ ਸਾਂਭ ਸੰਭਾਲ ਕਰਨੀ ਸ਼ੁਰੂ ਕਰ ਦਿੱਤੀ।

ਪਰਮਜੀਤ ਰੋਜ਼ ਸਵੇਰੇ ਉੱਠ ਕੇ ਇਸ਼ਨਾਨ ਪਾਣੀ ਕਰਕੇ ਗੁਰਦੁਆਰਾ ਸਾਹਿਬ ਵਿੱਚ ਨਤਮਸਤਕ ਹੋਣ ਜਾਂਦਾ ਹੈ ਅਤੇ ਆਪਣੀ ਘਰਵਾਲੀ ਦੀ ਤੰਦਰੁਸਤੀ ਦੀ ਅਰਦਾਸ ਕਰਦਾ ਹੈ। ਇਥੇ ਉਹ ਲੰਗਰ ਦੀ ਸੇਵਾ ਜੋੜੇ ਸਾਫ ਕਰਨ ਦੀ ਸੇਵਾ ਅਤੇ ਸਫ਼ਾਈ ਦੀ ਸੇਵਾ ਕਰਦਾ ਹੈ। ਪ੍ਰਮਾਤਮਾ ਉਸਦੀ ਬਹੁਤ ਨੇੜੇ ਹੋ ਕੇ ਸੁਣ ਰਿਹਾ ਸੀ। ਉਸ ਦੀ ਘਰਵਾਲੀ ਗੁਰਮੀਤ ਨੂੰ ਅਰਾਮ ਆਉਣ ਲੱਗ ਗਿਆ। ਡਾਕਟਰਾ ਅਨੁਸਾਰ ਹੁਣ ਸਿਰਫ਼ 30% ਬਿਮਾਰੀ ਉਸ ਦੀ ਕੇਵਲ ਰਹਿ ਗਈ। ਪਰਮਜੀਤ ਰੋਜ਼ ਸਵੇਰੇ ਨਿੱਤ ਨੇਮ ਵਾਲੀ ਰੂਟਿਨ ਨੂੰ ਲਾਗੂ ਕਰਦਾ ਪਿਆ ਸੀ ਤੇ ਉਸ ਦੇ ਅੰਦਰ ਤੇ ਬਾਹਰ ਸ਼ਾਂਤੀ ਸੀ।

ਇੱਕ ਦਿਨ ਉਸਦੇ ਫ਼ੋਨ ਦੀ ਘੰਟੀ ਖੜਕੀ ਜਿਸ ਤੇ ਇੱਕ ਔਰਤ ਉਸ ਨਾਲ ਬੜੇ ਮਿੱਠੇ ਲਹਿਜ਼ੇ ਵਿੱਚ ਗੱਲਾਂ ਕਰਨ ਲੱਗ ਜਾਂਦੀ ਹੈ। ਪਰਮਜੀਤ ਪਹਿਲਾਂ ਤਾਂ ਕੋਈ ਰਿਸ਼ਤੇਦਾਰ ਸਮਝ ਕੇ ਬੜੇ ਸੱਭਿਅਕ ਸਲੀਕੇ ਨਾਲ ਗੱਲ ਕਰਨ ਲੱਗ ਪਿਆ ਪ੍ਰੰਤੂ ਕੁੱਝ ਦੇਰ ਬਾਅਦ ਉਸ ਨੂੰ ਇਹ ਮਹਿਸੂਸ ਹੋਇਆ ਕਿ ਇਹ ਕੋਈ ਰਿਸ਼ਤੇਦਾਰ ਨਹੀਂ ਹੈ ਪਰ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਵੀ ਹੈ ਕਿ ਇਹ ਕਿਤੇ ਕੋਈ ਸ਼ਰਾਰਤੀ ਨਾ ਹੋਵੇ ਤੇ ਬਦਨਾਮੀ ਨਾਂ ਹੋ ਜਾਵੇ। ਉਸ ਨੇ ਫੋਨ ਕੱਟ ਦਿੱਤਾ ਅਤੇ ਆਪਣੀ ਜੇਬ ਵਿੱਚ ਪਾ ਲਿਆ ਅਤੇ ਆਪਣੇ ਕੰਮ ਵਿੱਚ ਰੁੱਝ ਗਿਆ ਪਰ ਉਸ ਦੇ ਜ਼ਹਿਨ ਵਿੱਚ ਉਹੀ ਮਿੱਠੀ ਤੇ ਸੁਰੀਲੀ ਆਵਾਜ਼ ਆਉਂਦੀ ਰਹੀ। ਹੁਣ ਉਹ ਵਾਰ ਵਾਰ ਫੋਨ ਨੂੰ ਵੇਖ ਰਿਹਾ ਹੈ ਕਿ ਸ਼ਾਇਦ ਦੁਬਾਰਾ ਘੰਟੀ ਖੜਕੇਗੀ। ਉਸ ਦਿਨ ਉਸ ਦੇ ਫੋਨ 'ਤੇ ਦੋ ਤਿੰਨ ਫੋਨ ਆਏ ਪਰ ਉਹ ਫੋਨ ਨਾ ਆਇਆ ਅਤੇ ਉਸ ਨੂੰ ਉਸ ਫੋਨ ਦਾਂ ਹੀ ਭੁਲੇਖਾ ਪੈਂਦਾ ਰਿਹਾ।

ਅਗਲੇ ਦਿਨ ਸਵੇਰੇ ਪਰਮਜੀਤ ਰੋਜ਼ ਦੀ ਤਰ੍ਹਾਂ ਗੁਰਦੁਆਰੇ ਵਿੱਚ ਹਾਜ਼ਰੀ ਭਰਨ ਗਿਆ ਤੇ ਸੇਵਾ ਕਰਨ ਤੋਂ ਬਾਅਦ ਵਾਪਸ ਘਰ ਆ ਗਿਆ। ਉਸ ਨੇ ਆਪਣੀ ਜੇਬ ਵਿਚੋਂ ਮੋਬਾਈਲ ਫੋਨ ਕੱਢ ਕੇ ਦੁਕਾਨ ਦੇ ਟੇਬਲ 'ਤੇ ਰੱਖ ਦਿੱਤਾ ਤੇ ਆਪਣੀ ਘਰਵਾਲੀ ਕੋਲ ਆ ਕੇ ਬੈਠ ਗਿਆ ਤੇ ਉਸ ਨੂੰ ਦਵਾਈ ਦੇਣ ਲੱਗ ਪਿਆ। ਉਹ ਗੁਰਮੀਤ ਨੂੰ ਆਖਦਾ ਹੈ ਕਿ ਗੁੰਥੀ

ਗਿਆਨੀ ਜਗਤਾਰ ਸਿੰਘ ਜੀ ਕਹਿੰਦੇ ਸਨ ਕਿ ਪਰਮਜੀਤ ਜੀ ਅਮ੍ਰਿਤ ਛੱਕ ਲਉ ਤੇ ਸਿੰਘ ਸੱਜ ਜਾਉ ਹੁਣ। ਗੁਰਮੀਤ ਆਖਦੀ ਹੈ ਕਿ ਮੈਨੂੰ ਠੀਕ ਹੋਣ ਦਿਓ ਆਪਾਂ ਦੋਵੇਂ ਛੱਕ ਲਵਾਗੇ। ਮੈਂ ਵੀ ਕੌਰ ਹੋ ਜਾਊ। ਪਰਮਜੀਤ ਹੱਸ ਕੇ ਕਹਿੰਦਾ ਹੈ ਠੀਕ ਹੈ। ਬਾਹਰ ਪਿਆ ਫੋਨ ਦੀ ਦੁਬਾਰਾ ਘੰਟੀ ਦੋ ਬਾਰ ਖੜਕੀ ਉਸ ਨੇ ਭੱਜ ਕੇ ਬਾਹਰ ਆ ਕੇ ਫ਼ੋਨ ਚੁਕਿਆਂ ਅਗੋਂ ਫਿਰ ਉਹੀ ਔਰਤ ਦੀ ਆਵਾਜ਼ ਆਈ ਇਸ ਵਾਰ ਪਰਮਜੀਤ ਦਾ ਰਵੱਈਆ ਠੀਕ ਸੀ। ਹੁਣ ਉਹ ਵੀ ਗੱਲ ਕਰਨ ਵਿੱਚ ਉਤਸੁਕਤਾ ਨਾਲ ਭਰਪੂਰ ਸੀ। ਉਸ ਔਰਤ ਦਾ ਨਾਂ ਸੀਮਾ ਸੀ। ਉਸ ਨੇ ਆਪਣੇ ਪਤੀ ਬਾਰੇ ਇਹ ਦੱਸਿਆ ਕਿ ਉਹ ਦੁੱਬਈ ਲੇਬਰ ਦੇ ਕੰਮ ਵਾਸਤੇ ਗਿਆ ਹੈ ਅਤੇ ਉਸ ਦੇ ਦੋ ਕੁੜੀਆਂ ਹਨ ਉਸ ਦਾ ਪਿੰਡ ਲੁਧਿਆਣਾ ਜ਼ਿਲ੍ਹੇ ਦੇ ਵਿੱਚ ਹੈ। ਗਲਤੀ ਨਾਲ ਮਿਸ ਕਾਲ ਵੱਜਣ ਕਾਰਨ ਉਸ ਦੀ ਗੱਲ ਉਸ ਨਾਲ ਹੋ ਗਈ। ਉਸ ਨਾਲ ਗੱਲਾਂ ਵਿੱਚ ਪਰਮਜੀਤ ਨੂੰ ਇਹ ਵੀ ਨਹੀਂ। ਯਾਦ ਸੀ ਕਿ ਉਹ ਗੁਰਮੀਤ ਨੂੰ ਦਵਾਈ ਹੱਥ ਵਿੱਚ ਦੇਣ ਤੋਂ ਬਾਅਦ ਪਾਣੀ ਦਾ ਗਿਲਾਸ ਦੇਣਾ ਵੀ ਭੁੱਲ ਗਿਆ ਸੀ। ਉਸ ਨੇ ਫੋਨ ਤੇ ਅੱਧਾ ਘੰਟਾ ਗੱਲਾਂ ਕੀਤੀਆ। ਉਸ ਤੋਂ ਬਾਅਦ ਉਸ ਨੇ ਆਪਣੀ ਜੇਬ ਵਿੱਚ ਮੋਬਾਇਲ ਨੂੰ ਰੱਖ ਲਿਆ। ਹੁਣ ਉਸ ਨੇ ਆਪਣੇ ਜੀਵਨ ਨੂੰ ਬੁੜਾਪੇ ਨੂੰ ਜਵਾਨੀ ਵਾਂਗ ਵੇਖਣਾ ਚਾਲੂ ਕਰ ਦਿੱਤਾ। ਉਸ ਨੂੰ ਆਪਣੇ ਆਪ ਵਿੱਚ ਇਹ ਮਹਿਸੂਸ ਹੋਣ ਲੱਗਾ ਕਿ ਸ਼ਾਇਦ ਉਹ ਹਜੇ ਜਵਾਨ ਹੈ ਉਸ ਨੇ ਆਪਣੇ ਵਾਲਾਂ ਨੂੰ ਰੰਗਣਾ ਸ਼ੁਰੂ ਕਰ ਦਿੱਤਾ। ਗੁਰਮੀਤ ਉਸ ਵੱਲ ਵੇਖ ਕੇ ਹੈਰਾਨ ਸੀ ਕਿ ਉਸ ਵਿੱਚ ਬਦਲਾਅ ਕਿਵੇਂ ਸ਼ੁਰੂ ਹੋ ਗਏ। ਸ਼ਾਇਦ ਉਸ ਦੇ ਠੀਕ ਹੋਣ ਕਾਰਨ ਉਹ ਖੁਸ਼ ਹੈ।

ਪਰਮਜੀਤ ਹੁਣ ਇੱਕ ਇਸ ਤਰ੍ਹਾਂ ਦੀ ਔਰਤ ਦੇ ਪ੍ਰੇਮ ਪਾਸ਼ ਦੇ ਵਿੱਚ ਫਸ ਗਿਆ ਜਿਸ ਨੂੰ ਉਸ ਨੇ ਕਦੇ ਵੇਖਿਆ ਤੱਕ ਨਹੀਂ ਸੀ। ਕੇਵਲ ਗੱਲਾਂ ਕੀਤੀਆਂ ਸਨ । ਹੁਣ ਉਹ ਗੁਰੂਘਰ ਤਾਂ ਜਾਂਦਾ ਸੀ ਪਰ ਪ੍ਰੇਮ ਪ੍ਰਤੀਤ ਨਹੀਂ ਸਜਾ ਪਾਉਂਦਾ ਸੀ। ਪਰ ਉਸ ਦੇ ਅੰਦਰ ਕਿਤੇ ਨਾ ਕਿਤੇ ਦੰਵਦ ਹੈ। ਜਦੋਂ ਉਹ ਗੁਰੂਦਵਾਰਾ ਸਾਹਿਬ ਦੇ ਅੰਦਰ ਹੈ ਤਾਂ ਉਸ ਦੇ ਅੰਦਰਲੇ ਸੰਤ ਗੁਣ ਉਸ ਨੂੰ ਇਥੇ ਆਈ ਸੰਗਤ ਵੱਲ ਮੈਲੀ ਅੱਖ ਨਾਲ ਵੇਖਣ ਨਹੀਂ ਦਿੰਦੇ । ਪਰ ਜਦੋਂ ਉਹ ਬਾਹਰ ਨਿਕਲ ਆਉਂਦਾ ਤਾਂ ਉਸ ਦੀ ਨਜ਼ਰ ਮਨਮੱਤ ਕਾਰਨ ਇੱਧਰ ਉੱਧਰ ਜਾਂਦੀ। ਉਮਰ ਦਰਾਜ਼ ਹੋਣ ਕਾਰਨ ਨਗਰ ਦੇ ਲੋਕ ਉਸ ਦਾ ਇੱਜ਼ਤ ਮਾਣ ਕਰਦੇ ਸਨ ਅਤੇ ਲੋਕਾਂ ਵਿੱਚ ਉਸ ਦੀ ਅਤੇ ਉਸ ਦੇ ਘਰ ਦੀ ਇੱਜ਼ਤ ਸੀ। ਇਸ ਲੋਕ ਲਾਜ ਕਾਰਨ ਉਹ ਖੁਦ ਦੀ ਵਾਸ਼ਨਾ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਪਰ ਜਦੋਂ ਉਸ ਨੂੰ ਸੀਮਾਂ ਦਾ ਫੋਨ ਆਉਂਦਾ ਉਹ ਇਹ ਗੱਲਾਂ ਨੂੰ ਛਿੱਕੇ ਟੰਗ ਦਿੰਦਾ। ਉਸ ਦਾ ਧਿਆਨ ਹੁਣ ਗੁਰਮੀਤ ਵੱਲ ਘੱਟ ਸੀ। ਉਸ ਦੀਆਂ ਦਿਨ ਵਿੱਚ ਦੋ ਦੋ ਘੰਟੇ ਸੀਮਾਂ ਨਾਲ ਗੱਲਾ ਹੁੰਦੀਆਂ ਸਨ।

ਗਰਮੀਆਂ ਦੀਆਂ ਛੁੱਟੀਆਂ ਸਨ ਗੁਰਮੀਤ ਦੀ ਸਿਹਤ ਫਿਰ ਖ਼ਰਾਬ ਹੋਣ ਲੱਗ ਪਈ। ਉਸ ਦੀ ਭੈਣ ਦੀ ਕੁੜੀ ਕਮਲ ਉਸ ਕੋਲ ਛੁੱਟੀਆਂ ਕੱਟਣ ਆਈ। ਉਹ ਇੱਕ ਦਸਵੀਂ ਜਮਾਤ ਦੀ ਵਿਦਿਆਰਥਣ ਸੀ। ਉਸ ਨੇ ਆਪਣੇ ਵਲੋਂ ਘਰ ਦੇ ਕੰਮ ਕੀਤੇ ਅਤੇ ਗੁਰਮੀਤ ਦੀ ਸੇਵਾ ਵੀ। ਉਹ ਅਕਸਰ ਆਪਣੀ ਮਾਸੀ ਕੋਲ ਹੀ ਸੌਂਦੀ ਸੀ। ਇੱਕ ਦਿਨ ਪਰਮਜੀਤ ਦਾ ਮੁੰਡਾ ਸੱਤੀ ਦਿੱਲੀ ਤੋਂ ਆਇਆ ਤੇ ਉਸ ਨੇ ਆਪਣੀ ਮਾਂ ਦਾ ਚੈਕ ਅੱਪ ਕਰਾਉਣ ਲਈ ਉਸ ਨੂੰ ਚੰਡੀਗੜ੍ਹ ਪੀ ਜੀ ਆਈ ਹਸਪਤਾਲ ਲੈ ਗਿਆ। ਪਿੱਛੇ ਪਰਮਜੀਤ ਤੇ ਕਮਲ ਇਕੱਲੇ ਸਨ। ਹੁਣ ਪਰਮਜੀਤ ਨੇ ਆਪਣੇ ਅੰਦਰ ਬੈਠੇ ਸ਼ੈਤਾਨ ਨੂੰ ਬਹੁਤ ਸਮਝਾਇਆ ਕਿ ਇਹ ਮੇਰੀ ਧੀਆਂ ਸਮਾਨ ਹੈ।

ਮੈਂ ਇਸ ਨੂੰ ਮੈਲੀ ਅੱਖ ਨਾਲ ਨਾ ਵੇਖਾਂ ਪਰ ਉਸਦੇ ਅੰਦਰ ਇਸ ਦੰਵਦ ਦਾ ਨਿਚੋੜ ਇਹ ਨਿਕਲਿਆ ਉਸ ਨੇ ਉਸ ਬੱਚੀ ਨੂੰ ਕਦੇ ਰੋਟੀ ਦੇ ਬਹਾਨੇ ਨਾਲ, ਕਦੇ ਚਾਹ ਪਾਣੀ ਦੇ ਬਹਾਨੇ ਨਾਲ ਆਪਣੇ ਕਮਰੇ ਵਿੱਚ ਆਵਾਜ਼ ਮਾਰ ਲੈਣੀ। ਜਦੋਂ ਉਹ ਬਾਹਰ ਜਾਵੇ ਤਾਂ ਉਸ ਨੂੰ ਉਸ ਦੇ ਵਿੱਚ ਵਿਕਸਤ ਔਰਤ ਨਜ਼ਰ ਆਵੇ ਅਤੇ ਜਦੋਂ ਉਹ ਬੱਚੀ ਅੰਦਰ ਆਵੇ ਉਸ ਦੇ ਛੋਟੇ ਛੋਟੇ ਹੱਥਾਂ ਨਾਲ ਕੋਈ ਚੀਜ਼ ਲੈ ਕੇ ਆਵੇ ਉਸ ਨੂੰ ਵੇਖ ਕੇ ਆਪਣੀ ਕੁੜੀ ਪ੍ਰੀਤ ਨਜ਼ਰ ਆਵੇ। ਇਸ ਦਵੰਦ ਵਿੱਚ ਜਦੋਂ ਉਸ ਦੇ ਮਨ ਨੇ ਫੈਸਲਾ ਕਰ ਲਿਆ ਕਿ ਕੋਮਲ ਨਾਲ ਸਿਰਫ਼ ਦੋ ਗੱਲਾਂ ਹੀ ਕਰਨੀਆਂ ਹਨ। ਤਦ ਅਚਾਨਕ ਬਾਹਰ ਗੇਟ ਦੇ ਬਾਹਰੋਂ ਆਵਾਜ਼ ਆਈ ਤਾਂ ਕੋਮਲ ਨੇ ਦਸਿਆ ਕਿ ਮਾਸੜ ਜੀ ਬਾਹਰ ਕੋਈ ਤੁਹਾਨੂੰ ਮਿਲਣ ਆਇਆ ਹੈ। ਕੋਈ ਨਾਲ ਦੇ ਪਿੰਡ ਤੋਂ ਰਿਸ਼ਤੇਦਾਰ ਗੁਰਮੀਤ ਦਾ ਹਾਲ ਚਾਲ ਪੁੱਛਣ ਆਇਆਂ ਸੀ। ਉਹ ਸ਼ਾਮ ਤੱਕ ਉਥੇ ਹੀ ਰਿਹਾ।

ਸ਼ਾਮ ਨੂੰ ਦੋਵੇਂ ਮਾਂ ਪੁੱਤ ਚੰਡੀਗੜ੍ਹ ਤੋਂ ਵਾਪਸ ਆ ਗਏ। ਡਾਕਟਰ ਨੇ ਗੁਰਮੀਤ ਨੂੰ ਦਵਾਈ ਦੇ ਦਿੱਤੀ ਤੇ ਅਰਾਮ ਕਰਨ ਦੀ ਸਲਾਹ ਦਿੱਤੀ। ਉਸ ਦੀ ਸਿਹਤ ਗਰਮੀ ਕਾਰਨ ਕੁਝ ਜ਼ਿਆਦਾ ਖ਼ਰਾਬ ਸੀ।ਅਗਲੇ ਦਿਨ ਸੱਤੀ ਵਾਪਸ ਦਿੱਲੀ ਚਲਾ ਗਿਆ।

ਇੱਕ ਦਿਨ ਸੀਮਾ ਦਾ ਫੋਨ ਆਇਆ। ਉਸ ਨੇ 5000 ਰੁਪਏ ਦੀ ਮੰਗ ਕੀਤੀ ਤੇ ਆਖਿਆ ਕਿ ਉਸ ਦੀ ਮਾਂ ਬੁਹਤ ਬੀਮਾਰ ਹੋ ਗਈ ਹੈ ਤੇ ਉਸ ਦਾ ਘਰ ਵਾਲਾ ਉਸ ਨੂੰ ਇੱਕ ਰੁਪਿਆ ਨਹੀਂ ਪਾ ਰਿਹਾ। ਘਰ ਵਿੱਚ ਰਾਸ਼ਨ ਪਾਣੀ ਖ਼ਤਮ ਹੋ ਗਿਆ। ਪਰਮਜੀਤ ਨੇ ਉਸ ਦੇ ਬੈਂਕ ਖਾਤੇ ਵਿੱਚ 5000 ਜਮ੍ਹਾਂ ਕਰਵਾ ਦਿੱਤੇ। ਇਧਰ ਕਮਲ ਦੀਆਂ ਛੁੱਟੀਆਂ ਖਤਮ ਹੋ ਗਈਆ ਤੇ ਉਹ ਚਲੀ ਗਈ।

ਪਰਮਜੀਤ ਦਾ ਗੁਰਦੁਆਰਾ ਸਾਹਿਬ ਜਾਣ ਦੀ ਰੁਟੀਨ ਵਿਚ ਫਰਕ ਪੈ ਗਿਆ ਉਸ ਨੇ ਅਗਰ ਜਾਣਾਂ ਵੀ ਤਾਂ ਸੇਵਾ ਨਹੀਂ ਕਰਨੀ।

ਪਹਿਲਾਂ ਉਸ ਦਾ ਵਿਚਾਰ ਅਮ੍ਰਿਤ ਛਕਣ ਦਾ ਸੀ। ਪਰ ਹੁਣ ਉਸਦੇ ਇਸ ਵਿਚਾਰ ਤੇ ਦੁਰਮਤਿ ਮੈਲੁ ਚੜ੍ਹ ਗਈ। ਉਸ ਨੇ ਦੋ ਮਹੀਨੇ ਵਿੱਚ ਸੀਮਾਂ ਨੂੰ ਘੱਟੋ ਘੱਟ ਥੋੜਾ ਥੋੜਾ ਕਰਕੇ ਵੀਹ ਪੱਚੀ ਹਜ਼ਾਰ ਰੁਪਿਆ ਖ਼ਾਤੇ ਵਿੱਚ ਪਾ ਦਿੱਤਾ।ਉਸ ਦੀ ਵੇਖਣੀ ਚਾਖਣੀ ਹੁਣ ਲੋਕਾਂ ਵਿੱਚ ਵੀ ਵਿਚਾਰ ਚਰਚਾ ਦਾ ਕਾਰਨ ਬਣ ਗਈ ਸੀ। ਉਸ ਦੀ ਕੰਮ ਵਾਲੀ ਨੂੰ ਉਸ ਦਾ ਜ਼ਿਆਦਾ ਕੰਮ ਕਰਦੇ ਵਕਤ ਹੱਥ ਚਲਾਕੀ ਹੁਣ ਸ਼ਕੀ ਲਗਣ ਲਗ ਪਈ। ਉਸ ਨੇ ਗੁਰਮੀਤ ਨੂੰ ਉਸ ਦੀ ਸ਼ਿਕਾਇਤ ਵੀ ਕੀਤੀ ਕਿ “ਭਾਜੀ ਨੂੰ ਕਹੋ ਮੈਨੂੰ ਜ਼ਿਆਦਾ ਨਾ ਕੰਮ ਵੇਲੇ ਸਮਝਾਇਆ ਕਰੇ ਮੈਂਨੂੰ ਭੈਣਜੀ ਜ਼ਿਆਦਾ ਗੱਲਾਂ ਪਸੰਦ ਨਹੀਂ।ਪਰ ਗੁਰਮੀਤ ਨੇ ਉਸ ਨੂੰ ਇਹ ਕਹਿ ਕੇ ਕੰਮ ਤੋਂ ਕੱਢ ਦਿੱਤਾ ਕਿ ਉਸ ਦਾ ਘਰਵਾਲਾ ਇਦਾਂ ਦਾ ਬੰਦਾ ਨਹੀ। ਉਸ ਘਰ ਵਿੱਚ ਅਗਲੇ ਛੇ ਮਹੀਨੇ ਵਿੱਚ ਤਿੰਨ ਕੰਮ ਵਾਲੀਆਂ ਆਈਆਂ ਪਰ ਉਨ੍ਹਾਂ ਦੀ ਵੀ ਉਹੀ ਸ਼ਿਕਾਇਤ ਰਹੀਂ। ਇਥੋਂ ਤੱਕ ਹੁਣ ਗਲੀ ਮੁਹੱਲੇ ਵਿੱਚ ਵੀ ਰੌਲਾ ਪੈਣ ਲੱਗ ਪਿਆ ਕਿ ਪਰਮਜੀਤ ਦੋ ਦੋ ਘੰਟੇ ਫੋਨ ਤੇ ਗੱਲ ਕਰਦਾ ਰਹਿੰਦਾ ਹੈ ਕਈ ਵਾਰ ਗਰਮੀਆਂ ਦੇ ਦਿਨਾਂ ਵਿੱਚ ਕੋਠੇ ਤੇ ਇਸਨੂੰ ਗੱਲਾਂ ਕਰਦੀਆਂ ਸ਼ਰੀਕੇ ਦੇ ਤੇ ਆੱਡ ਗੁਆਂਢ ਦੇ ਲੋਕਾਂ ਨੇ ਆਮ ਵੇਖਿਆ।

ਲੋਕਾਂ ਨੇ ਆਪਣੇ ਬੱਚਿਆਂ ਨੂੰ ਉਸ ਦੀ ਦੁਕਾਨ ’ਤੇ ਭੇਜਣਾ ਬੰਦ ਕਰ ਦਿੱਤਾ। ਬਿਮਾਰ ਪਈ ਗੁਰਮੀਤ ਨੂੰ ਹੁਣ ਯਕੀਨ ਹੋ ਗਿਆ ਕਿ ਦਾਲ ਵਿੱਚ ਕੁਝ ਕਾਲਾ ਤਾ ਹੈ। ਪਰਮਜੀਤ ਦੀ ਤਵੱਜੋ ਹੁਣ ਬੀਮਾਰ ਘਰਵਾਲੀ ਵਲ ਘਟ ਗਈ ਸੀ। ਘਰ ਵਿੱਚ ਕਲੇਸ਼ ਖੜ੍ਹਾ ਹੋਣਾ ਸ਼ੁਰੂ ਹੋ ਗਿਆ। ਉਸ ਨੇ ਸੱਤੀ ਨੂੰ ਫੋਨ ਕਰ ਕੇ ਸਾਰੀ ਗੱਲ ਦੱਸੀ। ਉਸ ਨੂੰ ਘਰ ਆ ਕੇ ਇਸ ਨੂੰ ਸਮਝਾਉਣ ਲਈ ਆਖਿਆ।

ਆਖਰ ਇਕ ਦਿਨ ਸੱਤੀ ਨੇ ਆ ਕੇ ਉਸ ਦੀ ਚੰਗੀ ਖ਼ਾਤਰ ਕੀਤੀ। ਪਰਮਜੀਤ ਚੁੱਪ ਚਾਪ ਬੈਠਾ ਸੁਣਦਾ ਰਿਹਾ। ਆਖਰ ਉਹ ਗੁੱਸੇ ਵਿੱਚ ਉਠ ਕੇ ਘਰ ਤੋ ਬਾਹਰ ਤੁਰ ਪਿਆ। ਘਰ ਤੋਂ ਬਾਹਰ ਨਿਕਲ ਕੇ ਕੋਈ ਦੋ ਮੀਲ ਦੂਰ ਚਲਣ ਤੋ ਬਾਅਦ ਉਸ ਦੇ ਫੋਨ ਦੀ ਘੰਟੀ ਵੱਜਣ ਲੱਗੀ ਉਸ ਨੇ ਸੋਚਿਆ ਕਿ ਸ਼ਾਇਦ ਘਰੋਂ ਫੋਨ ਆਇਆ ਹੋਣਾ।ਪਰ ਇਹ ਫੋਨ ਉਸ ਦੀ ਸੀਮਾਂ ਦਾ ਸੀ।ਅੱਜ ਉਹ ਰੋ ਰੋ ਕੇ ਗੱਲ ਕਰ ਰਹੀ ਸੀ।

ਉਸ ਨੇ ਦੱਸਿਆ ਕਿ ਉਸ ਦਾ ਘਰਵਾਲਾ ਵਾਪਸ ਆਇਆ ਹੈ ਤੇ ਉਸ ਨੂੰ ਕੁੱਟ ਮਾਰ ਕੇ ਘਰੋਂ ਕੱਢ ਦਿੱਤਾ ਹੈ। ਉਹ ਹੁਣ ਆਪਣੀ ਮਾਂ ਦੇ ਕੋਲ ਆ ਗਈ ਹੈ ਤੇ ਇਥੇ ਉਸ ਨੂੰ ਪੈਸੇ ਦੀ ਲੋੜ ਹੈ। ਉਸ ਨੇ ਤਲਾਕ ਲੈਣਾ ਹੈ। ਪਰਮਜੀਤ ਉਸ ਨੂੰ ਮਿਲਣ ਦਾ ਆਖਦਾ ਹੈ ਤੇ ਅਗੋਂ ਆਖਦਾ ਹੈ ਕਿ ਉਹ ਆਪ ਬੁਹਤ ਦੁਖੀ ਹੈ ਤੇ ਤੇਰੇ ਨਾਲ ਵਿਆਹ ਕਰਵਾ ਲਵੇਗਾ। ਸੀਮਾ ਉਸ ਨੂੰ ਆਪਣੇ ਸ਼ਹਿਰ ਲੁਧਿਆਣਾ ਕੱਲ੍ਹ ਸੱਦ ਲੈਂਦੀ ਹੈ।

ਪਰਮਜੀਤ ਗੱਲ ਕਰਦਾ ਵਾਪਸ ਘਰ ਆ ਰਿਹਾ ਹੈ।ਉਹ ਸੱਤੀ ਨੂੰ ਵੇਖ ਕੇ ਫੋਨ ਕੱਟ ਦਿੰਦਾ ਹੈ। ਸੱਤੀ ਉਸ ਨੂੰ ਲੱਭਦਾ ਰਾਹ ਵਿੱਚ ਮਿਲਦਾ ਹੈ ਤੇ ਬਾਪੂ ਨੂੰ ਹੱਥ ਜੋੜ ਕੇ ਘਰ ਤੁਰਨ ਨੂੰ ਆਖਦਾ ਤੇ ਹੋਰ ਤਮਾਸ਼ਾ ਨਾ ਲੱਗੇ ਇਸ ਲਈ ਰੋਂਦਾ ਹੋਇਆ ਹੱਥ ਜੋੜ ਕੇ ਮਾਫ਼ੀ ਮੰਗਦਾ ਹੈ। ਬਿਮਾਰ ਗੁਰਮੀਤ ਘਰ ਦੇ ਬਾਹਰ ਵਾਲੇ ਗੇਟ ਤੇ ਖੜੀ ਦੋਵਾਂ ਪਿਉਂ ਪੁੱਤਰ ਨੂੰ ਉਡੀਕ ਰਹੀ ਹੈ। ਉਸ ਦੇ ਸਾਹ ਵਿੱਚ ਸਾਹ ਆਉਂਦਾ ਹੈ ਜਦ ਪਰਮਜੀਤ ਨੂੰ ਘਰ ਵਾਪਸ ਆਉਂਦਾ ਵੇਖਿਆ।ਕੋਈ ਦੋ ਮਿੰਟਾਂ ਬਾਅਦ ਸੱਤੀ ਵੀ ਵਾਪਸ ਆ ਜਾਂਦਾ ਹੈ। ਬੀਮਾਰ ਗੁਰਮੀਤ ਰੋਟੀ ਲਾਉਂਣ ਰਸੋਈ ਵਿੱਚ ਜਾਂਦੀ ਹੈ ਤੇ ਚੁੱਪ ਚਾਪ ਦੋਵਾਂ ਪਿਉਂ ਪੁੱਤ ਨੂੰ ਖਵਾਉਂਦੀ ਹੈ ਤੇ ਇਕ ਰੋਟੀ ਆਪ ਵੀ ਸੱਤੀ ਕੋਲ ਬੈਠ ਕੇ ਖਾਂਦੀ ਹੈ। ਬਾਅਦ ਵਿੱਚ ਉਹ ਅੰਦਰ ਜਾ ਕੇ ਮੰਜੇ ਉਪਰ ਡਿੱਗ ਜਾਂਦੀ ਹੈ। ਸੱਤੀ ਉਸ ਭੱਜ ਕੇ ਆਉਂਦਾ ਹੈ ਤੇ

ਕਾਹਲੀ ਵਿਚ ਉਸ ਨੂੰ ਦਵਾਈ ਦਿੰਦਾ ਹੈ। ਕੋਲ ਖੜ੍ਹਾ ਪਰਮਜੀਤ ਗੁਰਮੀਤ ਵੱਲ ਪਾਣੀ ਲੈ ਕੇ ਆਉਂਦਾ ਹੈ ਤੇ ਉਸ ਨੂੰ ਹੌਸਲਾ ਦਿੰਦਾ ਹੈ। ਗੁਰਮੀਤ ਉਹਨਾਂ ਦੋਹਾਂ ਵੱਲ ਵੇਖਦੀ ਹੈ ਤੇ ਦੋਵਾਂ ਪਿਉਂ ਪੁਤਰਾਂ ਦੇ ਹੱਥ ਫੜ ਕੇ,' ਵਾਹਿਗੁਰੂ ਜੀ ਆਖਦੀ ਸ਼ਾਂਤ ਹੋ ਜਾਂਦੀ ਹੈ। ਸੱਤੀ ਉਂਚੀ ਉਂਚੀ ਧਾਹ ਮਾਰਨ ਲਗਦਾ ਹੈ ਤੇ ਪਰਮਜੀਤ ਖੜਾ ਖੜਾ ਪੱਥਰ ਦੀ ਸਿੱਲ ਬਣ ਜਾਂਦਾ ਹੈ। ਉਹ ਖੜਾ ਖੜਾ ਗੁਰਮੀਤ ਦੇ ਹਰ ਵਾਰ ਦੀ ਤਰ੍ਹਾਂ ਸ਼ਾਂਤ ਤੇ ਭੋਲੇ ਚਿਹਰੇ ਨੂੰ ਵੇਖਦਾ ਰਿਹਾ ਤੋਂ ਆਪਣੇ ਕੰਬਦੇ ਹੱਥਾਂ ਨਾਲ ਉਸ ਦੇ ਚਿਹਰੇ ਤੋਂ ਐਨਕ ਨੂੰ ਉਤਾਰ ਦਿੰਦਾ ਹੈ ਤੇ ਕੋਲ ਪਏ ਟੇਬਲ ਤੇ ਰੱਖ ਦਿੰਦਾ ਹੈ ਤੇ ਸਿਸਕੀਆਂ ਭਰਦਾ ਉਹ ਸੱਤੀ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਚੁੱਪ ਕਰਾਉਂਦਾ ਹੈ ਜੋ ਉਂਚੀ ਉਂਚੀ ਰੋਈ ਜਾ ਰਿਹਾ ਹੈ। ਅਗਲੇ ਦਿਨ ਤੱਕ ਉਸ ਦੀ ਪੁਤੱਗੀ ਪ੍ਰੀਤ ਆਪਣੇ ਘਰ ਵਾਲੇ ਨਾਲ ਤੇ ਰਿਸ਼ਤੇਦਾਰ ਆਉਂਣੇ ਸ਼ੁਰੂ ਹੋ ਜਾਂਦੇ ਹਨ।

ਪਿੰਡ ਦੇ ਲੋਕ ਅਫਸੋਸ ਕਰਨ ਤੁਰੇ ਆਉਂਦੇ ਹਨ।ਗੁਰਮੀਤ ਦਾ ਸੰਸਕਾਰ ਕਰ ਦਿੱਤਾ ਜਾਂਦਾ ਹੈ। ਉਸ ਦਿਨ ਪਰਮਜੀਤ ਦੇ ਫੋਨ ਤੇ ਸੀਮਾਂ ਦੇ ਕੋਈ 60-70 ਫੋਨ ਆਏ ਪਰ ਉਸ ਦਾ ਫੋਨ ਦੁਕਾਨ ਦੇ ਦਰਾਜ਼ ਵਿਚ ਪਿਆ ਸੀ। ਉਸ ਨੂੰ ਅੱਜ ਆਪਣੇ ਫੋਨ ਦਾ ਪਤਾ ਤੱਕ ਨਹੀਂ ਸੀ।

ਅਗਲੇ ਦਿਨ ਕਿਸੇ ਨੇ ਆ ਕੇ ਉਸ ਨੂੰ ਉਸ ਦਾ ਫੋਨ ਲਿਆ ਕੇ ਦਿੱਤਾ ਤਦ ਹੀ ਉਸ ਦੇ ਹੱਥ ਵਿੱਚ ਉਸ ਦੀ ਘੰਟੀ ਵੱਜਣ ਲੱਗ ਪਈ।

ਦੂਸਰੇ ਪਾਸੇ ਤੋਂ ਸੀਮਾਂ ਉਸ ਨੂੰ ਉਂਚੀ ਉਂਚੀ ਬੋਲਣ ਲੱਗ ਪਈ। ਪਰਮਜੀਤ ਨੇ ਉਸ ਨੂੰ ਦੱਸਿਆ ਕਿ ਉਸ ਦੀ ਘਰਵਾਲੀ ਮਰ ਗਈ ਹੈ। ਇਸ ਲਈ ਉਹ ਹੁਣ ਹਜੇ ਨਹੀਂ ਆ ਸਕਦਾ। ਸੀਮਾ ਅਗੋਂ ਚੁੱਪ ਚਾਪ ਫੋਨ ਕੱਟ ਦਿੰਦੀ ਹੈ। ਗੁਰਮੀਤ ਦੇ ਅਸਤ ਚੁੱਕ ਕੇ ਕੀਰਤਪੁਰ ਸਾਹਿਬ ਪਾ ਦਿੱਤੇ ਗਏ ਤੇ ਉਸ ਦੀ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਵਿਚ ਕਰ ਦਿੱਤੀ ਗਈ।

ਪਰਮਜੀਤ ਦੀ ਕੁੜੀ ਵਾਪਸ ਆਪਣੇ ਸੁਹਰਿਆਂ ਦੇ ਚਲੀ ਗਈ ਤੇ ਸੱਤੀ ਵੀ ਵਾਪਸ ਦਿੱਲੀ ਚਲਾ ਗਿਆ।

ਸੀਮਾ ਨੇ ਦੁਬਾਰਾ ਫਿਰ ਫ਼ੋਨ ਸ਼ੁਰੂ ਕਰ ਦਿੱਤੇ। ਪਰਮਜੀਤ ਨੇ ਉਸ ਨੂੰ ਦੱਸਿਆ ਕਿ ਉਸ ਦੀ ਪਤਨੀ ਦੀ ਮੌਤ ਹੋ ਗਈ ਹੈ ਇਸ ਲਈ ਦੋ ਹਫਤਿਆਂ ਬਾਅਦ ਐਤਵਾਰ ਨੂੰ ਮਿਲਣ ਦਾ ਵਾਅਦਾ ਕੀਤਾ ਤੇ ਪੈਸੇ ਦੀ ਮਦੱਦ ਕਰਨ ਦਾ ਵੀ। ਪਰਮਜੀਤ ਐਤਵਾਰ ਮਲੋਟ ਸ਼ਹਿਰ ਦੇ ਬੱਸ ਸਟੈਂਡ ਤੋਂ ਲੁਧਿਆਣਾ ਦੀ ਬਸ ਫ਼ੜ ਕੇ ਤੁਰ ਪਿਆ। ਉਸ ਦੀ ਜੇਬ ਵਿੱਚ ਤਿੰਨ ਥਾਂ ਰੁਪਏ ਸਨ। 2000 ਉੱਪਰਲੀ ਵਿੱਚ 2000 ਗੁਪਤ ਜ਼ੇਬ ਵਿੱਚ।

ਦਰਅਸਲ ਉਸ ਦੀ ਸਾਰੀ ਉਮਰ ਸਫ਼ਰਾਂ ਵਿੱਚ ਬੀਤੀ ਸੀ ਉਹ ਜਾਣਦਾ ਸੀ ਕਿ ਮੁਸਾਫ਼ਿਰੀ ਵਿੱਚ ਇੱਕ ਜਗ੍ਹਾ ਪੈਸੇ ਨਹੀਂ ਰੱਖੀ ਦੇ। ਉਸ ਨੇ 9 ਵਜੇ ਬਸ ਫ਼ੜੀ ਤੇ ਤਕਰੀਬਨ 1 ਵਜੇ ਤੱਕ ਲੁਧਿਆਣਾ ਬਸ ਸਟੈਂਡ ਤੇ ਪੁਹੰਚਣ ਤੋਂ ਬਾਅਦ ਉਸ ਨੇ ਸੀਮਾਂ ਨੂੰ ਘੱਟੋ ਘੱਟ 10 ਵਾਰ ਫੋਨ ਲਾਇਆ ਪਰ ਉਸ ਨੇ ਫੋਨ ਕੱਟ ਦਿੱਤਾ। ਹਾਰ ਕੇ ਪਰਮਜੀਤ ਇੱਕ ਚਾਹ ਦੀ ਦੁਕਾਨ ਤੇ ਪੁਹੰਚ ਗਿਆ ਤੇ ਚਾਹ ਦਾ ਆਰਡਰ ਦੇ ਦਿਤਾ। ਉਸ ਵੇਲੇ ਉਸ ਦੇ ਫੋਨ ਤੇ ਘੰਟੀ ਵੱਜਣ ਲੱਗੀ। ਅੱਗੇ ਤੋਂ ਸੀਮਾਂ ਦੀ ਆਵਾਜ਼ ਆਉਂਦੀ ਹੈ ਤੇ ਆਪਣੇ ਭਰਾ ਸੋਨੂੰ ਬਾਰੇ ਦੱਸਦੀ ਹੈ ਕਿ ਉਹ ਤਹਾਨੂੰ ਮਿਲਣ ਆਇਆ। ਤੁਸੀਂ ਉਸ ਨੂੰ ਪੈਸੇ ਦੇ ਦਿਉ। ਉਹ ਸ਼ਾਮ ਨੂੰ ਫੋਨ ਕਰੂਗੀ ਕਿਉਂਕਿ ਉਹ ਹੁਣ ਵਕੀਲ ਕੋਲ ਅਦਾਲਤ ਵਿੱਚ ਤਲਾਕ ਦੀ ਅਰਜੀ ਲਈ ਖੜ੍ਹੀ ਹੈ। ਪਰਮਜੀਤ ਠੀਕ ਹੈ ਆਖਦਾ ਹੈ ਤੇ ਫੋਨ ਕੱਟ ਦਿੰਦਾ ਹੈ। ਉਸੇ ਸਮੇਂ ਦੂਜੇ ਨੰਬਰ ਤੇ ਪਰਮਜੀਤ ਨੂੰ ਇੱਕ ਮਰਦ ਦੀ ਆਵਾਜ਼ ਆਉਂਦੀ ਹੈ ਉਹ ਆਪਣੇ ਆਪ ਨੂੰ ਆਪ ਨੂੰ ਸੀਮਾਂ ਦਾ ਭਰਾ ਦੱਸਦਾ ਹੈ ਅਤੇ ਪਰਮਜੀਤ ਨੂੰ ਮਿਲਣ ਲਈ ਪਿੰਡ ਤੋਂ ਆਇਆ ਹੈ। ਦੋਵੇਂ ਜਾਣੇ ਜਦੋਂ ਮਿਲੇ ਤਾਂ ਪਰਮਜੀਤ ਨੇ ਜਦੋਂ ਸੀਮਾਂ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੀ ਅੱਜ ਕੋਰਟ ਵਿੱਚ ਤਰੀਕ ਸੀ। ਉਸ ਨੇ ਪੁੱਛਿਆ ਕਿ ਹੋਇਆ ਤਾਂ ਉਸ ਦੇ ਭਰਾ ਸੋਨੂੰ ਦੱਸਿਆ ਕਿ ਉਸ ਨੇ ਆਪਣੇ ਘਰਵਾਲੇ ਤੇ ਤਲਾਕ ਦਾ ਮੁਕੱਦਮਾ ਕੀਤਾ ਹੈ। ਅੱਜ ਤਰੀਕ ਹੈ। ਪਰਮਜੀਤ ਨੇ ਆਖਿਆ ਕਿ ਉਹ ਏ ਟੀ ਐਮ ਪੈਸੇ ਕੱਢਾ ਕੇ ਦਿੰਦਾ ਹਾਂ। ਉਹ ਸੋਨੂੰ ਨੂੰ ਉਥੇ ਬਿਠਾ ਕੇ ਏ ਟੀ ਐਮ ਪੈਸੇ ਕਢਵਾਉਣ ਲਈ ਤੁਰ ਪਿਆ। ਸੋਨੂੰ ਵੀ ਪਿੱਛੇ ਪਿੱਛੇ ਤੁਰਨ ਲੱਗਾ। ਰਾਹ ਵਿੱਚ ਉਸ ਨੇ ਬੈਂਕ ਦੀ ਬਰਾਂਚ ਵੇਖੀਂ ਤੇ ਅੰਦਰ ਵੱਲ ਬਣੀਂ ਮਸ਼ੀਨ ਵਲ ਗਿਆ ਤਾਂ ਉਥੇ ਬੈਠੇ ਕਰਮਚਾਰੀ ਨੂੰ ਬੈਂਕ ਬੰਦ ਹੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਭਾਜੀ ਅੱਜ ਐਤਵਾਰ ਆ। ਪਰਮਜੀਤ ਏ ਟੀ ਐਮ

ਵਿੱਚ ਵੜ ਗਿਆ ਤੇ ਸੋਨੂੰ ਬਾਹਰ ਖੜਾ ਵੇਖਦਾ ਹੈ। ਪਰਮਜੀਤ ਨੇ ਸੋਚਿਆ ਕਿ ਅੱਜ ਤਾਂ ਐਤਵਾਰ ਹੈ ਅੱਜ ਕਿਹੜੀ ਉਸ ਦੀ ਪਿਉਂ ਵਾਲੀ ਕਚਹਿਰੀ ਖੁੱਲ੍ਹੀ ਹੈ। ਉਸ ਨੇ ਆਪਣੇ ਕਾਰਡ ਦਾ ਪਿੰਨ ਕੋਡ ਚਾਰ ਵਾਰ ਗ਼ਲਤ ਲਾ ਦਿੱਤਾ ਤੇ ਕਾਰਡ ਬਲੌਕ ਹੋ ਗਿਆ ਅਤੇ ਬਾਹਰ ਆ ਗਿਆ। ਸੋਨੂੰ ਨੇ ਪਰਮਜੀਤ ਕੋਲੋਂ ਪੈਸੇ ਮੰਗੇ ਤਾਂ ਪਰਮਜੀਤ ਨੇ ਆਪਣੇ ਕੁੜਤੇ ਦੀ ਉਪਰਲੀ ਜ਼ੇਬ ਵਿੱਚੋ 2000 ਰੁਪਏ ਕੱਢ ਕੇ ਉਸ ਨੂੰ ਦੇ ਦਿਤੇ। ਉਸ ਨੇ ਕਿਹਾ ਕਿ ਮੇਰਾ ਕਾਰਡ ਨਹੀਂ ਚਲਿਆ। ਸੋਨੂੰ ਆਖਦਾ ਉਹ ਤਾਂ ਕਹਿੰਦੀ ਸੀ ਕਿ ਵੀਹ ਪੱਚੀ ਹਜ਼ਾਰ ਮਿਲਣੇ ਹਨ। ਪਰਮਜੀਤ ਗੱਲ ਨੂੰ ਸੰਭਾਲਦਾ ਹੋਇਆ ਆਪਣੀ ਘਰਵਾਲੀ ਦੇ ਗੁਜ਼ਰ ਜਾਣ ਦਾ ਹਵਾਲਾ ਦਿੰਦੇ ਹੋਏ ਆਖਦਾ ਹੈ ਕਿ ਉਸ ਦੀ ਪੈਨਸ਼ਨ ਆਉਣ ਵਾਲੀ ਹੈ ਮੈਂ ਜਾ ਕੇ ਖ਼ਾਤੇ ਵਿੱਚ ਪਾ ਦੇਵੇਗਾਂ। ਸੋਨੂੰ ਉਸ ਤੋਂ ਵਿਦਾ ਲੈਂਦਾ ਹੋਇਆ ਨਿਕਲ ਗਿਆ ਉਸ ਦੇ ਜਾਣ ਤੋਂ ਬਾਅਦ ਪਰਮਜੀਤ ਨੇ ਵੇਖਿਆ ਕਿ ਸੋਨੂੰ ਕਿੱਥੇ ਜਾ ਰਿਹਾ ਹੈ। ਪਰਮਜੀਤ ਉਸ ਦੇ ਪਿਛੇ ਪਿਛੇ ਤੁਰ ਪਿਆ। ਅਗਲੀ ਗਲੀ ਵਿਚ ਉਸ ਨੂੰ ਸੋਨੂੰ ਇੱਕ ਔਰਤ ਜੋ ਇੱਕ ਬੱਚੀ ਨੂੰ ਗੋਦੀ ਵਿੱਚ ਲੈ ਕੇ ਖੜੀ ਸੀ। ਉਹ ਸੋਨੂੰ ਨੂੰ ਉੱਚੀ ਉਂਗਲ ਕਰ ਕੇ ਬੋਲ ਰਹੀ ਸੀ। ਉਸ ਦਾ ਧਿਆਨ ਜ਼ਰਾ ਵੀ ਨੁੱਕਰ ਵਿਚ ਖੜ੍ਹੇ ਪਰਮਜੀਤ ਤੇ ਨਹੀਂ ਪਿਆ। ਪਰਮਜੀਤ ਸਾਰੀ ਖੇਡ ਸਮਝ ਗਿਆ ਕਿ ਉਹ ਸੀਮਾਂ ਸੀ ਤੇ ਨਾਲ ਖੜਾ ਆਦਮੀ ਉਸ ਦਾ ਘਰਵਾਲਾ ਤੇ ਕੁੱਛੜ ਚੁੱਕੀ ਕੁੜੀ ਉਸ ਦੀ ਧੀ ਹੈ। ਪਰਮਜੀਤ ਵੇਖਦਾ ਹੈ ਕਿ ਸੀਮਾਂ ਆਪਣੇ ਘਰ ਵਾਲੇ ਨੂੰ ਅੱਖਾਂ ਕੱਢ ਕੱਢ ਕੇ ਆਂਖ ਰਹੀ ਸੀ ਕਿ 'ਤੇਰੇ ਤੋਂ ਕੁੱਝ ਨਹੀਂ ਹੋਣਾ। ਮੈਨੂੰ ਉਸ ਬੰਦੇ ਨੂੰ ਮਸੀਂ ਮਲੋਟ ਤੋਂ ਇਥੇ ਲੈ ਕੇ ਆਉਂਣ ਲਈ ਇਨੀਂ ਮੇਹਨਤ ਕਰਨੀ ਪਈ ਤੇਰੇ ਐਬਾਂ ਕਰਕੇ ਮੈਨੂੰ 6 ਮਹਿਨੇ ਤੋਂ ਆ ਲੁੱਚੇ ਕੰਮ ਕਰਨੇ ਪੈਂਦੇ ਆ ਤੇ ਤੂੰ ਉਸ ਬੰਦੇ ਕੋਲੋਂ ਪੈਸੇ ਨਾ ਕੱਢਾ ਸਕਿਆਂ''। ਇੰਨੇ ਤੋਂ ਬਾਅਦ ਦੋਵਾਂ ਨੇ ਪੈਸੇ ਨੂੰ ਲੈ ਕੇ ਚੰਗਾ ਕਲੇਸ਼ ਖੜ੍ਹਾ ਕੀਤਾ ਅਤੇ ਪੈਸੇ ਆਪਸ ਵਿੱਚ ਵੰਡ ਲਏ। ਪਰਮਜੀਤ ਇਸ ਨਜ਼ਾਰੇ ਨੂੰ ਵੇਖ ਕੇ ਆਪਣੇ ਉਤੇ ਹੱਸ ਕੇ ਵਾਪਸ ਤੁਰ ਪਿਆ ਤੇ ਦਿਲ ਵਿੱਚ ਸੋਚਦਾ ਹੈ ਕਿ ਉਹ ਇਥੋਂ ਕੀ ਖੱਟ ਕੇ ਲੈ ਚਲਿਆ ਹੈ।

ਇਥੇ ਖੜਾ ਹੋ ਕੇ ਉਸ ਦੇ ਹੱਥ ਤੇ ਲੱਗੀ ਹੋਈ ਘੜੀ 'ਤੇ ਨਜ਼ਰ ਮਾਰੀ ਤਾਂ ਉਹ ਵੇਖਦਾ ਹੈ ਕਿ ਸ਼ਾਮ ਦੇ ਚਾਰ ਵੱਜ ਗਏ ਮਲੋਟ ਤੋਂ ਪਿੱਛੋਂ ਪਿੰਡ ਵਾਲੀ ਬੱਸ ਵੀ ਨਹੀਂ ਮਿਲਣੀ ਉਹ ਤਾਂ ਸੀਮਾਂ ਦੇ ਇਸ਼ਕ ਲਾਰਿਆਂ ਆਸਰੇ ਘਰੋਂ ਨਿਕਲ ਆਇਆ ਸੀ। ਹੁਣ ਉਹ ਕਿੱਥੇ ਜਾਵੇ, ਇਥੇ ਤਾਂ ਉਸ ਦਾ ਦੂਰ ਨੇੜੇ ਦਾਂ ਰਿਸ਼ਤੇਦਾਰ ਵੀ ਨਹੀਂ, ਇਸ ਦੁਬਿਧਾ ਵਿੱਚ ਉਹ ਅੱਖਾਂ ਬੰਦ ਕਰ ਕੇ ਬਸ ਸਟੈਂਡ ਦੇ ਮੁਸਾਫ਼ਰ ਟੇਬਲ 'ਤੇ ਬੈਠ ਕੇ ਸੋਚ ਰਿਹਾ ਹੈ। ਜਦੋਂ ਉਸ ਦੀ ਅੱਖ ਖੁੱਲੀ ਤਾਂ ਉਸ ਦੀ ਨਜ਼ਰ ਸਾਹਮਣੇ ਖੜ੍ਹੀ ਬੱਸ ਦੀ ਨੇਮ ਪਲੇਟ ਤੇ ਪਈ। ਉਸ ਉਪਰ ਸ੍ਰੀ ਹਰਿਮੰਦਰ ਸਾਹਿਬ ਲਿਖਿਆਂ ਹੋਇਆਂ ਸੀ। ਪਰਮਜੀਤ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਉਸ ਨੇ ਆਪਣੀ ਜੇਬ ਵਿਚੋਂ ਪੈਸੇ ਕੱਢ ਕੇ ਦੋ ਟਿਕਟਾਂ ਲਈਆ। ਇੱਕ ਪਰਮਜੀਤ ਨੇ ਆਪਣੇ ਲਈ ਦੂਸਰੀ ਆਪਣੀ ਘਰਵਾਲੀ ਸਵਰਗਵਾਸੀ ਗੁਰਮੀਤ ਦੀ। ਸਾਰੇ ਰਾਹ ਵਿੱਚ ਪਰਮਜੀਤ ਗੁਰਮੀਤ ਨੂੰ ਯਾਦ ਕਰਦਿਆਂ ਅਤੇ ਉਸ ਦੀ ਆਤਮਾ ਨਾਲ ਗੱਲਾ ਕਰਦਿਆਂ ਰੌਂਦਾ ਗਿਆ ਤੇ ਉਸ ਤੋਂ ਆਪਣੀ ਬੇਵਫ਼ਾਈ ਦੀ ਮੁਆਫ਼ੀ ਮੰਗਦਾ ਗਿਆ। ਸ਼ਾਮ ਨੂੰ ਉਹ ਅੰਮ੍ਰਿਤਸਰ ਪੁਹੰਚ ਗਿਆ।

ਇਥੇ ਆਉਂਦੇ ਉਸਨੇ ਸਰਾਂ ਵਿੱਚ ਰਾਤ ਕੱਟੀ ਅਤੇ ਸਵੇਰੇ ਉਸਨੇ ਇਲਾਹੀ ਬਾਣੀ ਦਾ ਕੀਰਤਨ ਸੁਣਨ ਤੋਂ ਬਾਅਦ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਆਪਣੇ ਸਾਰੇ ਪੁਰਾਣੇ ਕਰਮਾਂ ਦੀ ਉਸ ਅਕਾਲ ਪੁਰਖ ਕੋਲੋਂ ਖਿਮਾ ਯਾਚਨਾ ਕੀਤੀ। ਉਸ ਵੇਲੇ ਉਸ ਦੇ ਮਨ ਵਿੱਚ ਗੁਰਬਾਣੀ ਦੀ ਤੁਕ ਬਾਰ ਬਾਰ ਸੁਣ ਰਹੀ ਸੀ ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥

ਅੱਜ ਉਸ ਨੂੰ ਇਹ ਮਹਿਸੂਸ ਹੋਇਆ ਕਿ ਅੱਜ ਉਸ ਦੇ ਅੰਮ੍ਰਿਤ ਛੱਕਣ ਤੇ ਉਹ ਪਰਮਜੀਤ ਤੋਂ ਸਿੰਘ ਹੋ ਗਿਆ ਤੇ ਨਾਲ ਗੁਰਮੀਤ ਵੀ ਕੌਰ ਹੋ ਗਈ। ਇਸ ਤੋਂ ਬਾਅਦ ਉਹ ਵਾਪਸ ਆਪਣੇ ਪਿੰਡ ਪਰਤ ਆਇਆ ਤੇ ਦੁਬਾਰਾ ਫਿਰ ਗੁਰਦੁਆਰੇ ਵਿੱਚ ਸੇਵਾ ਕਰਦਾ ਹੋਇਆ ਅੰਤ ਸਮੇਂ ਤੀਕ ਸਿੱਖ ਸਰੂਪ ਵਿੱਚ ਗੁਰੂ ਦਾ ਸਿੱਖ ਬਣ ਕੇ ਦੁਰਮਤਿ( ਸ਼ੈਤਾਨ) ਨਾਲ ਲੜਦਾ ਰਿਹਾ ਤੇ ਸਫ਼ਲ ਹੁੰਦਾ ਰਿਹਾ। ਅੱਜ ਵੀ ਘੰਟੀ ਵਜਦੀ ਹੈ ਪਰ ਉਹ ਹੁਣ ਮੋਬਾਇਲ ਦੀ ਨਹੀਂ ਅੰਦਰ ਗੁਰਬਾਣੀ ਦੀ ਹੈ ਜੋ ਗੁਰਮਤਿ ਦੀ ਹੈ ਨਾ ਕਿ ਦੁਰਮਤਿ ਜਾ ਮਨਮਤ ਦੀ ਅਤੇ ਉਸ ਨੂੰ ਗੁਰੂ ਘਰ ਜਾਣ ਲਈ ਆਖਦੀ ਹੈ।

***

ਕਵਿਤਾ

# ਗੁਰੂ ਨਾਨਕ



ਸੁਖਜਿੰਦਰ ਸਿੰਘ ਭੂਪਾਲ
ਵਾਇਸ ਪ੍ਰਿੰਸੀਪਲ
ਸੰਤ ਹੀਰਾ ਦਾਸ ਪਬਲਿਕ
ਸੀਨੀਅਰ ਸੈਕੰਡਰੀ ਸਕੂਲ
ਕਾਲਾ ਸੰਘਿਆ

ਆਦ ਨਾਨਕ, ਜੁਗਾਦ ਨਾਨਕ, ਸਭ ਦਾ ਇੱਕ ਓਕਾਰ ਨਾਨਕ।
ਆਰ ਨਾਨਕ ਪਾਰ ਨਾਨਕ, ਸਭ ਦਾ ਪਰਵਦਗਾਰ ਨਾਨਕ।
ਸਭ ਦੀ ਸੁਣੇ ਪੁਕਾਰ ਨਾਨਕ, ਬੇੜਾ ਕਰਾਵੇ ਪਾਰ ਨਾਨਕ।
ਬੇਸਹਾਰਿਆਂ ਦਾ ਯਾਰ ਨਾਨਕ, ਲੋੜਵੰਦਾਂ ਦਾ ਮਦਦਗਾਰ ਨਾਨਕ।
ਸਭ ਨੂੰ ਦੇਵੇ ਪਿਆਰ ਨਾਨਕ, ਰੱਬ ਸੋਹਣੇ ਦਾ ਅਵਤਾਰ ਨਾਨਕ।
ਹਨ੍ਹੇਰੇ ਵਿੱਚ ਪ੍ਰਕਾਸ਼ ਨਾਨਕ, ਸਭ ਦਾ ਬਣੇ ਰਾਹਗਾਰ ਨਾਨਕ
ਝੂਠ ਨੂੰ ਕੋਹੀ ਦੂਰ ਭਜਾਵੇ, ਸੱਚ ਦਾ ਪਹਿਰੇਦਾਰ ਨਾਨਕ।
ਮਜ਼ਲੂਮਾਂ ਦਾ ਬਣ ਹਿਤੈਸ਼ੀ, ਲਾ ਗਲ ਨਾਲ ਦੇਵੇ ਪਿਆਰ ਨਾਨਕ।
ਪਾਂਧੇ ਤਾਈ ਸੱਚ ਪੜ੍ਹਾ ਕੇ ਫੱਟੀ ਤੇ ਲਿਖੇ ਇੱਕ ਓਂਕਾਰ ਨਾਨਕ।
ਊਚ ਨੀਚ ਦਾ ਫ਼ਰਕ ਮਿਟਾ, ਮਰਦਾਨੇ ਨੂੰ ਗਲ ਲਾਵੇ ਨਾਨਕ।
ਰਬਾਬੀ ਮਰਦਾਨੇ ਕੋਲੋ, ਇਲਾਹੀ ਰਾਗ ਬਜਾਵੇ ਨਾਨਕ।
ਇਲਾਹੀ ਬਾਣੀ ਉਚਾਰ ਕੇ, ਘਰ ਵਿੱਚ ਖੁਦਾ ਦਿਖਾਵੇ ਨਾਨਕ।
ਹੱਕ ਦੀ ਕਿਰਤ ਨੂੰ ਦੇ ਵਡਿਆਈ, ਲਾਲੋ ਘਰ ਕੋਧਰੇ ਦੀ ਰੋਟੀ ਖਾਵੇ ਨਾਨਕ।
ਚੋਰਾ ਠੱਗਾਂ ਨੂੰ ਸਿੱਧੇ ਰਸਤੇ ਪਾਕੇ, ਹੱਕ ਸੱਚ ਦਾ ਇਲਮ ਸਿਖਾਵੇ ਨਾਨਕ।
ਹੰਕਾਰੀਆਂ ਦਾ ਹੰਕਾਰ ਤੋੜ, ਪੰਜੇ ਨਾਲ ਪੱਥਰ ਰੋਕਾਵੇ ਨਾਨਕ।
ਚਾਰੋਂ ਦਿਸ਼ਾਵਾਂ ਘੁੰਮ ਘੁੰਮ ਕੀਤਾ, ਸੱਚੇ ਰੱਬ ਦਾ ਗੁਣਗਾਣ ਨਾਨਕ।
ਇਲਾਹੀ ਬਾਣੀ ਦਾ ਚਸ਼ਮਾ ਵਗਾ, ਕੁੱਲ ਕਾਇਨਾਤ ਨੂੰ ਠੰਡਕ ਪੁਚਾਵੇ ਨਾਨਕ।
ਸੱਚ ਦੀ ਵੇਈ ਵਿੱਚ ਡੁੱਬਕੀ ਲਾ, ਨਾ ਕੋ ਹਿੰਦੂ ਨਾ ਮੁਸਲਮਾਨ ਦਾ ਸਬਕ ਉਚਾਰੇ ਨਾਨਕ।
ਭੁੱਲੇ ਭਟਕਿਆ ਨੂੰ ਖੋਲ੍ਹ ਸਮਝਾਇਆ, ਨਾਮ ਦਾ ਭੇਤ ਨਿਖਾਰ ਨਾਨਕ।
ਮੂਲ ਮੰਤਰ ਦਾ ਜਾਪ ਜੋ ਕਰਦਾ, ਬੇੜਾ ਪਾਰ ਕਰਾਵੇ ਨਾਨਕ।
ਬਾਣੀ ਜਪੁਜੀ ਸਾਹਿਬ ਦੀ ਦਸੇ, ਗੁਰੂ ਗ੍ਰੰਥ ਸਾਹਿਬ ਦਾ ਸਾਰ ਨਾਨਕ।
ਦੀਨ ਦੁਨੀਆਂ ਦੀ ਫਰਿਆਦ ਹੈ ਸੁਣਦਾ, ਜਗਤ ਗੁਰੂ ਕਰਤਾਰ ਨਾਨਕ।
ਸਾਧੂ ਸੰਤਾਂ ਨੂੰ ਲੰਗਰ ਛਕਾ ਕੇ, ਸੱਚ ਦਾ ਕਰੇ ਵਪਾਰ ਨਾਨਕ।
ਕੁੱਲ ਕਾਇਨਾਤ ਦਾ ਮਾਲਿਕ ਦਾਤਾ, ਸਭ ਦਾ ਪਾਲਣਹਾਰ ਨਾਨਕ।
ਤਰਕ ਨਾਲ ਗੱਲ ਜੇਹਨ ਚ ਪਾਵੇ, ਐਸਾ ਪੀਰਾਂ ਦਾ ਪੀਰ ਨਾਨਕ।
ਸਿੱਧਾਂ ਜੋਗੀਆਂ ਦੀ ਮਜਲਿਸ ਵਿੱਚ, ਸੱਚੇ ਰੱਬ ਦੇ ਭੇਤ ਬਤਾਵੇ ਨਾਨਕ।
ਸੱਚ ਦਾ ਵਣਜ ਕਰਨ ਵਾਸਤੇ ਤੇਰਾ ਤੇਰਾ ਤੋਲ ਤੋਂਲਾਵੇ ਨਾਨਕ।
ਭਾਣੇ ਵਿੱਚ ਰਹਿ ਨਿਵ ਕੇ ਚੱਲਣਾ, ਸਾਨੂੰ ਜਾਂਚ ਸਿਖਾਵੇ ਨਾਨਕ।
ਲਹਿਣੇ ਵਿੱਚ ਇੱਕ ਦੀ ਜੋਤ ਟਿਕਾ, ਲਹਿਣੇ ਤੋਂ ਅੰਗਦ ਬਣਾਵੇ ਨਾਨਕ।
ਬਾਣੀ ਗੁਰੂ ਗੁਰੂ ਹੈ ਬਾਣੀ, ਸਭ ਨੂੰ ਸੋਚੀਂ ਪਾਵੈ ਨਾਨਕ।
ਘਟ ਘਟ ਦੇ ਵਿੱਚ ਹਰਿ ਹੈ ਵਸਦਾ, ਸਿੱਧਾਂ ਨੂੰ ਗੱਲ ਸਮਝਾਵੇ ਨਾਨਕ।
ਕਿਰਤ ਕਰਨ ਤੇ ਵੰਡ ਛਕਣ ਦਾ, ਸਭ ਨੂੰ ਪਾਠ ਪੜ੍ਹਾਵੇ ਨਾਨਕ।
ਵਹਿਮਾ ਭਰਮਾਂ ਤੋਂ ਦੂਰ ਰਹਿਣ ਦਾ, ਸਭ ਨੂੰ ਦੇਵੇ ਉਪਦੇਸ਼ ਨਾਨਕ।
ਤਨ ਮਨ ਨਾਲ ਜੋ ਬਾਣੀ ਗਾਵੇ, ਅਨਹਦ ਸ਼ਬਦ ਸੁਣਾਵੇ ਨਾਨਕ।
ਜੋ ਜਨ ਢਹਿ ਪਿਆ ਗੁਰ ਚਰਨੀ, ਉਸ ਨੂੰ ਸੱਚਖੰਡ ਪੁਚਾਵੇ ਨਾਨਕ।
ਇੱਕ ਦਾ ਵਰਤਾਰਾ ਵਰਤ ਰਿਹਾ, ਇੱਕ ਦਾ ਪਾਠ ਪੜ੍ਹਾਵੇ ਨਾਨਕ।
ਦੁਨੀਆ ਵਿੱਚ ਸੱਚਾ ਅਵਤਾਰ ਨਾਨਕ,
ਸੁੱਖ ਜਿਹੇ ਗਰੀਬਾ ਦੀ, ਦੁੱਖ ਵਿੱਚ ਲੈਂਦਾ ਸਾਰ ਨਾਨਕ।
ਸਭ ਤੇ ਕਰੇ ਉਪਕਾਰ ਨਾਨਕ, ਸਭ ਦੀ ਸੁਣੇ ਫਰਿਆਦ ਨਾਨਕ।
ਸਭ ਦਾ ਪਾਲਣਹਾਰ ਨਾਨਕ।
ਪੀਰਾਂ ਵਿੱਚੋਂ ਪੀਰ ਸਰਵੋਤਮ, ਜਗਤ ਗੁਰੂ ਅਵਤਾਰ ਨਾਨਕ।

ਬਾਲ ਕਵਿਤਾ ਹਰਪ੍ਰੀਤ ਪੱਤੋ

## ਰੁੱਤ ਪੜ੍ਹਨ ਦੀ ਆਈ

ਪਿੰਡ ਪੱਤੋ ਹੀਰਾ ਸਿੰਘ (ਮੋਗਾ)
ਫੋਨ ਨੰਬਰ 94658-21417,

ਪੜ੍ਹਨੇ ਦੀ ਰੁੱਤ ਹੁਣ ਆਈ ਬੱਚਿਓ।
ਦਿਲ ਲਾ ਕੇ ਕਰ ਲਓ ਪੜ੍ਹਾਈ
ਬੱਚਿਓ।

ਹੁਣ ਥੋੜੇ ਪੱਕੇ ਪੇਪਰ ਵੀ ਆਉਣ ਗੇ।
ਦੁਹਰਾਈ ਥੋਨੂੰ ਟੀਚਰ ਕਰਾਉਣ ਗੇ।
ਰੱਖਿਓ ਧਿਆਨ ਟਿਕਾਈ ਬੱਚਿਓ।
ਪੜ੍ਹਨੇ ਦੀ ਰੁੱਤ.............।

ਜਿਹੜੇ ਬੱਚੇ ਚੰਗੇ ਨੰਬਰ ਲੈਣ 'ਗੇ।
ਨਵੀਆਂ ਕਲਾਸਾਂ ਵਿੱਚ ਜਾ ਕੇ ਬਹਿਣ 'ਗੇ।
ਨਾਲਾਇਕ ਬੈਠਣਗੇ ਮੂੰਹ ਲੁਕਾਈ ਬੱਚਿਓ।
ਪੜ੍ਹਨੇ ਦੀ ਰੁੱਤ.............।

ਸਾਲ ਪਿੱਛੋਂ ਇਮਤਿਹਾਨ ਆਉਂਦੇ ਨੇ।
ਕੀਤੀ ਹੋਈ ਮਿਹਨਤ ਦਾ ਮੁੱਲ ਪਾਉਂਦੇ ਨੇ।
ਜਾਣੀ ਪੜ੍ਹ ਕੇ ਕਿਸਮਤ ਚਮਕਾਈ ਬੱਚਿਓ।
ਪੜ੍ਹਨੇ ਦੀ ਰੁੱਤ.............।

ਹੁਣ ਨਾ ਤੁਸੀਂ ਕੋਈ ਬਹਾਨਾ ਘੜਿਓ।
ਮਨ ਚਿਤ ਲਾ ਕੇ ਪੂਰਾ ਪੂਰਾ ਪੜਿ•ਓ।
ਬਹੁਤ ਔਖੀ ਮਾਪਿਆਂ ਦੀ ਕਮਾਈ ਬੱਚਿਓ।
ਪੜ੍ਹਨੇ ਦੀ ਰੁੱਤ.............।

ਨਵੀਆਂ ਕਲਾਸਾਂ ਵਿੱਚ 'ਪੱਤੋ' ਜਾਵੇਗਾ।
ਦੋਸਤਾਂ ਦੇ ਵਿੱਚ ਫਿਰ ਮਾਣ ਪਾਵੇਗਾ।
ਜ਼ਿੰਦਗੀ ਜਾਣੀ ਰੁਸ਼ਨਾਈ ਬੱਚਿਓ।
ਪੜ੍ਹਨੇ ਦੀ ਰੁੱਤ ਹੁਣ ਆਈ ਬੱਚਿਓ।

ਦਿਲ ਲਾ ਕੇ ਕਰ ਲਓ ਪੜ੍ਹਾਈ ਬੱਚਿਓ।

## ਗੀਤ

ਹਰੀ ਕ੍ਰਿਸ਼ਨ ਮਾਇਰ

ਸਰਕੰਡਿਆਂ ਦੇ ਘਰ ਨੇ
ਸਾਡੇ ਸਰਕੰਡਿਆਂ ਦੇ ਘਰ
ਬਿਜਲੀ ਕੜਕੇ ਪੌਣ ਡਰਾਵੇ
ਕਣੀ ਕਣੀ ਦਾ ਡਰ
ਧੁੱਪ ਅਸਾਡੀ ਮਹਿਲਾਂ ਡੱਕੀ
ਪੌਣਾਂ ਅੱਗ ਕੰਧਾੜੇ ਚੱਕੀ
ਦੇਖੀ ਚਿਣਗ ਹੈ ਲੱਭਦੀ ਫਿਰਦੀ
ਸਾਡੀਆਂ ਛੱਤਾਂ ਦਰ
ਚਾਤਰ ਲੋਕ ਜ਼ਮੀਨਾਂ ਵਾਲੇ
ਸੁਪਨੇ ਲਟਕਣ ਅੱਧ ਵਿਚਾਲੇ
ਰਾਹਕਾਂ ਦੇ ਪੱਲੇ ਬੰਨ੍ਹੇ ਬੱਸ
ਹੌਕੇ ਹਾਵੇ ਡਰ
ਥੁੜ੍ਹਾਂ ਘਸੀਟੇ ਗੁਰਬਤ ਜਾਲੇ
ਕੁਲੀਆਂ ਵਾਲੇ ਛੰਨਾਂ ਵਾਲੇ
ਸਾਡੀਆਂ ਪਾਲੀਆਂ ਸਰੋਂਆਂ ਮੱਕੀਆਂ
ਆਉਣ ਨਾਂ ਸਾਡੇ ਘਰ
ਕਦੀ ਕਦੀ ਚੰਨ ਮੁਸਕਰਾਵੇ
ਇਕਤਾਰਾ ਜਦ ਪੌਣ ਬਜਾਵੇ
ਨੈਣਾਂ ਦੀਆਂ ਨੁੱਕਰਾਂ ਤੇ ਕੋਈ
ਦੀਵੇ ਜਾਂਦਾ ਧਰ
ਬੁੱਲਾਂ ਤੇ ਜੇ ਬੋਲ ਲਿਆਈਏ
ਹੱਕ ਲਈ ਆਵਾਜ਼ ਉਠਾਈਏ
ਲੋਕ ਮੁਅਜੱਜ ਇਕਜੁੱਟ ਹੁੰਦੇ
ਖੋਹ ਲੈਂਦੇ ਸਾਡੇ ਪਰ
ਅਸੀਂ ਸਿੱਧੀਆਂ ਨੀਤਾਂ ਵਾਲੇ
ਸਾਨੂੰ ਆਉਂਣ ਨਾਂ ਘਾਲੇ ਮਾਲੇ
ਨਿੱਕੀਆਂ ਨਿੱਕੀਆਂ ਖੁਸ਼ੀਆਂ ਸਾਨੂੰ
ਜਿਉਂਦੇ ਦਿੰਦੀਆਂ ਕਰ

ਮੋਬਾ. 09780667686

# ਮਾਨਵੀਂ ਰਿਸ਼ਤਿਆਂ ਦਾ ਅਜ਼ੀਮ ਕਹਾਣੀਕਾਰ : ਭਗਵੰਤ ਰਸੂਲਪੁਰੀ

**ਡਾ. ਚਰਨਜੀਤ ਕੌਰ ਬਰਾੜ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ (ਹਰਿਆਣਾ)
ਮੋਬਾਈਲ ਨੰ. 9878447758

ਵੀਹਵੀਂ ਸਦੀ ਦੇ ਸਾਹਿਤ ਵਿੱਚ ਸੰਖੇਪ ਕਹਾਣੀ ਦਾ ਦਰਜਾ ਉਸਦੇ ਸਾਰੇ ਅੰਗਾਂ (ਕਵਿਤਾ, ਨਾਵਲ, ਨਾਟਕ) ਨਾਲੋਂ ਉੱਚਾ ਮੰਨਿਆ ਗਿਆ ਹੈ। ਅਸਲ ਵਿੱਚ ਕਹਾਣੀ ਹੀ ਇੱਕ ਅਜੇਹੀ ਚੀਜ਼ ਹੈ, ਜਿਹੜੀ ਸਧਾਰਨ ਦੰਦ ਕਥਾ ਦੇ ਰੂਪ ਤੋਂ ਬਦਲਦੀ-ਬਦਲਦੀ ਅੱਜ ਮਹਾਨ ਉੱਚੇ ਮਰਤਬੇ ਤੇ ਜਾ ਪਹੁੰਚੀ ਹੈ। ਕੋਈ ਸਮਾਂ ਸੀ ਜਦ ਕਹਾਣੀ ਨੂੰ ਕੇਵਲ ਛੋਟੇ ਜਵਾਕਾਂ ਦੇ ਦਿਲ ਪਰਚਾਵੇ ਲਈ ਵਰਤਿਆ ਜਾਂਦਾ ਸੀ। ਪਰ ਅੱਜ ਇਸਦਾ ਰੂਪ ਵਟਦਾ -ਵਟਦਾ ਮਾਨਸਿਕ ਅਵਸਥਾ ਦੀ ਉਹ ਤਸਵੀਰ ਬਣ ਗਿਆ ਹੈ ਹਾਂ ਅਜਿਹੀ ਮੂੰਹੋਂ ਬੋਲਦੀ ਤਸਵੀਰ ਜਿਸਦੇ ਪ੍ਰਭਾਵ ਨਾਲੋਂ ਅਸਰ ਨੂੰ ਵੱਡੇ ਵੱਡੇ ਦਿਲ ਤੇ ਉੱਚੇ ਉੱਚੇ ਦਿਮਾਗ ਵੀ ਕਬੂਲੇ ਬਿਨਾਂ ਨਹੀਂ ਰਹਿ ਸਕਦੇ। ਪੰਜਾਬੀ ਕਹਾਣੀ ਦੇ ਖੇਤਰ ਵਿੱਚ ਜਿਹੜੇ ਕਹਾਣੀਕਾਰ ਆਪਣੀ ਕਥਾ ਸੰਵੇਦਨਾ ਦੀ ਨਿਸ਼ਚਿਤ ਅਤੇ ਅੱਡਰੀ ਪਛਾਣ ਬਣਾਉਣ ਦੇ ਸਮਰੱਥ ਹੋ ਸਕੇ ਹਨ। ਉਹਨਾਂ ਵਿੱਚ ਭਗਵੰਤ ਰਸੂਲਪੁਰੀ ਦਾ ਨਾਮ ਸਹਿਜੇ ਹੀ ਸ਼ਾਮਿਲ ਹੈ। ਰਸੂਲਪੁਰੀ ਦੀ ਕਹਾਣੀ ਕਲਾ ਜਿੰਨਾ ਮਸਲਿਆਂ ਰਿਸ਼ਤਿਆਂ ਨੂੰ ਪ੍ਰਤੱਖਦੀ ਅਤੇ ਨਜਿੱਠਦੀ ਆਪਣੇ ਨੈਣ ਨਕਸ਼ ਨਿਖਾਰਦੀ ਹੈ ਉਹਨਾਂ ਦਾ ਸਬੰਧ ਸਾਡੀ ਜਾਤੀ ਜਮਾਤੀ ਸਮਾਜਿਕ ਬਣਤਰ ਨਾਲ ਹੈ। ਸਮਾਜਿਕ ਯਥਾਰਥ, ਜਮਾਤੀ ਚੇਤਨਾ ਜਾਂ ਵਰਗ ਸੰਘਰਸ਼ ਵਰਗੇ ਮੁੱਦੇ ਭਾਵੇਂ ਪੰਜਾਬੀ ਕਹਾਣੀ ਨੂੰ ਗੁੜਤੀ ਵਿੱਚ ਮਿਲੇ ਹਨ ਪਰ ਯਥਾਰਥ ਦੇ ਸਥਿਰ ਬੱਜਰ ਜਾਂ ਵਰਗ ਵਿਸ਼ੇਸ਼ ਦੀ ਨਿਸ਼ਚਿਤ ਪ੍ਰਤਿਮਾਨਕ ਪੇਸ਼ਕਾਰੀ ਤੋਂ ਉਤਾਂਹ ਉਠ ਕੇ ਇੱਕ ਕਰੂਰ ਯਥਾਰਥ ਦਾ ਇੱਕ ਜੀਵੰਤ ਬਿੰਬ ਸਿਰਜਣ ਦੀ ਸਮਰੱਥਾ ਬਹੁਤ ਘੱਟ ਗਲਪਕਾਰਾਂ ਦਾ ਹਾਸਲ ਬਣੀ ਹੈ। ਇਸ ਪ੍ਰਥਾਇ ਭਗਵੰਤ ਰਸੂਲਪੁਰੀ ਇਕ ਸਫ਼ਲ ਕਹਾਣੀਕਾਰ ਹੈ।



ਨਰੋਈਆਂ ਕਦਰਾਂ ਕੀਮਤਾਂ ਅਤੇ ਸ਼੍ਰੇਣੀ ਰਹਿਤ ਸਮਾਜ ਦੀ ਸਥਾਪਨਾ ਲਈ ਲਿਖਤਾਂ ਰਾਹੀਂ ਸੰਘਰਸ਼ਸ਼ੀਲ ਰਹਿਣ ਵਾਲੇ ਲੇਖਕ ਭਗਵੰਤ ਰਸੂਲਪੁਰੀ ਦਾ ਜਨਮ ਪਿੰਡ ਰਸੂਲਪੁਰ, ਜਿਲਾ ਜਲੰਧਰ ਵਿਖੇ 10 ਮਈ 1970ਈ. ਨੂੰ ਸ੍ਰੀ ਚਮਨ ਲਾਲ ਜੀ ਦੇ ਘਰ ਮਾਤਾ ਬਖ਼ਸ਼ੋ ਦੇਵੀ ਦੀ ਕੁੱਖੋਂ ਹੋਇਆ। ਆਪਣੇ ਜੀਵਨ ਵਿਚ ਨਿਰੰਤਰ ਸਾਹਿਤ ਸਾਧਨਾ ਨਾਲ ਜੁੜੇ ਇਸ ਲੇਖਕ ਨੂੰ ਸਮੇਂ ਸਮੇਂ ਕਈ ਇਨਾਮ, ਸਨਮਾਨ ਤੇ ਪੁਰਸਕਾਰ ਪ੍ਰਾਪਤ ਹੋ ਚੁੱਕੇ ਹਨ। ਇਹਨਾਂ ਦੇ ਕਥਾ ਸਾਹਿਤ ਬਾਰੇ ਪੰਜਾਬੀ ਵਿਚ ਕਾਫੀ ਖੋਜ, ਆਲੋਚਨਾ ਤੇ ਥੀਸਿਜ਼ ਛਪ ਚੁੱਕੇ ਹਨ। ਭਗਵੰਤ ਰਸੂਲਪੁਰੀ ਨੇ ਭਾਵੇਂ ਵਧੇਰੇ ਕਹਾਣੀਆਂ ਲਿਖੀਆਂ ਹਨ ਪਰ ਹੋਰਨਾ ਸਾਹਿਤ ਰੂਪਾਂ ਦੀਆਂ ਕਈ ਪੁਸਤਕਾਂ ਵੀ ਪ੍ਰਕਾਸ਼ਤ ਹੋ ਚੁੱਕੀਆਂ ਹਨ। ਜਿਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

**ਕਹਾਣੀ ਸੰਗ੍ਰਹਿ** : ਚਾਨਣ ਦੀ ਲੀਕ, ਕਵੇਲੇ ਤੁਰਿਆ ਪਾਂਧੀ, ਮੈਂ ਸ਼ੈਤਾਨ ਤੇ ਇੰਦੂਮਣੀ, ਤੀਜਾ ਨੇਤਰ, ਮਰਨ ਰੁੱਤ, ਕੁੰਭੀ ਨਰਕ, ਡਿਲੀਵਰੀ ਮੈਨ ਨਾਵਲ : ਜਰਖੇਜ਼

**ਅਨੁਵਾਦ** : ਮੈਂ ਭੰਗੀ ਹਾਂ, ਇਨਕਲਾਬੀ ਯਾਤਰਾ, ਭੂਤੂ, ਸੇਖਰ ਜੋਸ਼ੀ ਪ੍ਰਤਿਨਿਧ ਕਹਾਣੀਆਂ, ਇਕ ਤਮਾਸ਼ਾ ਅਜਿਹਾ ਵੀ।

**ਬਾਲ ਸਾਹਿਤ** : ਰਾਜੇ ਦਾ ਇਨਸਾਫ਼, ਸਾਂਝੇ ਵਿਹੜੇ ਦੇ ਬੂਟੇ ਸੰਪਾਦਤ : ਅਛੂਤ ਕਮੀਨ ਤੇ ਅਦਨਾ ਇਨਸਾਨ, ਮੇਰੇ ਪੁਰਖੇ

ਉਹਨਾਂ ਦੀ ਕਹਾਣੀ ਦਾ ਸਿਰਜਣਾ ਸਰੋਤ ਮਨੁੱਖੀ ਮਨ ਦੀਆਂ ਪਰਤਾਂ ਅਤੇ ਰਿਸ਼ਤਿਆਂ ਵਿੱਚ ਆ ਰਹੇ ਬਦਲਾਅ ਤੋਂ ਇਲਾਵਾ ਜਾਤੀ ਜਮਾਤੀ ਹਉਮੈ ਵਾਲੇ ਭਾਰਤੀ ਸਮਾਜ ਵਿੱਚ ਆਰਥਿਕ ਸਮਾਜਿਕ ਪੱਖੋਂ ਹੀਣਾ ਹੋਣ ਕਰਕੇ ਅਮਾਨਵੀਂ ਸੰਤਾਪ ਭੋਗ ਰਿਹਾ ਦਲਿਤ ਵਰਗ ਹੈ। ਉਸ ਦੀਆਂ ਕਹਾਣੀਆਂ ਪੰਜਾਬ ਦੇ ਪਿੰਡਾਂ ਦੀਆਂ ਠੱਠੀਆਂ ਵਿੱਚ ਵੱਸਦੇ ਕਮੀਆਂ ਕਮੀਨਾਂ ਦੇ ਦੁੱਖ -ਦਰਦਾਂ, ਫਿਕਰਾਂ, ਵਿਗੋਚਿਆਂ, ਮਸਲਿਆਂ ਤੇ ਜਿਲਤਾਂ ਦੀਆਂ ਬਾਤਾਂ ਪਾਉਂਦੀਆਂ ਹਨ। ਵਿਤੋਂ ਬਾਹਰੀ ਮੁਸ਼ਕਤ ਕਰਦੇ ਪਰ ਫਿਰ ਵੀ ਢਿੱਡੋਂ ਭੁੱਖੇ ਮਰਦੇ,ਢਹਿੰਦੇ ਕੋਠਿਆਂ ਵਿੱਚ ਬਿਮਾਰ ਡੰਗਰਾਂ ਨਾਲ ਦਰਗੁਜਾਰ ਕਰਦੇ ਨਿੱਤ ਕਰਜਾਈ ਹੁੰਦੇ, ਜਲੀਲ ਹੁੰਦੇ ਇਸ ਵਰਗ ਦੇ ਅਨੇਕ ਵੇਰਵੇ ਉਹਨਾਂ ਦੀਆਂ ਕਹਾਣੀਆਂ ਦਾ ਤਾਣਾ-ਪੇਟਾ ਸਿਰਜਦੇ ਹਨ। ਢਿੱਡ ਦੀ ਭੁੱਖ ਨਾਲ ਛਟ ਪਟਾਉਂਦੇ ਅਤੇ ਜਿਨਸੀ ਭੁੱਖ ਨਾਲ ਹਾਬੜਦੇ ਦੇਹ ਦੀ ਪੱਧਰ ਤੇ ਵਿਚਰਦੇ ਇਸ ਵਰਗ ਦੇ ਜੀਵਨ ਦੇ ਏਨੇ ਤਿੱਖੇ, ਭਿਆਨਕ ਅਤੇ ਅਣਗੌਲੇ ਮਸਲੇ ਰਸੂਲਪੁਰੀ ਦੇ ਗਾਲਪਨਿਕ ਬਿੰਬਾਂ ਵਿੱਚ ਢਲਦੇ ਹਨ।ਆਰਥਿਕਤਾ ਦੇ ਅੰਨ੍ਹੇ ਬੋੜੇ ਖੂਹ ਵਿੱਚ ਗਰਕ ਹੁੰਦੀ ਹੋਂਦ ਜਿਨਾਂ ਦਾ ਇੱਕ ਪੂਰਾ ਪਸਾਰਾ ਸਨਮੁਖ ਆ ਜਾਂਦਾ ਹੈ।ਉਹਨਾਂ ਦੀ ਬਿਰਤਾਂਤਕਾਰੀ ਦੀ ਦਿਲਚਸਪੀ ਇਸ ਗੱਲ ਵਿੱਚ ਹੈ ਕਿ ਉਸਦੇ ਕਥਾ ਨਾਇਕ ਨੂੰ ਇਹ ਸੰਸਾਰ ਜਾਂ ਆਪਣਾ ਆਪ ਕਿਹੋ ਜਿਹਾ ਲੱਗੇਗਾ। ਆਪਣੇ ਕਥਾ ਨਾਇਕ ਪ੍ਰਤੀ ਇਹ ਸੁਹਿਰਦਤਾ ਹੀ ਉਸਦੀ ਵਿਲੱਖਣਤਾ ਹੈ। ਇਹੀ ਉਸਦੀ ਪ੍ਰਾਪਤੀ ਹੈ। ਭਗਵੰਤ ਰਸੂਲਪੁਰੀ ਦੀਆਂ ਸਾਰੀਆਂ ਰਚਨਾਵਾਂ ਦੇ ਮੁੱਖ ਟਾਈਟਲ ਜਾਂ ਸਿਰਲੇਖ ਵੀ ਸਭ ਨੂੰ ਆਕਰਸ਼ਿਤ ਕਰਦੇ ਹਨ। ਸਿਰਲੇਖ ਦਾ ਸੋਹਣਾ ਜਾਂ ਕਸੋਹਣਾ ਹੋਣਾ ਵੀ ਕਹਾਣੀ ਉੱਤੇ ਬੜਾ ਅਸਰ ਪਾਉਂਦਾ ਹੈ।ਕਦੇ -ਕਦੇ ਕੋਈ ਕਹਾਣੀ ਬਹੁਤੀ ਚੰਗੀ ਨਾ ਹੋਣ ਤੇ ਵੀ ਚੰਗੇ ਤੇ ਫ਼ਬਦੇ ਸਿਰਲੇਖ ਦੇ ਕਾਰਨ ਸਲਾਹੀ ਜਾਂਦੀ ਹੈ। ਇਸ ਤੋਂ ਉਲਟ ਕਈ ਵਾਰੀ ਵਧੀਆ ਕਹਾਣੀ ਵੀ ਇਸ ਕਰਕੇ ਆਪਣਾ ਰੰਗ ਨਹੀਂ ਬੰਨ੍ਹ ਸਕਦੀ ਕਿ ਉਸਦਾ ਸਿਰਲੇਖ ਬੇ-ਮਤਲਬ ਜਾਂ ਖੋਖਲਾ ਹੁੰਦਾ ਹੈ।

ਉਨਾਂ ਦੇ ਨਾਵਲ 'ਜਰਖੇਜ਼' ਦਾ ਸਿਰਲੇਖ ਬੜਾ ਢੁਕਵਾਂ ਹੈ। ਉਹਨਾਂ ਦੇ ਨਾਵਲ ਵਿਚਲੇ ਪਾਤਰ ਦੇ ਬੋਲ ਉਸ ਨੂੰ ਹੋਰ ਵੀ ਸੋਹਣਾ ਬਣਾਉਂਦੇ ਹਨ।" ਮੈਂ ਤੈਨੂੰ ਦੱਸਾਂ ਇਹ ਭੋਇੰ ਵੇਖਣ ਨੂੰ ਭਾਵੇਂ ਪੱਥਰੀਲੀ ਏ.... ਸਖਤ ਏ...ਪਰ ਹੈਗੀ ਜਰਖੇਜ਼ ਏ..ਦੁਨੀਆਂ ਦੇ ਹਰ ਕੋਨੇ ਤੋਂ ਬੇਰੁਜ਼ਗਾਰੀ ਨਾਲ ਝੰਬੇ ਬੰਦੇ ਦੀਆਂ ਏਸੇ ਭੋਇੰ ਵਿੱਚ ਜੜ੍ਹਾਂ ਲੱਗਦੀਆਂ ਨੇ ਤਾਂ ਉਹਦੇ ਹੱਥਾਂ ਨੂੰ ਡਾਲਰ ਲੱਗਣ ਲੱਗ ਪੈਂਦੇ ਨੇ... ਏਸ ਭੋਇੰ ਦੇ ਹਰ ਕੋਨੇ 'ਤੇ ਭਾਂਤ-ਸਭਾਂਤੇ ਬੰਦਿਆਂ ਨੇ ਆਪਣੀਆਂ ਜੜ੍ਹਾਂ ਐਨੀਆਂ ਡੂੰਘੀਆਂ ਲਾ ਲਈਆਂ ਨੇ ਕਿ ਅਗਲੀਆਂ ਪੀੜੀਆਂ ਕੋਲੋਂ ਵੀ ਫੁੱਟਣੀਆਂ ਮੁਸ਼ਕਿਲ ਨੇ...ਤੂੰ ਇਹਨੂੰ ਪਥਰੀਲੀ ਭੋਇੰ ਕਹਿੰਦੈ?.... ਓਏ ਕਮਲਿਆ ਇਹੀ ਜਰਖੇ ਭੋਏ ਹੈ ਇਹੀ ਜਰਖੇਜ਼ ਭੋਇੰ ਏ..... ਇਸੇ ਤਰ੍ਹਾਂ ਉਹਨਾਂ ਦੇ ਕਹਾਣੀ ਸੰਗ੍ਰਹਿ 'ਡਿਲੀਵਰੀ ਮੈਨ' ਦਾ ਸਿਰਲੇਖ ਵੀ ਸਭ ਨੂੰ ਆਕਰਸ਼ਿਤ ਕਰਦਾ ਹੈ ਇਸ ਸੰਗ੍ਰਹਿ ਵਿੱਚ ਆਰਥਿਕ ਦ੍ਰਿਸ਼ਟੀ ਤੋਂ ਅਭਾਵ ਦੀ ਸਥਿਤੀ ਵਿੱਚ ਪੜ੍ਹੇ-ਲਿਖੇ ਪਾਤਰਾਂ ਦੇ ਮਨੋਵਿਗਿਆਨਿਕ, ਸਮਾਜਿਕ ਅਤੇ ਪਰਿਵਾਰਿਕ ਸੰਕਟ ਕਾਰਨ ਮਾਨਵੀਂ ਰਿਸ਼ਤਿਆਂ ਵਿੱਚ ਪੈਦਾ ਹੁੰਦੇ ਤਨਾਓ ਨੂੰ ਵੀ ਵਿਸ਼ੇਸ਼ ਤੌਰ ਤੇ ਚਿਤਰਿਆ ਗਿਆ ਹੈ। ਕੋਮਲ ਮਾਨਵੀਂ ਰਿਸ਼ਤਿਆਂ ਦੇ ਕਠੋਰ ਯਥਾਰਥ ਟਕਰਾਉਣ ਅਤੇ ਇਸ ਕਾਰਨ ਪੈਦਾ ਹੁੰਦੀ ਮਾਨਸਿਕ ਸਮਾਜਿਕ ਟੁੱਟ ਭੱਜ ਦੇ ਰੂਪ ਦੁਖਦ ਅਨੁਭਵ ਨੂੰ ਪੇਸ਼ ਕਰਦੀ ਹੈ। ਟੁੱਟ ਰਹੀ ਘਰੇਲੂ ਆਰਥਿਕਤਾ ਦਾ ਕਠੋਰ ਯਥਾਰਥ ਸਮਾਜਿਕ ਰਿਸ਼ਤਿਆਂ ਦੇ ਸਮੀਕਰਨਾਂ ਨੂੰ ਹੀ ਨਹੀਂ ਉਲਟਾ ਪੁਲਟਾ ਦਿੰਦਾ ਸਗੋਂ ਬਹੁਤ ਵਾਰ ਪਾਤਰਾਂ ਦੀ ਮਾਨਸਿਕਤਾ ਵਿੱਚ ਗੁਨਾਹ ਦੀ ਭਾਵਨਾ, ਪਛਤਾਵੇਂ ਦੀ ਭਾਵਨਾ ਜਾਂ ਹੀਣਤਾ ਦੇ ਅਹਿਸਾਸ ਵਰਗੀਆਂ ਅਨੇਕਾਂ ਮਾਨਸਿਕ ਗੁੰਝਲਾਂ ਵੀ ਪੈਦਾ ਕਰ ਦਿੰਦਾ ਹੈ ਨੌਕਰੀ ਦੀ ਅਣਹੋਂਦ ਵਿੱਚ ਵਿਚਰਦੇ ਪੇਂਡੂ ਬੇਰੁਜ਼ਗਾਰ ਨੌਜਵਾਨਾਂ ਦੀ ਹੋਰ ਵੀ ਦੁਖਦ ਸਥਿਤੀ ਹੈ ਕਿ ਉਹ ਹੱਥੀ ਕੰਮ ਧੰਦਾ ਕਰਨ ਨੂੰ ਚੰਗਾ ਨਹੀਂ ਸਮਝਦੇ। ਆਮ ਤੌਰ ਤੇ ਇਹ ਨਿਮਨ ਕਿਸਾਨੀ ਦਾ ਦੁਖਾਂਤ ਹੈ ਜਿੱਥੇ ਘਟਦੀ ਜਮੀਨ ਦੇ ਵੱਧਦੇ ਜਾ ਰਹੇ ਖੇਤੀ ਦੇ ਖ਼ਰਚਿਆਂ ਕਾਰਨ ਕਿਸਾਨ ਖੁਸ਼ਹਾਲ ਤੇ ਸੁੱਖ ਸਮਰਿੱਧ ਜੀਵਨ ਜਿਉਣ ਦੇ ਸੁਪਨੇ ਨੂੰ ਸਾਕਾਰ ਕਰਨ ਤੋਂ ਅਸਮਰੱਥ ਹੈ।ਅਜਿਹੀ ਸੰਕਟ ਗ੍ਰਸਤ ਸਥਿਤੀ ਵਿੱਚ ਮਾਨਵੀਂ ਰਿਸ਼ਤੇ ਅੰਦਰ ਦੰਭ, ਪਖੰਡ, ਸਵਾਰਥ ਆਦਿ ਭਾਵਨਾਵਾਂ ਦਾ ਆ ਜਾਣਾ ਸੁਭਾਵਿਕ ਹੈ ਪ੍ਰੰਤੂ ਇਸ ਹਾਲਤ ਵਿੱਚ ਵੀ ਕੁਝ ਇੱਕ ਲੋਕ ਇਹਨਾਂ ਰਿਸ਼ਤਿਆਂ ਦੇ ਅੰਦਰਲੇ ਨਿੱਘ ਤੇ ਮਾਣ- ਤਾਣ ਨੂੰ ਕਾਇਮ ਰੱਖਦੇ ਹੋਏ ਆਪਣੇ ਵਿਅਕਤੀਗਤ ਤੇ ਪਰਿਵਾਰਿਕ

ਜੀਵਨ ਦੀ ਕੋਈ ਵੀ ਕੀਮਤ ਚਕਾਉਣ ਨੂੰ ਪਹਿਲ ਦਿੰਦੇ ਹਨ। ਜੇਕਰ ਇਹਨਾਂ ਦੁਬਾਰਾ ਲਿਖੀ ਗਈ ਕਹਾਣੀ 'ਡਿਲੀਵਰੀ ਮੈਨ' ਦੀ ਗੱਲ ਕਰੀਏ ਤਾਂ ਇਸ ਕਹਾਣੀ ਦਾ ਮੁੱਖ ਪਾਤਰ ਕੇਵਲ ਕ੍ਰਿਸ਼ਨ ਇੱਕ ਅਜਿਹਾ ਡਿਲੀਵਰੀ ਮੈਨ ਹੈ ਜੋ ਇਕੱਲਿਆਂ ਰਹਿ ਰਹੀਆਂ ਔਰਤਾਂ ਦੇ ਦਰਦਾਂ ਨੂੰ ਪਛਾਣਦਾ ਹੈ ਤੇ ਆਪਣੀ ਵਿੱਤ ਅਨੁਸਾਰ ਡਿਲੀਵਰੀ ਕਰਦਾ ਹੈ। ਉਹ ਇੱਕ ਸੰਘਰਸ਼ਸ਼ੀਲ ਪਾਤਰ ਹੈ ਜੋ ਹਰ ਇੱਕ ਦੇ ਹਰ ਇੱਕ ਤਰ੍ਹਾਂ ਦੀ ਡਿਲੀਵਰੀ ਨੂੰ ਆਪਣੀ ਕਮਾਈ ਦਾ ਆਧਾਰ ਬਣਾਉਂਦਾ ਹੈ।

ਇਸ ਕਥਾ ਬਿਰਤਾਂਤ ਤੋਂ ਇਹ ਤੱਥ ਉੱਭਰਦਾ ਹੈ ਕਿ ਦਬਾਓ ਪੂਰਨ ਆਰਥਿਕ ਸਥਿਤੀਆਂ ਬੰਦੇ ਨੂੰ ਮਾਨਸਿਕ ਤੌਰ ਤੇ ਤੋੜਦੀਆਂ ਹੀ ਨਹੀਂ ਸਗੋਂ ਉਸ ਅੰਦਰੋਂ ਬਹੁਤ ਕੁਝ ਖਾਰਜ, ਬਹੁਤ ਕੁਝ ਮਾਰ ਦਿੰਦੀਆਂ ਹਨ। ਵਿਸ਼ੇਸ਼ ਕਰਕੇ ਸੰਵੇਦਨਸ਼ੀਲ ਬੱਚਿਆਂ ਦੀਆਂ ਅਜੀਬ ਜਿਹੀ ਮਾਨਸਿਕਤਾ ਬਣ ਜਾਂਦੀ ਹੈ। ਉਹ ਅੰਤਰਮੁਖ ਹੋ ਕੇ ਸਮੇਂ ਤੋਂ ਪਹਿਲਾਂ ਸਿਆਣੇ ਬਣ ਜਾਂਦੇ ਹਨ। ਉਹਨਾਂ ਦੇ ਅੰਦਰੋਂ ਰੀਝਾਂ, ਖਾਹਿਸ਼ਾਂ ਤੇ ਉਮੰਗਾਂ ਹੀ ਨਹੀਂ ਮਰਦੀਆਂ ਸਗੋਂ ਉਹਨਾਂ ਦਾ ਬਚਪਨ ਗੁੰਮ ਹੋ ਜਾਂਦਾ ਹੈ, ਮਰ ਜਾਂਦਾ ਹੈ।

ਰਸੂਲਪੁਰੀ ਆਪਣੀਆਂ ਕਹਾਣੀਆਂ ਵਿੱਚ ਪਲਾਂਟ ਦੀ ਗੋਂਦ, ਕਹਾਣੀ ਦੀ ਚਾਲ ਅਤੇ ਪਾਤਰਾਂ ਦੇ ਸੁਭਾਅ ਦੀ ਉਸਾਰੀ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਕਰਦਾ ਹੈ। ਇਉਂ ਮਲੂਮ ਹੁੰਦਾ ਹੈ ਕਿ ਉਹ ਆਪਣੇ ਰੂਹ ਨੂੰ ਆਪਣੇ ਪਾਤਰਾਂ ਦੇ ਸਰੀਰ ਵਿੱਚ ਢਾਲ ਦਿੰਦਾ ਹੈ। ਫਿਰ ਜਿਸ ਤਰ੍ਹਾਂ ਉਹ ਬੋਲਦੀ ਹੈ ਉਹੋ ਕੁਝ ਉਸਦੀ ਲੇਖਣੀ ਅੰਕਿਤ ਕਰਦੀ ਹੈ। ਬਨਾਵਟ ਤੋਂ ਉਸ ਨੂੰ ਸਖਤ ਪਰਹੇਜ਼ ਹੈ। ਕਹਾਣੀਆਂ ਦਾ ਸਿਖਰ ਤਾਂ ਹੀ ਲੋਕਿਕ ਹੁੰਦਾ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਹਾਣੀ ਦਾ ਸਾਹਿਤ ਭਾਵੇਂ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਪਰ ਅਜੇ ਦੂਜੀਆਂ ਉਨਤ ਬੋਲੀਆਂ ਦੇ ਬਰਾਬਰ ਨਹੀਂ ਆਇਆ ਭਗਵੰਤ ਰਸੂਲਪੁਰੀ ਦੀ ਨਵੀਂ ਛਪੀ ਕਥਾ ਪੁਸਤਕ 'ਡਿਲੀਵਰੀ ਮੈਨ' ਵਿੱਚ ਬਿਰਤਾਂਤ ਕਾਰਜ ਦੀ ਦ੍ਰਿਸ਼ਟੀ ਤੋਂ ਹੋਰ ਵੀ ਵਿਕਾਸ ਗੋਚਰ ਹੁੰਦਾ ਹੈ ਤੇ ਆਸ ਹੈ ਕਿ ਪੰਜਾਬੀ ਕਹਾਣੀ ਨੂੰ ਉਹਨਾਂ ਦੇ ਬਰਾਬਰ ਲਿਆ ਖੜਾ ਕਰੇਗਾ।

ਹਵਾਲੇ ਅਤੇ ਟਿੱਪਣੀਆਂ.....


1. ਸੰਪਾ. ਬਲਦੇਵ ਸਿੰਘ ਧਾਲੀਵਾਲ,ਪਰਮਜੀਤ ਸਿੰਘ, ਪੰਜਾਬੀ ਕਹਾਣੀ-ਆਲੋਚਨਾ ਦਾ ਇਤਿਹਾਸ,ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ. 102

2. -ਉਹੀ-, ਪੰਨਾ.. 89

3. ਡਾ. ਸੁਖਵਿੰਦਰ ਸਿੰਘ ਰੰਧਾਵਾ, ਕਥਾ ਚਿੰਤਨ, ਸੁੰਦਰ ਬੁੱਕ ਡਿਪੋ, ਜਲੰਧਰ, ਪੰਨਾ. 44,47

4. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਚੇਤਨਾ ਪ੍ਰਕਾਸਨ, ਲੁਧਿਆਣਾ, ਪੰਨਾ.. 243

5. ਭਗਵੰਤ ਰਸੂਲਪੁਰੀ, ਜਰਖ਼ੇਜ, ਪਰਵਾਜ਼ ਪ੍ਰਕਾਸ਼ਨ, ਜਲੰਧਰ, ਪੰਨਾ. 13


## ਨਿਰਲੇਪ

ਮੇਰੇ ਇੱਕ ਪਾਸੇ ਦੱਖਣ ਪੰਥੀ ਬੈਠੇ ਨੇ
ਕੁਝ ਕਹਿਣ ਤੇ ਉਹ ਦੇਸ਼-ਧ੍ਰੋਹੀ,
ਦੇਸ਼-ਵਿਰੋਧੀ ਦਾ ਰੌਲਾ ਪਾਉਂਦੇ ਨੇ
ਮੇਰੇ ਦੂਜੇ ਪਾਸੇ ਖੱਬੇ ਪੱਖੀ ਬੈਠੇ ਨੇ
ਵਿਰੋਧੀ ਆਵਾਜ ਤੇ ਉਹ ਪੂੰਜੀਵਾਦੀ ਦਾ ਲੇਬਲ ਲਾਉਂਦੇ ਨੇ
ਅਖੌਤੀ ਧਰਮ ਨਿਰਪੱਖ ਬੈਠੇ ਨੇ ਮੇਰੇ ਤੀਜੇ ਪਾਸੇ
ਸੱਚ ਅਤੇ ਝੂਠ ਦੋਵਾਂ ਤੇ ਉਹ ਕੱਟੜਤਾ ਦਾ ਦੋਸ਼ ਲਾਉਂਦੇ ਨੇ
ਮੇਰੇ ਚੌਥੇ ਪਾਸੇ ਕੁਝ ਮੌਕਾਪ੍ਰਸਤ ਬੈਠੇ ਨੇ
ਉਹ ਮੇਰੇ ਸ਼ਬਦਾਂ ਵਿਚ ਕੁਝ ਮੌਕਾ ਲੱਭਣਾ ਚਾਹੁੰਦੇ ਹਨ
ਇਹਨਾਂ ਸਭ ਦੇ ਵਿਚਕਾਰ ਬਹਿ ਕੇ ਵੀ
ਮੈਂ ਸ਼ਾਂਤ ਹਾਂ,
ਮੈਨੂੰ ਕੋਈ ਫਰਕ ਨਹੀਂ ਪੈਂਦਾ
ਕਿਉਂਕਿ ਮੈਂ ਚੁੱਪ ਰਹਿਣਾ ਸਿੱਖ ਲਿਆ
ਕਿ ਮੈਂ ਦੇਸ਼ ਦਾ ਆਮ ਆਦਮੀ ਹਾਂ...


**ਹਰਦੀਪ ਸੱਭਰਵਾਲ**

**ਪਟਿਆਲਾ, ਪੰਜਾਬ**

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪੰਜਾਬੀ ਵਿਆਪਕਤਾ ਨੂੰ ਨਵਾਂ ਰੂਪ ਦੇਵੇਗੀ-ਡਾ ਅਮਰਜੀਤ ਟਾਂਡਾ

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਪਹਿਲਾਂ ਹੀ ਵੈਬਨਾਰਾਂ, ਮੁਸ਼ਾਇਰਿਆਂ ਅਤੇ ਕਵੀ ਦਰਬਾਰਾਂ ਦੁਆਰਾ ਵਿਸ਼ਵ ਪੰਜਾਬੀ ਸਾਹਿਤ ਨੂੰ ਜੀਉਂਦਾ ਰੱਖ ਰਹੀ ਹੈ, ਪਰ ਇਸ ਤੋਂ ਵੀ ਵੱਡੇ ਰੋਲ ਨਿਭਾਉਣ ਲਈ ਬ੍ਰਹਿਮੰਡੀ ਗੋਸ਼ਟੀਆਂ ਵਰਗੀਆਂ ਪਹਿਲਕਦਮੀਆਂ ਵੀ ਕਰ ਰਹੀ ਹੈ। ਇਹ ਅਕਾਦਮੀ ਫ਼?ਲਾਸਫ਼ੀਕਲ ਅਤੇ ਸਾਹਿਤਕ ਨਜ਼ਰੀਏ ਨਾਲ ਪੰਜਾਬੀ ਵਿਆਪਕਤਾ ਨੂੰ ਨਵਾਂ ਰੂਪ ਦੇਵੇਗੀ ।

**ਅਕਾਦਮੀ ਦਾ ਵਿਸ਼ਾਲ ਰੋਲ**

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨੂੰ ਵਿਸ਼ਵ ਭਰ ਦੇ ਪੰਜਾਬੀ ਡਾਇਸਪੋਰਾ ਵਿੱਚ ਡਿਜੀਟਲ ਲਾਇਬ੍ਰੇਰੀਆਂ ਅਤੇ ਏਆਈ-ਅਧਾਰਤ ਸਾਹਿਤਕ ਪਲੇਟਫਾਰਮ ਬਣਾਵੇਗੀ , ਜਿੱਥੇ ਪੁਰਾਣੀਆਂ ਕਵਿਤਾਵਾਂ ਤੋਂ ਲੈ ਕੇ ਨਵੀਆਂ ਰਚਨਾਵਾਂ ਤੱਕ ਸਭ ਕੁਝ ਉਪਲਬਧ ਹੋਵੇ।

ਇਹ ਨਾ ਸਿਰਫ਼ ਪੰਜਾਬੀ ਭਾਸ਼ਾ ਨੂੰ ਬਚਾਏਗਾ, ਸਗੋਂ ਨੌਜਵਾਨਾਂ ਨੂੰ ਆਪਣੀ ਵਿਰਾਸਤ ਨਾਲ ਵੀ ਜੋੜੇਗਾ।ਇਸ ਨਾਲ ਅਕਾਦਮੀ ਇੱਕ ਗਲੋਬਲ ਹੱਬ ਬਣ ਜਾਵੇਗੀ, ਜਿੱਥੇ ਪੰਜਾਬੀ ਸੋਚ ਨੂੰ ਵਿਸ਼ਵ ਸਾਹਿਤ ਨਾਲ ਜੋੜਿਆ ਜਾਵੇ।

**ਫ਼ਿਲਾਸਫ਼ੀਕਲ ਵਿਜ਼ਨ**

ਫ਼ਿਲਾਸਫ਼ਰ ਵਾਂਗ ਸੋਚੀਏ ਤਾਂ ਪੰਜਾਬੀ ਸਾਹਿਤ ਬ੍ਰਹਿਮੰਡ ਦੀ ਇੱਕ ਰੰਗੀਨ ਤਸਵੀਰ ਹੈ, ਜੋ ਧਰਤੀ ਤੋਂ ਬਾਹਰ ਵੀ ਚਮਕ ਸਕਦੀ ਹੈ। ਅਕਾਦਮੀ ਸੈਟੇਲਾਈਟ ਵਰਗੇ ਪ੍ਰੋਗਰਾਮ ਵੀ ਚਲਾਵੇਗੀ —ਪੰਜਾਬੀ ਕਵਿਤਾ ਨੂੰ ਅੰਤਰਰਾਸ਼ਟਰੀ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਯੂਨੈਸਕੋ ਵਰਗੇ ਮੰਚਾਂ ਤੱਕ ਪਹੁੰਚਾਵੇਗੀ।

ਇਹ ਰੋਲ ਪੰਜਾਬੀ ਨੂੰ ਸਿਰਫ਼ ਭਾਸ਼ਾ ਨਹੀਂ, ਸਗੋਂ ਫ਼ਲਸਫ਼ੇ ਦਾ ਰੂਪ ਦੇਵੇਗਾ, ਜਿੱਥੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸਮਕਾਲੀ ਸ਼ਾਇਰਾਂ ਦੀਆਂ ਗੱਲਾਂ ਬ੍ਰਹਿਮੰਡੀ ਚੇਤਨਾ ਨਾਲ ਜੁੜ ਜਾਣਗੀਆਂ।

**ਸਾਹਿਤਕ ਪ੍ਰੋਗਰਾਮ**

**ਡਾਇਸਪੋਰਾ ਲਿਖਾਰੀਆਂ ਲਈ ਵਰਕਸ਼ਾਪਾਂ :**

ਆਸਟਰੇਲੀਆ, ਕੈਨੇਡਾ ਵਰਗੇ ਦੇਸ਼ਾਂ ਵਿੱਚ ਲੋਕਲ ਵਰਕਸ਼ਾਪਾਂ ਨਾਲ ਨਵੇਂ ਲੇਖਕ ਤਿਆਰ ਕਰੇਗੀ, ਜੋ ਪੰਜਾਬੀ ਨੂੰ ਮਾਡਰਨ ਥੀਮਾਂ ਨਾਲ ਜੋੜਨਗੇ।

**ਸਾਹਿਤਕ ਫ਼ਿਲਮ ਫੈਸਟੀਵਲ :**

ਪੰਜਾਬੀ ਕਵਿਤਾ ਤੇ ਕਹਾਣੀਆਂ ਤੇ ਫ਼ਿਲਮਾਂ ਬਣਾਈਆਂ ਜਾਣਗੀਆਂ, ਜੋ ਨੈੱਟਫ਼ਲਿਕਸ ਵਰਗੇ ਪਲੇਟਫਾਰਮਾਂ ਤੱਕ ਪਹੁੰਚਣ।

**ਗਲੋਬਲ ਪੋਇਟਰੀ ਸਲਾਮ :**

ਵਿਸ਼ਵ ਪੱਧਰੀ ਆਨਲਾਈਨ ਮੁਕਾਬਲੇ, ਜਿੱਥੇ ਪੰਜਾਬੀ ਕਵੀ ਹੋਰ ਭਾਸ਼ਾਵਾਂ ਨਾਲ ਟੱਕਰ ਲੈਣ, ਜਿਵੇਂ ਵਰਲਡ ਕਵੀ ਸਲਾਮ।

ਇਹ ਸਾਰੇ ਰੋਲ ਅਕਾਦਮੀ ਨੂੰ ਇੱਕ ਬ੍ਰਹਿਮੰਡੀ ਤਾਰੇ ਵਾਂਗ ਚਮਕਾਉਣਗੇ, ਜਿੱਥੇ ਪੰਜਾਬੀ ਸਾਹਿਤ ਨਾ ਸਿਰਫ਼ ਜੀਵੇਗਾ, ਸਗੋਂ ਵਿਸ਼ਵ ਨੂੰ ਵੀ ਰੌਸ਼ਨੀ ਵੰਡੇਗਾ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨਵੀਂ ਲੜੀ ਦੇ ਲੇਖਕਾਂ ਨੂੰ ਪ੍ਰਸਿੱਖਣ ਲਈ ਢੁਕਵੀਆਂ ਆਨਲਾਈਨ ਅਤੇ ਆਫ਼ਲਾਈਨ ਵਰਕਸ਼ਾਪਾਂ, ਮੈਂਟਰਸ਼ਿਪ ਪ੍ਰੋਗਰਾਮਾਂ ਅਤੇ ਡਾਇਸਪੋਰਾ ਵਿੱਚ ਲੋਕਲ ਵੈਲਿਊ ਚਲਾ ਕੇ ਤਿਆਰ ਕਰੇਗੀ।

ਇਹ ਪ੍ਰੋਗਰਾਮ ਪੰਜਾਬੀ ਵਿਰਾਸਤ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਵਿੱਚ ਮੁੱਖ ਭੂਮਿਕਾ ਨਿਭਾਉਣਗੇ। ਫ਼?ਲਾਸਫ਼ੀਕਲ ਨਜ਼ਰੀਏ ਨਾਲ ਵੇਖੀਏ ਤਾਂ ਇਹ ਅਕਾਦਮੀ ਲੇਖਕ ਨੂੰ ਬੀਜ ਵਾਂਗ ਬੀਜ ਕੇ ਪੰਜਾਬੀ ਸਾਹਿਤ ਦੇ ਜੰਗਲ ਨੂੰ ਵਧਾਏਗੀ।

**ਆਨਲਾਈਨ ਵਰਕਸ਼ਾਪਾਂ**

ਅਕਾਦਮੀ ਜ਼ੂਮ ਜਾਂ ਫ਼ੇਸਬੁੱਕ ਲਾਈਵ ਰਾਹੀਂ ਹਫ਼ਤਾਵਾਰ ਵਰਕਸ਼ਾਪਾਂ ਚਲਾਵੇਗੀ , ਜਿੱਥੇ ਨਵੇਂ ਲੇਖਕ ਕਵਿਤਾ, ਕਹਾਣੀ ਅਤੇ ਲੇਖ ਲਿਖਣ ਦੀ ਕਲਾ ਸਿੱਖਣਗੇ।

ਸੀਨੀਅਰ ਸ਼ਾਇਰ ਮੈਂਟਰ ਬਣ ਕੇ ਨਵੀਆਂ ਰਚਨਾਵਾਂ ਨੂੰ ਉਤਸ਼ਾਹਿਤ ਕਰਕੇ ਫੀਡਬੈਕ ਦੇਣਗੇ, ਜਿਵੇਂ ਪਹਿਲਾਂ ਹੁੰਦਾ ਆਇਆ ਹੈ। ਇਹ ਨੌਜਵਾਨਾਂ ਨੂੰ ਆਧੁਨਿਕ ਥੀਮਾਂ ਨਾਲ ਪੰਜਾਬੀ ਨੂੰ ਜੋੜਨ ਵਿੱਚ ਮਾਹਰ ਬਣਾਏਗਾ।

**ਡਾਇਸਪੋਰਾ ਮੈਂਟਰਸ਼ਿਪ**

ਕੈਲੀਫ਼ੋਰਨੀਆ, ਆਸਟ?ਰੇਲੀਆ ਵਰਗੇ ਖੇਤਰਾਂ ਵਿੱਚ ਲੋਕਲ ਚੈਪਟਰ ਬਣਾ ਕੇ ਨਵੇਂ ਲੇਖਕਾਂ ਨੂੰ ਸੀਨੀਅਰਾਂ ਨਾਲ ਜੋੜਿਆ ਜਾਵੇਗਾ, ਜਿੱਥੇ ਉਹ ਰੂ-ਬ-ਰੂ ਮੀਟਿੰਗਾਂ ਵਿੱਚ ਰਚਨਾ ਪੜ੍ਹ ਕੇ ਚਰਚਾ ਕਰਨ।

ਪੁਰਸਕਾਰ ਜਾਂ ਪ੍ਰਕਾਸ਼ਨ ਦੇ ਮੌਕੇ ਦੇ ਕੇ ਉਨ੍ਹਾਂ ਨੂੰ ਪ੍ਰੇਰਿਤ ਕਰਿਆ ਜਾਵੇਗਾ, ਜਿਵੇਂ ਸਾਹਿਤਕ ਅਕਾਦਮੀਆਂ ਨੇ ਪਹਿਲਾਂ ਕੀਤਾ। ਇਸ ਢੰਗ ਨਾਲ ਡਾਇਸਪੋਰਾ ਦੇ ਨੌਜਵਾਨ ਆਪਣੀ ਭਾਸ਼ਾ ਨੂੰ ਜਿਉਂਦਾ ਰੱਖਣਗੇ।

**ਪ੍ਰੈਕਟੀਕਲ ਪ੍ਰੋਗਰਾਮ ਲਿਖਣ ਮੁਕਾਬਲੇ :**

ਹਰ ਤਿਮਾਹੀ ਵਿਸ਼ਾ ਨਿਰਧਾਰਤ ਕਰਕੇ ਐਂਟਰੀ ਲੈ ਅਤੇ ਜੇਤੂਆਂ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ।

**ਪਾਠਕ ਵਰਕਸ਼ਾਪ :** ਨਵੇਂ ਲੇਖਕਾਂ ਨੂੰ ਪੁਰਾਣੇ ਸਾਹਿਤ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜਿਵੇਂ ਨਾਨਕ ਸਿੰਘ ਦੀਆਂ ਰਚਨਾਵਾਂ, ਤਾਂ ਜੋ ਉਹ ਮੁਕੰਦੀ ਬਣਨ।

ਡਿਜੀਟਲ ਟੂਲਜ਼ ਟਰੇਨਿੰਗ: ਰੀਲਜ਼ ਅਤੇ ਪੋਡਕਾਸਟ ਬਣਾਉਣੇ ਸਿਖਾਏ ਜਾਣਗੇ, ਜੋ ਪੰਜਾਬੀ ਸਾਹਿਤ ਨੂੰ ਵਾਇਰਲ ਕਰਨਗੇ।

ਇਹ ਸਾਰੇ ਨਵੀਨਤਮ ਤਰੀਕੇ ਅਕਾਦਮੀ ਨੂੰ ਭਵਿੱਖ ਦੇ ਸਾਹਿਤਕ ਤਾਰਿਆਂ ਦਾ ਕੇਂਦਰ ਬਣਾਉਣਗੇ।

ਅਸੀਂ ਸਾਰੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਕੰਪਿਊਟਰ ਮਾਹਿਰਾਂ ਸਾਹਿਤਕਾਰਾਂ ਨੂੰ ਬੇਨਤੀ ਕਰਾਂਗੇ ਕਿ ਉਹ ਸਾਨੂੰ ਆਪਣਾ ਵੱਧ ਤੋਂ ਵੱਧ ਪੂਰਾ ਸਹਿਯੋਗ ਦੇਣ।

ਇਸ ਤਰ੍ਹਾਂ ਪੰਜਾਬੀ ਸਾਹਿਤ ਦਾ ਵਿਸ਼ਵ ਭਰ ਦੇ ਵਿੱਚ ਵਿਕਾਸ ਹੋਣਾ ਸ਼ੁਰੂ ਹੋ ਜਾਵੇਗਾ ਤੇ ਸੱਭਿਅਚਾਰ ਵਿਰਸਾ ਵੀ ਪ੍ਰਫੁੱਲਤ ਹੋਵੇਗਾ।

***

# ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ

## ਨੂੰ ਸਮਰਪਿਤ ਅਦਬੀ ਦੁਨੀਆਂ ਦਾ ਮਹੀਨਾਵਾਰ ਕਵੀ ਦਰਬਾਰ

### ਸ਼ਾਇਰ ਡਾ : ਯਸ਼ ਨਕੋਦਰੀ ਸਨਮਾਨਿਤ

**ਜਲੰਧਰ**, 23 **ਫਰਵਰੀ :** ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਅਦਬੀ ਦੁਨੀਆਂ ਦਾ ਮਹੀਨਾਵਾਰ ਕਵੀ ਦਰਬਾਰ ਸਰਪ੍ਰਸਤ ਕੀਮਤੀ ਕੈਸਰ ਅਤੇ ਉਪ-ਪ੍ਰਧਾਨ ਮਾਧਵੀ ਅਗਰਵਾਲ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਜਲੰਧਰ ਅਤੇ ਆਸ-ਪਾਸ ਦੇ ਪਿੰਡਾਂ ਅਤੇ ਸ਼ਹਿਰਾਂ ਦੇ 25 ਕਵੀਆਂ ਨੇ ਭਾਗ ਲਿਆ। ਕਵੀਆਂ ਨੇ ਮਾਂ ਬੋਲੀ ਪੰਜਾਬੀ 'ਤੇ ਰਚਨਾਵਾਂ ਪੇਸ਼ ਕਰਕੇ ਪ੍ਰੋਗਰਾਮ ਵਿੱਚ ਰੰਗ ਭਰਿਆ। ਇਸ ਪ੍ਰੋਗਰਾਮ ਵਿੱਚ ਪ੍ਰਸਿੱਧ ਸ਼ਾਇਰ ਡਾ: ਯਸ਼ ਨਕੋਦਰੀ ਨੂੰ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਲੋਕ ਕਵੀ ਜਗਦੀਸ਼ ਰਾਣਾ ਨੇ ਮਾਂ ਬੋਲੀ ਦਿਵਸ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਡਾ: ਯਸ਼ ਨਕੋਦਰੀ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਗ਼ਜ਼ਲਾਂ ਪੇਸ਼ ਕਰਕੇ ਸਭ ਨੂੰ ਮੋਹ ਲਿਆ। ਪ੍ਰੋਗਰਾਮ ਦੇ ਸਫਲ ਸੰਚਾਲਨ ਵਿੱਚ ਜਨਰਲ ਸਕੱਤਰ ਪਰਮਦਾਸ ਹੀਰ, ਵਿੱਤ ਸਕੱਤਰ ਮਨਜੀਤ ਸਿੰਘ, ਸਲਾਹਕਾਰ ਉਰਮਲਜੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਡਾ: ਬਲਦੇਵ ਸਿੰਘ ਬੱਧਣ, ਰਾਜਪਿੰਦਰ ਕੌਰ, ਦੀਪਿਕਾ ਅਰੋੜਾ, ਦਲਜੀਤ ਮਹਿਮੀ, ਕੁਲਵਿੰਦਰ ਗਾਖਲ, ਹਰਜਿੰਦਰ ਸਿੰਘ ਜਿੰਦੀ, ਕੁਲਦੀਪ ਦੁਸਾਂਝ, ਸੁਰਿੰਦਰ ਮੋਹਨ, ਅਸ਼ੋਕ ਕੁਮਾਰ ਗੋਇਲ, ਪ੍ਰੋਫ਼ੈਸਰ ਰਮਨ ਸ਼ਰਮਾ, ਨਗੀਨਾ ਸਿੰਘ, ਬੇਬੀ ਏਕਮਜੋਤ ਕੌਰ, ਸੁਰਜੀਤ ਕੌਰ, ਹੀਰਾ ਮੱਲ੍ਹਾਂ, ਸੁਰਿੰਦਰ ਗੁਲ੍ਹਾ ਆਦਿ ਹਾਜ਼ਰ ਸਨ।

# ਵਧਦੀ ਖੁਦਕੁਸ਼ੀ ਦਰ ਇੱਕ ਵਿਸ਼ਵਵਿਆਪੀ ਚੁਣੌਤੀ ਹੈ -

## ਰਾਸ਼ਟਰੀ ਖੁਦਕੁਸ਼ੀ ਰੋਕਥਾਮ ਰਣਨੀਤੀ 2030 ਦਾ ਐਲਾਨ - ਇੱਕ ਵਿਆਪਕ ਵਿਸ਼ਲੇਸ਼ਣ

**ਸਾਰੇ ਦੇਸ਼ਾਂ ਲਈ ਖੁਦਕੁਸ਼ੀ ਰੋਕਥਾਮ ਨੂੰ ਆਪਣੀਆਂ ਰਾਸ਼ਟਰੀ ਸਿਹਤ ਨੀਤੀਆਂ ਦਾ ਹਿੱਸਾ ਬਣਾਉਣ ਦਾ ਸਮਾਂ ਆ ਗਿਆ ਹੈ।**




ਐਡਵੋਕੇਟ
ਕਿਸ਼ਨ ਸੰਮੁਖਦਾਸ ਭਾਵਨਾਨੀ,
ਗੋਂਡੀਆ, ਮਹਾਰਾਸ਼ਟਰ

**ਖੁਦਕੁਸ਼ੀ ਸਿਰਫ਼ ਇੱਕ ਵਿਅਕਤੀਗਤ ਸਮੱਸਿਆ ਨਹੀਂ ਹੈ, ਸਗੋਂ ਇੱਕ ਵਿਸ਼ਵਵਿਆਪੀ ਚੁਣੌਤੀ ਹੈ। ਸਰਕਾਰਾਂ, ਅੰਤਰਰਾਸ਼ਟਰੀ ਸੰਗਠਨਾਂ, ਭਾਈਚਾਰਿਆਂ ਅਤੇ ਪਰਿਵਾਰਾਂ ਨੂੰ ਇਸ ਨੂੰ ਹੱਲ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।**

ਗੋਂਡੀਆ - ਵਿਸ਼ਵਵਿਆਪੀ ਤੌਰ 'ਤੇ, ਮਨੁੱਖੀ ਸਭਿਅਤਾ ਦੀ ਤਰੱਕੀ ਦੇ ਨਾਲ, ਮਾਨਸਿਕ, ਸਮਾਜਿਕ ਅਤੇ ਆਰਥਿਕ ਜਟਿਲਤਾਵਾਂ ਵਿੱਚ ਵੀ ਵਾਧਾ ਹੋਇਆ ਹੈ। ਖੁਦਕੁਸ਼ੀ ਇਨ੍ਹਾਂ ਜਟਿਲਤਾਵਾਂ ਨਾਲ ਜੁੜਿਆ ਇੱਕ ਬਹੁਤ ਗੰਭੀਰ ਮੁੱਦਾ ਹੈ। ਇਹ ਸਿਰਫ਼ ਇੱਕ ਵਿਅਕਤੀਗਤ ਫੈਸਲਾ ਨਹੀਂ ਹੈ; ਇਹ ਸਮਾਜਿਕ, ਮਨੋਵਿਗਿਆਨਕ, ਸੱਭਿਆਚਾਰਕ ਅਤੇ ਆਰਥਿਕ ਕਾਰਕਾਂ ਦੁਆਰਾ ਡੂੰਘਾ ਪ੍ਰਭਾਵਿਤ ਹੁੰਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ, ਖੁਦਕੁਸ਼ੀ ਨੂੰ ਸਭ ਤੋਂ ਗੰਭੀਰ ਜਨਤਕ ਸਿਹਤ ਚੁਣੌਤੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਅਨੁਸਾਰ, ਹਰ ਸਾਲ ਲਗਭਗ 700,000 ਲੋਕ ਖੁਦਕੁਸ਼ੀ ਨਾਲ ਮਰਦੇ ਹਨ, ਜਿਸਦਾ ਮਤਲਬ ਹੈ ਕਿ ਹਰ 40 ਸਕਿੰਟਾਂ ਵਿੱਚ ਇੱਕ ਵਿਅਕਤੀ ਖੁਦਕੁਸ਼ੀ ਕਰਦਾ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਹ ਸਪੱਸ਼ਟ ਕਰਦਾ ਹੈ ਕਿ ਇਹ ਸਿਰਫ਼ ਇੱਕ ਵਿਅਕਤੀਗਤ ਸਮੱਸਿਆ ਨਹੀਂ ਹੈ, ਸਗੋਂ ਇੱਕ ਵਿਸ਼ਵਵਿਆਪੀ ਸੰਕਟ ਹੈ। ਹੁਣ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਸੰਮੇਲਨਾਂ ਰਾਹੀਂ ਇਸ ਨੂੰ ਹੱਲ ਕਰਨਾ ਸਮੇਂ ਦੀ ਲੋੜ ਹੈ। ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਇੱਕ ਰਾਸ਼ਟਰੀ ਖੁਦਕੁਸ਼ੀ ਰੋਕਥਾਮ ਰਣਨੀਤੀ ਦਾ ਐਲਾਨ ਕੀਤਾ ਹੈ। ਇਹ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਹੈ, ਜਿਸ ਵਿੱਚ 2030 ਤੱਕ ਖੁਦਕੁਸ਼ੀ ਮੌਤ ਦਰ ਨੂੰ 10% ਘਟਾਉਣ ਲਈ ਇੱਕ ਸਮਾਂ-ਬੱਧ ਕਾਰਜ ਯੋਜਨਾ ਅਤੇ ਬਹੁ-ਖੇਤਰੀ ਸਹਿਯੋਗ ਸ਼ਾਮਲ ਹੈ। ਇਹ ਰਣਨੀਤੀ ਵਿਸ਼ਵ ਸਿਹਤ ਸੰਗਠਨ ਦੀ ਖੁਦਕੁਸ਼ੀ ਰੋਕਥਾਮ ਲਈ ਦੱਖਣ-ਪੂਰਬੀ ਏਸ਼ੀਆ ਖੇਤਰੀ ਰਣਨੀਤੀ ਦੇ ਅਨੁਸਾਰ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਖੁਦਕੁਸ਼ੀ ਕੀ ਹੈ ਅਤੇ ਇਹ ਕਿਉਂ ਹੁੰਦੀ ਹੈ, ਅਤੇ ਕਿਸ ਦੇਸ਼ ਵਿੱਚ ਖੁਦਕੁਸ਼ੀ ਦਰ ਸਭ ਤੋਂ ਵੱਧ ਹੈ, ਤਾਂ ਖੁਦਕੁਸ਼ੀ ਦਾ ਆਮ ਤੌਰ 'ਤੇ ਮਤਲਬ ਹੈ ਕਿ ਕੋਈ ਵਿਅਕਤੀ ਜਾਣਬੁੱਝ ਕੇ ਆਪਣੀ ਜਾਨ ਲੈਂਦਾ ਹੈ। ਇਹ ਫੈਸਲਾ ਇੱਕ ਪਲ ਭਰ ਦੀ ਪ੍ਰੇਰਣਾ ਨਹੀਂ ਹੈ, ਸਗੋਂ ਲੰਬੇ ਸਮੇਂ ਦੇ ਮਾਨਸਿਕ ਅਤੇ ਸਮਾਜਿਕ ਦਬਾਅ ਦਾ ਨਤੀਜਾ ਹੈ। ਡਬਲਯੂ ਐਚ ਓ ਦੀ 2023 ਦੀ ਰਿਪੋਰਟ ਦੇ ਅਨੁਸਾਰ, ਲਗਭਗ 77% ਖੁਦਕੁਸ਼ੀਆਂ ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ ਹੁੰਦੀਆਂ ਹਨ, ਜਿੱਥੇ ਮਾਨਸਿਕ ਸਿਹਤ ਸੇਵਾਵਾਂ ਸੀਮਤ ਹਨ ਅਤੇ ਸਮਾਜਿਕ ਕਲੰਕ ਲੋਕਾਂ ਨੂੰ ਮਦਦ ਲੈਣ ਤੋਂ ਨਿਰਾਸ਼ ਕਰਦਾ ਹੈ। ਡਿਪਰੈਸ਼ਨ, ਬਾਈਪੋਲਰ ਡਿਸਆਰਡਰ, ਸ਼ਾਈਜ਼ੋਫਰੀਨੀਆ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਅਤੇ ਸਮਾਜਿਕ ਅਲੱਗ-ਥਲੱਗਤਾ ਖੁਦਕੁਸ਼ੀ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹਨ। ਰਿਸ਼ਤਿਆਂ ਦੀ ਅਸਫਲਤਾ, ਬੇਰੁਜ਼ਗਾਰੀ, ਵਿੱਤੀ ਤੰਗੀ, ਘਰੇਲੂ ਹਿੰਸਾ, ਅਤੇ ਨੌਜਵਾਨਾਂ 'ਤੇ ਸਿੱਖਿਆ ਅਤੇ ਕਰੀਅਰ ਵਿਕਾਸ ਦਾ ਦਬਾਅ ਵੀ ਮਹੱਤਵਪੂਰਨ ਕਾਰਕ ਹਨ। ਵਿਸ਼ਵ ਪੱਧਰ 'ਤੇ,

ਖੁਦਕੁਸ਼ੀ ਦੀ ਦਰ ਦੇਸ਼ ਅਨੁਸਾਰ ਵੱਖ-ਵੱਖ ਹੁੰਦੀ ਹੈ। ਡਬਲਯੂ ਐਚ ਓ ਦੀ 2022 ਦੀ ਰਿਪੋਰਟ ਦਰਸਾਉਂਦੀ ਹੈ ਕਿ ਲਿਥੁਆਨੀਆ, ਦੱਖਣੀ ਕੋਰੀਆ, ਰੂਸ, ਗੁਆਨਾ ਅਤੇ ਜਾਪਾਨ ਵਰਗੇ ਦੇਸ਼ਾਂ ਵਿੱਚ ਪ੍ਰਤੀ 100,000 ਆਬਾਦੀ ਵਿੱਚ ਸਭ ਤੋਂ ਵੱਧ ਖੁਦਕੁਸ਼ੀ ਦਰ ਹੈ। ਉਦਾਹਰਣ ਵਜੋਂ, ਲਿਥੁਆਨੀਆ ਵਿੱਚ ਪ੍ਰਤੀ 100,000 ਵਿੱਚ ਲਗਭਗ 25.7 ਦੀ ਦਰ ਹੈ, ਜਦੋਂ ਕਿ ਦੱਖਣੀ ਕੋਰੀਆ ਵਿੱਚ ਪ੍ਰਤੀ 100,000 ਵਿੱਚ ਲਗਭਗ 20.2 ਹੈ। ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਆਪਣੀ ਵੱਡੀ ਆਬਾਦੀ ਦੇ ਕਾਰਨ ਕੁੱਲ ਖੁਦਕੁਸ਼ੀ ਦਰ ਸਭ ਤੋਂ ਵੱਧ ਹੈ। ਭਾਰਤ ਵਿੱਚ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ 2022 ਦੀ ਰਿਪੋਰਟ ਦੇ ਅਨੁਸਾਰ, ਇੱਕ ਸਾਲ ਵਿੱਚ 164,000 ਤੋਂ ਵੱਧ ਖੁਦਕੁਸ਼ੀਆਂ ਦਰਜ ਕੀਤੀਆਂ ਗਈਆਂ, ਜਿਸ ਵਿੱਚ ਔਸਤਨ 450 ਤੋਂ ਵੱਧ ਲੋਕ ਹਰ ਰੋਜ਼ ਆਪਣੀ ਜਾਨ ਲੈਂਦੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਗਿਣਤੀ ਰੋਜ਼ਾਨਾ ਮਜ਼ਦੂਰੀ ਕਰਨ ਵਾਲੇ, ਵਿਦਿਆਰਥੀ ਅਤੇ ਕਿਸਾਨ ਹਨ। ਜਪਾਨ ਵਿੱਚ ਖੁਦਕੁਸ਼ੀ ਲੰਬੇ ਸਮੇਂ ਤੋਂ ਇੱਕ ਸਮਾਜਿਕ ਸਮੱਸਿਆ ਰਹੀ ਹੈ, ਜਿੱਥੇ ਹਰ ਸਾਲ 20,000 ਤੋਂ ਵੱਧ ਲੋਕ ਆਪਣੀ ਜਾਨ ਲੈਂਦੇ ਹਨ।




ਦੋਸਤੋ, ਜੇਕਰ ਅਸੀਂ ਖੁਦਕੁਸ਼ੀ ਨੂੰ ਸਿਰਫ਼ ਇੱਕ ਵਿਅਕਤੀਗਤ ਸਮੱਸਿਆ ਨਹੀਂ ਸਗੋਂ ਇੱਕ ਸਮਾਜਿਕ ਚੁਣੌਤੀ ਮੰਨਦੇ ਹਾਂ, ਤਾਂ ਇਹ ਅੰਤਰਰਾਸ਼ਟਰੀ ਪੱਧਰ 'ਤੇ ਸਵੀਕਾਰ ਕੀਤਾ ਗਿਆ ਹੈ ਕਿ ਖੁਦਕੁਸ਼ੀ ਨੂੰ ਸਿਰਫ਼ ਇੱਕ ਵਿਅਕਤੀਗਤ ਸਮੱਸਿਆ ਮੰਨਣਾ ਉਚਿਤ ਨਹੀਂ ਹੈ। ਡਬਲਯੂ ਐਚ ਓ ਅਤੇ ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਸੁਸਾਈਡ ਪ੍ਰੀਵੈਂਸ਼ਨ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਖੁਦਕੁਸ਼ੀ ਮਨੋਵਿਗਿਆਨਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਕਾਰਕਾਂ ਦਾ ਨਤੀਜਾ ਹੈ। ਸੰਯੁਕਤ ਰਾਸ਼ਟਰ ਦੁਆਰਾ ਜਾਰੀ ਕੀਤੀ ਗਈ 2021 ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗਰੀਬੀ, ਸਮਾਜਿਕ ਅਸਮਾਨਤਾ, ਲਿੰਗ ਭੇਦਭਾਵ ਅਤੇ ਸਿੱਖਿਆ ਦੀ

ਘਾਟ ਵੀ ਖੁਦਕੁਸ਼ੀ ਦੀਆਂ ਵਧਦੀਆਂ ਘਟਨਾਵਾਂ ਵਿੱਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕ ਹਨ। ਨੌਜਵਾਨਾਂ ਵਿੱਚ ਖੁਦਕੁਸ਼ੀ ਦਰ ਖਾਸ ਤੌਰ ’ਤੇ ਚਿੰਤਾਜਨਕ ਹੈ। 15-29 ਉਮਰ ਸਮੂਹ ਵਿੱਚ ਖੁਦਕੁਸ਼ੀ ਮੌਤ ਦਾ ਚੌਥਾ ਪ੍ਰਮੁੱਖ ਕਾਰਨ ਹੈ। ਡਿਜੀਟਲ ਯੁੱਗ ਵਿੱਚ, ਸਾਈਬਰ ਧੱਕੇਸ਼ਾਹੀ, ਔਨਲਾਈਨ ਦਬਾਅ ਅਤੇ ਸੋਸ਼ਲ ਮੀਡੀਆ ਤੋਂ ਅਵਿਸ਼ਵਾਸੀ ਉਮੀਦਾਂ ਵੀ ਨੌਜਵਾਨਾਂ ਨੂੰ ਖੁਦਕੁਸ਼ੀ ਵੱਲ ਧੱਕ ਰਹੀਆਂ ਹਨ।

ਦੋਸਤੋ, ਜਦੋਂ ਖੁਦਕੁਸ਼ੀ ਰੋਕਥਾਮ ਦੀ ਗੱਲ ਆਉਂਦੀ ਹੈ, ਤਾਂ ਖੁਦਕੁਸ਼ੀ ਰੋਕਥਾਮ ਲਈ ਖੋਜ ਅਤੇ ਡੇਟਾ ਇਕੱਠਾ ਕਰਨਾ ਸਭ ਤੋਂ ਮਹੱਤਵਪੂਰਨ ਕਦਮ ਹਨ।ਡਬਲਯੂ ਐਚ ਓ ਦੀ “ਮਾਨਸਿਕ ਸਿਹਤ ਐਟਲਸ 2020” ਰਿਪੋਰਟ ਦਰਸਾਉਂਦੀ ਹੈ ਕਿ ਦੁਨੀਆ ਭਰ ਦੇ 80% ਤੋਂ ਵੱਧ ਦੇਸ਼ਾਂ ਵਿੱਚ ਖੁਦਕੁਸ਼ੀ ਨਾਲ ਸਬੰਧਤ ਡੇਟਾ ਜਾਂ ਤਾਂ ਉਪਲਬਧ ਨਹੀਂ ਹੈ ਜਾਂ ਅਧੂਰਾ ਹੈ। ਇਹ ਨੀਤੀ ਨਿਰਮਾਣ ਨੂੰ ਗੁੰਝਲਦਾਰ ਬਣਾਉਂਦਾ ਹੈ। IASP ਇਸ ਖੇਤਰ ਵਿੱਚ ਖੋਜ ਅਤੇ ਸਿਖਲਾਈ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਦਾ ਹੈ। ਸੰਯੁਕਤ ਰਾਜ ਅਤੇ ਯੂਰਪ ਦੇ ਦੇਸ਼ਾਂ ਨੇ ਖੁਦਕੁਸ਼ੀ ਰੋਕਥਾਮ ’ਤੇ ਵਿਆਪਕ ਖੋਜ ਕੀਤੀ ਹੈ, ਜਿਸ ਨੇ ਦਿਖਾਇਆ ਹੈ ਕਿ ਬੋਧਾਤਮਕ ਵਿਵਹਾਰ ਥੈਰੇਪੀ, ਮਨੋ-ਸਮਾਜਿਕ ਸਹਾਇਤਾ, ਹੈਲਪਲਾਈਨ ਸੇਵਾਵਾਂ, ਅਤੇ ਭਾਈਚਾਰਕ ਸਹਾਇਤਾ ਖੁਦਕੁਸ਼ੀ ਨੂੰ ਰੋਕਣ ਵਿੱਚ ਬਹੁਤ ਪ੍ਰਭਾਵਸ਼ਾਲੀ ਹਨ। ਪੇਸ਼ੇਵਰਾਂ ਨੂੰ ਸਿਖਲਾਈ ਦੇਣਾ ਵੀ ਮਹੱਤਵਪੂਰਨ ਹੈ। ਡਬਲਯੂ ਐਚ ਓ ਦੀ ਇੱਕ ਰਿਪੋਰਟ ਦੇ ਅਨੁਸਾਰ, ਦੁਨੀਆ ਭਰ ਵਿੱਚ ਪ੍ਰਤੀ 100,000 ਲੋਕਾਂ ਵਿੱਚ ਔਸਤਨ ਸਿਰਫ 13 ਮਾਨਸਿਕ ਸਿਹਤ ਪੇਸ਼ੇਵਰ ਹਨ, ਜਦੋਂ ਕਿ ਵਿਕਸਤ ਦੇਸ਼ਾਂ ਵਿੱਚ ਇਹ ਅਨੁਪਾਤ ਬਹੁਤ ਜ਼ਿਆਦਾ ਹੈ। ਇਹ ਅਸਮਾਨਤਾ ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ ਖੁਦਕੁਸ਼ੀ ਰੋਕਥਾਮ ਨੂੰ ਚੁਣੌਤੀਪੂਰਨ ਬਣਾਉਂਦੀ ਹੈ। ਜੇਕਰ ਡਾਕਟਰਾਂ, ਅਧਿਆਪਕਾਂ, ਸਮਾਜਿਕ ਵਰਕਰਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਖੁਦਕੁਸ਼ੀ ਦੇ ਸੰਕੇਤਾਂ ਨੂੰ ਪਛਾਨਣ ਅਤੇ ਸਮੇਂ ਸਿਰ ਦਖਲ ਦੇਣ ਲਈ ਸਿਖਲਾਈ ਦਿੱਤੀ ਜਾਂਦੀ ਹੈ, ਤਾਂ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

ਦੋਸਤੋ, ਸਾਥੀਓ, ਜਦੋਂ ਕਿ ਅਸੀਂ ਖੁਦਕੁਸ਼ੀ ਨੂੰ ਰੋਕਣ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨਾਂ ਵਜੋਂ ਸਿੱਖਿਆ ਅਤੇ ਸੰਚਾਰ ਦੀ ਜ਼ਰੂਰਤ ’ਤੇ ਜ਼ੋਰ ਦਿੰਦੇ ਹਾਂ, IASP ਅਤੇ ਡਬਲਯੂ ਐਚ ਓ ਦੋਵੇਂ ਇਸ ਗੱਲ ’ਤੇ ਸਹਿਮਤ ਹਨ ਕਿ ਜਨਤਕ ਜਾਗਰੂਕਤਾ ਖੁਦਕੁਸ਼ੀ ਦਰਾਂ ਨੂੰ ਕਾਫ਼ੀ ਘਟਾ ਸਕਦੀ ਹੈ। ਡਬਲਯੂ ਐਚ ਓ ਦੀ 2022 ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਾਨਸਿਕ ਸਿਹਤ ’ਤੇ ਸੰਚਾਰ ਵਧਾਉਣ ਨਾਲ ਖੁਦਕੁਸ਼ੀ ਦਰਾਂ ਨੂੰ 20% ਤੱਕ ਘਟਾਇਆ ਜਾ ਸਕਦਾ ਹੈ। ਜ਼ਿਆਦਾਤਰ ਸਮਾਜਾਂ ਵਿੱਚ ਮਾਨਸਿਕ ਸਿਹਤ ਅਤੇ ਖੁਦਕੁਸ਼ੀ ਦੇ ਆਲੇ ਦੁਆਲੇ ਸਮਾਜਿਕ ਕਲੰਕ ਅਜੇ ਵੀ ਮੌਜੂਦ ਹੈ। ਲੋਕ ਇਸ ਵਿਸ਼ੇ ’ਤੇ ਚਰਚਾ ਕਰਨ ਤੋਂ ਝਿਜਕਦੇ ਹਨ। ਇਸ ਦੇ ਨਤੀਜੇ ਵਜੋਂ ਪ੍ਰਭਾਵਿਤ ਲੋਕਾਂ ਲਈ ਇਕੱਲਤਾ ਅਤੇ ਸ਼ਰਮ ਆਉਂਦੀ ਹੈ। ਨੌਜਵਾਨਾਂ ਵਿੱਚ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਸਿਖਾਉਣਾ ਬਹੁਤ ਜ਼ਰੂਰੀ ਹੈ ਕਿ ਮਦਦ ਮੰਗਣਾ ਕਮਜ਼ੋਰੀ ਨਹੀਂ ਸਗੋਂ ਹਿੰਮਤ ਦੀ ਨਿਸ਼ਾਨੀ ਹੈ। ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਸਲਾਹ ਸੇਵਾਵਾਂ, ਹੈਲਪਲਾਈਨ ਨੰਬਰ ਅਤੇ ਮਾਨਸਿਕ ਸਿਹਤ ਵਰਕਸ਼ਾਪਾਂ ਸ਼ੁਰੂ ਕਰਨਾ ਲਾਭਦਾਇਕ ਸਾਬਤ ਹੋ ਸਕਦਾ ਹੈ। ਉਦਾਹਰਣ ਵਜੋਂ, ਦੱਖਣੀ ਕੋਰੀਆ ਅਤੇ ਜਾਪਾਨ ਨੇ ਸਕੂਲ ਪੱਧਰ ’ਤੇ ਮਾਨਸਿਕ ਸਿਹਤ ਸਿੱਖਿਆ ਲਾਗੂ ਕੀਤੀ ਹੈ, ਜਿਸ ਨੇ ਖੁਦਕੁਸ਼ੀ ਦਰਾਂ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ।

ਦੋਸਤੋ ਖੁਦਕੁਸ਼ੀ ਨੂੰ ਰੋਕਣ ਲਈ ਸਾਥੀ ਵਿਗਿਆਨੀਆਂ ਅਤੇ ਸਮਾਜਿਕ ਉਪਾਵਾਂ ਲਈ ਬਹੁਪੱਖੀ ਪਹੁੰਚਾਂ ਦੀ ਲੋੜ ਹੁੰਦੀ ਹੈ। WHO ਦੀ “ਲਾਈਵ ਲਾਈਫ” ਰਣਨੀਤੀ (2021) ਚਾਰ ਮੁੱਖ ਉਪਾਵਾਂ ਦੀ ਸਿਫ਼ਾਰਸ਼ ਕਰਦੀ ਹੈ: (1) ਨੁਕਸਾਨਦੇਹ ਸਾਧਨਾਂ (ਜਿਵੇਂ ਕਿ ਕੀਟਨਾਸ਼ਕ, ਹਥਿਆਰ, ਅਤੇ ਦਵਾਈਆਂ) ਦੀ ਉਪਲਬਧਤਾ ਨੂੰ ਘਟਾਉਣਾ, (2) ਜ਼ਿੰਮੇਵਾਰ ਮੀਡੀਆ ਰਿਪੋਰਟਿੰਗ ਦਿਸ਼ਾ-ਨਿਰਦੇਸ਼ ਸਥਾਪਤ ਕਰਨਾ, (3) ਕਿਸ਼ੋਰਾਂ ਅਤੇ ਨੌਜਵਾਨਾਂ ਵਿੱਚ ਸਮਾਜਿਕ ਅਤੇ ਭਾਵਨਾਤਮਕ ਹੁਨਰ ਵਿਕਸਤ ਕਰਨਾ, ਅਤੇ (4) ਜਲਦੀ ਪਛਾਣ ਅਤੇ ਸਹਾਇਤਾ ਪ੍ਰਦਾਨ ਕਰਨਾ। ਇਹ ਉਪਾਅ ਖੁਦਕੁਸ਼ੀ ਦਰਾਂ ਨੂੰ ਕਾਫ਼ੀ ਘਟਾ ਸਕਦੇ ਹਨ। ਉਦਾਹਰਣ ਵਜੋਂ, ਸ਼੍ਰੀਲੰਕਾ ਨੇ ਕੀਟਨਾਸ਼ਕਾਂ ’ਤੇ

ਪਾਬੰਦੀ ਲਗਾ ਕੇ ਖੁਦਕੁਸ਼ੀ ਦਰ ਨੂੰ 70% ਘਟਾ ਦਿੱਤਾ। ਇਸੇ ਤਰ੍ਹਾਂ, ਆਸਟਰੇਲੀਆ ਅਤੇ ਯੂਨਾਈਟਿਡ ਕਿੰਗਡਮ ਨੇ ਹੈਲਪਲਾਈਨ ਅਤੇ ਸਲਾਹ ਸੇਵਾਵਾਂ ਦਾ ਵਿਸਤਾਰ ਕਰਕੇ ਖੁਦਕੁਸ਼ੀ ਰੋਕਥਾਮ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।

ਦੋਸਤੋ, ਜੇਕਰ ਅਸੀਂ ਇਸਦੀ ਰੋਕਥਾਮ ਅਤੇ ਇਸਦੇ ਪ੍ਰਭਾਵਸ਼ਾਲੀ ਨਿਯੰਤਰਣ ਬਾਰੇ ਗੱਲ ਕਰੀਏ, ਤਾਂ ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ 10 ਸਤੰਬਰ ਨੂੰ ਮਨਾਇਆ ਜਾਂਦਾ ਹੈ। ਖੁਦਕੁਸ਼ੀ ਦੀ ਸਮੱਸਿਆ ਵਿਸ਼ਵਵਿਆਪੀ ਹੈ, ਅਤੇ ਇਸਦਾ ਹੱਲ ਵਿਸ਼ਵਵਿਆਪੀ ਸਹਿਯੋਗ ਦੁਆਰਾ ਹੀ ਸੰਭਵ ਹੈ। WHO, IASP, ਅਤੇ UN ਲਗਾਤਾਰ ਖੁਦਕੁਸ਼ੀ ਰੋਕਥਾਮ ’ਤੇ ਕੰਮ ਕਰ ਰਹੇ ਹਨ, ਜਿਸਦਾ ਉਦੇਸ਼ ਜਾਗਰੂਕਤਾ ਫੈਲਾਉਣਾ ਅਤੇ ਸਮੂਹਿਕ ਯਤਨਾਂ ਨੂੰ ਉਤਸ਼ਾਹਿਤ ਕਰਨਾ ਹੈ। ਭਵਿੱਖ ਦੀ ਦਿਸ਼ਾ ਸਾਰੇ ਦੇਸ਼ਾਂ ਲਈ ਆਪਣੀਆਂ ਰਾਸ਼ਟਰੀ ਸਿਹਤ ਨੀਤੀਆਂ ਵਿੱਚ ਖੁਦਕੁਸ਼ੀ ਰੋਕਥਾਮ ਨੂੰ ਸ਼ਾਮਲ ਕਰਨਾ ਹੋਣੀ ਚਾਹੀਦੀ ਹੈ। ਡਿਜੀਟਲ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ, ਏਆਈ-ਅਧਾਰਤ ਹੈਲਪਲਾਈਨਾਂ, 24×7 ਔਨਲਾਈਨ ਕਾਉਂਸਲਿੰਗ, ਅਤੇ ਮੋਬਾਈਲ ਐਪਸ ਵਿਕਸਤ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਸੰਕਟ ਦੇ ਸਮੇਂ ਤੁਰੰਤ ਮਦਦ ਮਿਲ ਸਕੇ। ਇਸ ਤੋਂ ਇਲਾਵਾ, ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਅਪਰਾਧੀਆਂ ਦੀ ਬਜਾਏ ਮਰੀਜ਼ਾਂ ਵਾਂਗ ਸਮਝਿਆ ਜਾਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਢੁਕਵਾਂ ਡਾਕਟਰੀ ਇਲਾਜ ਅਤੇ ਕਾਉਂਸਲਿੰਗ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

ਇਸ ਲਈ, ਜੇਕਰ ਅਸੀਂ ਆਪਣੀ ਪੂਰੀ ਰਿਪੋਰਟ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ, ਅੰਕੜਿਆਂ ਅਤੇ ਅੰਤਰਰਾਸ਼ਟਰੀ ਰਿਪੋਰਟਾਂ ਦੇ ਆਧਾਰ ’ਤੇ, ਇਹ ਸਪੱਸ਼ਟ ਹੈ ਕਿ ਖੁਦਕੁਸ਼ੀ ਸਿਰਫ਼ ਇੱਕ ਵਿਅਕਤੀਗਤ ਸਮੱਸਿਆ ਨਹੀਂ ਹੈ, ਸਗੋਂ ਇੱਕ ਗੁੰਝਲਦਾਰ ਸਮਾਜਿਕ ਅਤੇ ਵਿਸ਼ਵਵਿਆਪੀ ਚੁਣੌਤੀ ਹੈ। ਸਰਕਾਰਾਂ, ਅੰਤਰਰਾਸ਼ਟਰੀ ਸੰਗਠਨਾਂ, ਭਾਈਚਾਰਿਆਂ ਅਤੇ ਪਰਿਵਾਰਾਂ ਨੂੰ ਇਸ ਨੂੰ ਹੱਲ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

-ਕੰਪਾਈਲਰ, ਲੇਖਕ - ਟੈਕਸ ਮਾਹਰ, ਕਾਲਮਨਵੀਸ, ਸਾਹਿਤਕਾਰ, ਅੰਤਰਰਾਸ਼ਟਰੀ ਲੇਖਕ, ਚਿੰਤਕ, ਕਵੀ, ਸੰਗੀਤ ਮੀਡੀਆ, ਸੀਏ (ਏਟੀਸੀ), ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ 9226229318

## (ਵਿਅੰਗ) “ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਦੀ ਪਹਿਚਾਣ ਕਰਨ ਲਈ ਸੰਕੇਤਕ ਨੁਸਖ਼ਾ”

ਕਹਿੰਦੇ ਕਿ ਇੱਕ ਭਾਰਤੀ ਮਨੁੱਖ ਪਹਿਲੀ ਵਾਰ ਵਿਦੇਸ਼ ਯਾਤਰਾ ਤੇ ਜਾਣ ਤੋਂ ਪਹਿਲਾਂ ਕਾਫੀ ਪ੍ਰੇਸ਼ਾਨ ਸੀ। ਕਿਸੇ ਹੋਰ ਵੱਲੋਂ ਉਸਦੀ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਉਸ ਵਿਦੇਸ਼ ਜਾਣ ਵਾਲੇ ਨੇ ਦੱਸਿਆ ਕਿ ਮੈਂ ਲਗਭਗ ਅਨਪੜ੍ਹ ਹਾਂ, ਜਿਸ ਦੇਸ਼ ਵਿੱਚ ਮੈਂ ਜਾ ਰਿਹਾ ਹਾਂ, ਉਥੇ ਕਿਵੇਂ ਵਿਚਰਾਂਗਾ ? ਬੜਾ ਮੁਸ਼ਕਲ ਲੱਗ ਰਿਹਾ ਹੈ।

ਦੂਜੇ ਨੇ ਹੌਸਲਾ ਦਿੰਦੇ ਹੋਏ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ, ਉਸ ਦੇਸ਼ ਵਿੱਚ ਸਾਡੇ ਕਾਫੀ ਭਾਰਤੀ ਮਨੁੱਖ ਰਹਿੰਦੇ ਹਨ।

ਜਾਣ ਵਾਲੇ ਨੇ ਪੁੱਛਿਆ ਕਿ ਮੈਂ ਉਸ ਦੇਸ਼ ਵਿਚ ਰਹਿੰਦੇ ਹੋਏ ਭਾਰਤੀਆਂ ਦੀ ਪਹਿਚਾਣ ਕਿਵੇਂ ਕਰਾਂਗਾ ?

ਦੂਜੇ ਨੇ ਹੌਸਲਾ ਦਿੰਦੇ ਹੋਏ ਜਵਾਬ ਦਿੱਤਾ ਕਿ ਭਾਰਤੀਆਂ ਦੀ ਪਹਿਚਾਣ ਕਰਨੀ ਕੋਈ ਔਖਾ ਕਾਰਜ ਨਹੀਂ ਹੈ। ਤੂੰ ਲੋਕਾਂ ਵਿੱਚ ਆਪਣੇ ਕਿਸੇ ਰੋਗ/ਬੀਮਾਰੀ ਆਦਿ ਦੀ ਗੱਲ ਕਰੀਂ, ਸਾਡੇ ਸਾਰੇ ਭਾਰਤੀ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਡਾਕਟਰੀ ਵਿਖਾਉਣ ਲਈ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਹਨ , ਉਹ ਕੋਈ ਓਹੜ ਪੋਹੜ, ਦੇਸੀ ਨੁਸਖੇ, ਦਵਾਈਆਂ, ਕਿਸੇ ਬਾਬੇ ਕੋਲੋਂ ਹਥੌਲਾ ਆਦਿ ਕਰਵਾਉਣ ਲਈ ਸਲਾਹ ਜ਼ਰੂਰ ਦੇਣਗੇ। ਇਸ ਤਰ੍ਹਾਂ ਸਾਡੇ ਭਾਰਤੀਆਂ ਦੀ ਪਹਿਚਾਣ ਕਰਨ ਲਈ ਕੋਈ ਮੁਸ਼ਕਲ ਨਹੀਂ ਆਵੇਗੀ।

ਸਾਰਿਆਂ ਨੇ ਵਿਚਾਰ ਕੇ ਦੱਸਣ ਦੀ ਕਿਰਪਾਲਤਾ ਕਰਨੀ ਕਿ -

“ਕੀ ਮੈਂ ਕੋਈ ਝੂਠ ਬੋਲਿਆ ?”

ਸੁਖਜੀਤ ਸਿੰਘ ਕਪੂਰਥਲਾ
98720-76876

# ਰਿਸ਼ਤਿਆਂ ਦਾ ਬਜ਼ਾਰ



ਰਮਿੰਦਰ ਰੰਮੀ

ਪਤਾ ਨਹੀਂ ਕਿਉਂ ਇੱਕ ਦਿਨ
ਨਿਕਲ ਤੁਰੀ ਮੈਂ ਬਾਹਰ
ਤੇ ਜਾ ਪਹੁੰਚੀ
ਰਿਸ਼ਤਿਆਂ ਦੇ ਬਜ਼ਾਰ ਵਿਚ
ਸੋਚਿਆ ਪਤਾ ਕਰਾਂ ਕਿ
ਅੱਜ-ਕੱਲ ਕਿੱਥੋਂ ਮਿਲਦੀ ਹੈ
ਇਨਸਾਨੀਅਤ।

ਬਹੁਤ ਭਟਕੀ ਇਨਸਾਨੀਅਤ
ਨਾ ਮਿਲੀ ਕਿਤੋਂ
ਜਿਸਨੂੰ ਪੁੱਛਾਂ, ਇਹੀ ਜਵਾਬ ਮਿਲੇ
ਜਾ ਬੀਬੀ ਵਾਪਿਸ ਮੁੜ ਜਾ
ਅਜਕਲ ਲੋਕਾਂ ਦੀਆਂ
ਜ਼ਮੀਰਾਂ ਮਰ ਚੁੱਕੀਆਂ ਹਨ
ਤੇ ਇਨਸਾਨੀਅਤ ਕਿੱਥੇ ਰਹੀ।

ਨਹੀਂ ਮੰਨੀ ਮੈਂ ਤੇ ਤੁਰੀ ਗਈ
ਕੀ ਦੇਖਦੀ ਹਾਂ ਇਕ ਜਗਹ
ਬਹੁਤ ਭੀੜ ਸੀ
ਜ਼ਰਾ ਰੁੱਕ ਗਈ ਮੈਂ
ਦੇਖਿਆ ਮੰਡੀ ਲੱਗੀ ਹੋਈ ਸੀ
ਪੈਸਿਆਂ ਦੇ ਬਜ਼ਾਰ ਦੀ।

ਬੋਲੀ ਲੱਗੀ ਸੀ ਜਿੱਥੇ
ਪੈਸੇ ਦੇ ਕੇ ਕਿਤਾਬਾਂ ਲਿਖਣ,
ਖਰੀਦਣ ਤੇ ਵੇਚਣ ਵਾਲਿਆਂ ਦੀ।
ਦੰਗ ਰਹਿ ਗਈ ਮੈਂ ਉਹ
ਅਹਿਸਾਸ ਵੇਚ ਰਹੇ ਹਨ ਆਪਣੇ
ਅਹਿਸਾਸਾਂ ਦੀ ਵੀ ਕਦੀ
ਕੋਈ ਕੀਮਤ ਹੁੰਦੀ ਹੈ।

ਮਨ ਮਸੋਸ ਰਹਿ ਗਈ ਮੈਂ
ਅੱਗੇ ਤੁਰੀ ਕੀ ਦੇਖਦੀ ਹਾਂ ਮੈਂ ਫਿਰ
ਮਾਣ ਸਨਮਾਨ, ਔਹਦੇ ਵੀ
ਵੇਚੇ ਜਾ ਰਹੇ ਹਨ
ਪੈਸੇ ਦੇ ਕੇ, ਚਾਪਲੂਸੀ ਕਰਕੇ,
ਸਿਫ਼ਾਰਸ਼ ਕਰਕੇ
ਇਨਸਾਨ ਦੀ ਆਪਣੀ
ਕਾਬਲੀਅਤ ਦੀ ਕਦਰ ਹੀ ਨਹੀਂ ਕੋਈ।

ਉਹੋ ਦੁਖੀ ਹੋ ਅੱਗੇ ਵਧੀ ਫਿਰ
ਸ਼ਾਇਦ ਕਿਤੋਂ ਸੱਚਾ ਪਿਆਰ ਮਿਲ ਜਾਏ
ਉਹ ! ਭੁਲੇਖੇ ਵਿਚ ਸੀ ਮੈਂ ਤਾਂ
ਅਜਕਲ ਕਿਸੇ ਵੀ ਰਿਸ਼ਤੇ ਵਿਚ
ਸੱਚਾ ਪਿਆਰ ਰਿਹਾ ਹੀ ਨਹੀਂ
ਸੱਭ ਰਿਸ਼ਤੇ ਨਾਤੇ ਮਤਲਬੀ ਹੋ ਗਏ ਨੇ।

ਕਿੱਥੇ ਗੁਆਚ ਗਈ ਇਨਸਾਨੀਅਤ
ਕਿਤੇ ਤੇ ਹੋਏਗੀ
ਤੁਰਦੇ ਤੁਰਦੇ ਜਾ ਪਹੁੰਚੀ
ਬਸਤੀ ਇੱਕ ਵਿਚ
ਗਰੀਬ ਗੁਰਬੇ ਮਜ਼ਦੂਰ
ਰਹਿੰਦੇ ਸਨ ਜਿੱਥੇ ।
ਮੈਨੂੰ ਦੇਖ ਉਹਨਾਂ ਨੂੰ
ਜਿਵੇਂ ਚਾਅ ਹੀ ਚੜ੍ਹ
ਗਿਆ ਹੋਏ।

ਨਾ ਜਾਣ, ਨਾ ਪਹਿਚਾਣ
ਫਿਰ ਵੀ ਐਨਾ ਮੋਹ ਤੇ ਸਤਿਕਾਰ
ਵਿੱਛ ਵਿੱਛ ਜਾਵਣ ਉਹ
ਮੇਰੇ ਅੱਗੇ ਪਿੱਛੇ
ਮੰਜੇ ਤੇ ਬਿਠਾ ਸੁੱਖ ਸਾਂਦ ਪੁੱਛੀ
ਜੋ ਸਰਦਾ ਬਣਦਾ ਸੀ
ਖਾਣ ਪੀਣ ਨੂੰ ਦਿੱਤਾ
ਕਈ ਤਰਹ ਦੇ ਸਵਾਲ
ਮੈਨੂੰ ਉਹਨਾਂ ਕੀਤੇ
ਜਿਹਨਾਂ ਦੇ ਠੀਕ ਜਵਾਬ
ਨਾ ਦੇ ਸਕੀ ਮੈਂ
ਮੂੰਹ ਆਪਣਾ ਛੁਪਾਉਂਦੀ
ਫਿਰਾਂ ਮੈਂ ਉਹਨਾਂ ਤੋਂ
ਇੱਕ ਦੂਸਰੇ ਦੇ ਦੁੱਖ ਸੁਖ
ਵਿਚ ਸਾਥ ਦੇਣ ਵਾਲੇ
ਸਾਥ ਨਿਭਾਉਣ ਵਾਲੇ
ਕਿੰਨਾ ਮੋਹ ਪਿਆਰ ਸੀ
ਉਹਨਾਂ ਸੱਭਨਾ ਵਿਚ।

ਕਿਉਂਕਿ ਉਹਨਾਂ ਦੀਆਂ ਜ਼ਮੀਰਾਂ
ਮਰੀਆਂ ਹੋਈਆਂ ਨਹੀਂ ਸਨ
ਜੱਗਦੀਆਂ ਜ਼ਮੀਰਾਂ ਵਾਲੇ ਸਨ ਉਹ ਲੋਕ
ਜਿਸ ਇਨਸਾਨੀਅਤ ਨੂੰ ਮੈਂ ਜਗਹ ਜਗਹ
ਤਲਾਸ਼ ਕਰ ਰਹੀ ਸੀ
ਰਿਸ਼ਤਿਆਂ ਦੇ ਬਜ਼ਾਰ ਵਿਚ।
ਮਿਲ ਗਈ ਅੱਜ ਉਹ ਮੈਨੂੰ
ਗਰੀਬਾਂ ਦੀ ਬਸਤੀ ਵਿਚ ।
ਜਿੱਥੇ ਪਿਆਰ, ਸਤਿਕਾਰ
ਤੇ ਸਕੂਨ ਹੀ ਸਕੂਨ ਸੀ।

***

# ਸੁੱਖ, ਚੈਨ ਤੇ ਸਕੂਨ ਕਿੱਥੇ ਚਲਾ ਗਿਆ

**ਸੰਜੀਵ ਸਿੰਘ ਸੈਣੀ**
ਮੋਹਾਲੀ, ਮੋ. 7888966168



ਅੱਜ ਅਸੀਂ ਏਆਈ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਜਿੰਨੀ ਜ਼ਿਆਦਾ ਵਿਗਿਆਨ ਤਰੱਕੀ ਕਰ ਰਿਹਾ ਹੈ ਉਨਾਂ ਹੀ ਇਨਸਾਨ ਮਾਨਸਿਕ ਉਲਝਣਾਂ ਵਿੱਚ ਉਲਝ ਗਿਆ ਹੈ। ਸਹੂਲਤਾਂ ਵੱਧਣ ਨਾਲ ਇਨਸਾਨੀ ਜੀਵਨ ਵਿੱਚੋਂ ਸੁੱਖ, ਚੈਨ, ਸ਼ਾਂਤੀ, ਸਕੂਨ ਖ਼ਤਮ ਹੋ ਗਿਆ ਹੈ। ਇੰਟਰਨੈਟ ਦੀ ਦੁਨੀਆਂ ਕਾਰਨ ਮਨੁੱਖ ਦੇ ਵਿਹਾਰ ਵਿੱਚ ਬਹੁਤ ਜਿਆਦਾ ਬਦਲਾਵ ਆਇਆ ਹੈ। ਅੱਜ ਬਹੁਤੀ ਤਦਾਦ ਵਿੱਚ ਲੋਕ ਪਰੇਸ਼ਾਨ, ਉਦਾਸ, ਬੇਚੈਨੀ, ਚਿੜਚਿੜਾ ਗੁੱਸੇ, ਦਾ ਸ਼ਿਕਾਰ ਹੋ ਰਹੇ ਹਨ। ਆਧੁਨਿਕ ਜੀਵਨ ਸ਼ੈਲੀ ਪ੍ਰਭਾਵਿਤ ਹੋ ਰਹੀ ਹੈ। ਸਾਂਝੇ ਪਰਿਵਾਰ ਟੁੱਟ ਕੇ ਇਕਹਿਰੇ ਪਰਿਵਾਰ ਵੱਲ ਵੱਧ ਰਹੇ ਹਨ। ਮਹਿਲਾਂ ਵਰਗੇ ਘਰ ਹਨ, ਪਰ ਉਹਨਾਂ ਵਿੱਚ ਰਹਿਣ ਵਾਲੇ ਸਿਰਫ ਚਾਰ ਜੀਆਂ ਹਨ। ਨਿਮਰਤਾ, ਪ੍ਰੀਤ, ਪਿਆਰ, ਸਹਿਣਸ਼ੀਲਤਾ ਇਨਸਾਨ ਵਿੱਚ ਨਹੀਂ ਰਿਹਾ ਹੈ। ਟਿਕਾਓ ਖਤਮ ਹੋ ਚੁੱਕਿਆ ਹੈ। ਦੋੜ ਲੱਗੀ ਹੋਈ ਹੈ ਕਿਵੇਂ ਉਸ ਇਨਸਾਨ ਤੋਂ ਅੱਗੇ ਨਿਕਲ ਜਾਵਾਂ। ਚਾਹੇ ਗਲਤ ਰਸਤਾ ਕਿਉਂ ਨਾ ਚੁਣਾ। ਮੋਬਾਇਲ ਆਇਆ ,ਸਾਰਿਆਂ ਨੂੰ ਜਕੜ ਕੇ ਰੱਖ ਲਿਆ। ਰਿਸ਼ਤੇ ਖ਼ਤਮ ਕਰ ਦਿੱਤੇ। ਕਿਤਾਬਾਂ ਪੜ੍ਹਨ ਦਾ ਰੁਝਾਨ ਘੱਟ ਗਿਆ। ਕੋਈ ਜਾਣਕਾਰੀ ਲੈਣ ਲਈ ਇੰਟਰਨੈਟ ਤੇ ਜਾ ਕੇ ਸਰਚ ਕਰਨ ਲੱਗ ਗਿਆ, ਚਾਹੇ ਉਹ ਜਾਣਕਾਰੀ ਸਹੀ ਹੈ ਜਾਂ ਨਹੀਂ। ਫਾਇਦਾ ਘੱਟ ਤੇ ਨੁਕਸਾਨ ਜਿਆਦਾ ਹੋ ਰਿਹਾ ਹੈ। ਬੱਚਿਆਂ ਦੀ ਗੱਲ ਕਰੀਏ ਜੇ ਗਲਤ ਸਾਈਟ ਤੇ ਜਾ ਕੇ ਗਲਤ ਗੇਮਾਂ ਦੇ ਚੱਕਰ ਵਿੱਚ ਮਾਂ ਬਾਪ ਦੀ ਜਮਾ ਪੂੰਜੀ ਹੀ ਖਤਮ ਕਰ ਦਿੱਤੀ, ਗਲਤ ਗੇਮ ਖੇਡ ਕੇ ਆਪਣੀ ਜੀਵਨ ਲੀਲਾ ਖਤਮ ਕਰ ਦਿੱਤੀ। ਰੋਟੀ ਮਿਲੇ ਚਾਹੇ ਨਾ ਮਿਲੇ ਮੋਬਾਇਲ ਜਰੂਰ ਬੱਚਿਆਂ ਦੇ ਹੱਥ ਵਿੱਚ ਦੇਖਿਆ ਜਾਂਦਾ ਹੈ। ਨੌਜਵਾਨ ਪੀੜੀ ਕਿਤਾਬਾਂ ਤੋਂ ਕੰਨੀ ਕਤਰਾਉਣ ਲੱਗ ਪਈ ਹੈ। ਜ਼ਿਆਦਾ ਮੋਬਾਇਲ ਦੀ ਵਰਤੋਂ ਕਾਰਨ ਇਨਸਾਨੀ ਜੀਵਨ ਵਿੱਚ ਚਿੜਚਿੜਾਪਣ, ਡਿਪਰੈਸ਼ਨ ਵੱਧ ਗਿਆ ਹੈ। ਜੇ ਬੱਚਿਆਂ ਦੀ ਗੱਲ ਕਰੀਏ ਤਾਂ ਉਹਨਾਂ ਦੀ ਨਿਗ੍ਹਾ ਕਮਜ਼ੋਰ ਹੋ ਚੁੱਕੀ ਹੈ, ਚਸ਼ਮੇ ਲੱਗੇ ਹੋਏ ਹਨ। ਸਮੇਂ ਸਿਰ ਨੀਂਦ ਨਾ ਲੈਣ ਕਾਰਨ ਇਹ ਹਾਲ ਹੋ ਚੁੱਕਿਆ ਹੈ। ਦੋ ਕੁ ਮਹੀਨੇ ਪਹਿਲਾਂ ਮੈਨੂੰ ਸੈਮੀਨਾਰ ਕਰਨ ਲਈ ਕਿਸੇ ਸਕੂਲ ਵਿੱਚ ਜਾਣਾ ਪਿਆ। 75 ਬੱਚੇ ਕਲਾਸ ਰੂਮ ਵਿੱਚ ਬੈਠੇ ਸਨ। ਸਾਰੇ ਹੀ ਬੱਚਿਆਂ ਦੇ ਚਸ਼ਮੇ ਲੱਗੇ ਹੋਏ ਸਨ। ਕਈ ਅਜਿਹੇ ਇਨਸਾਨ ਵੀ ਹਨ ਜਿਨਾਂ ਦੀ ਜੇਬ ਵਿੱਚ ਪੈਸਾ ਨਹੀਂ ਹੈ, ਮੋਬਾਇਲ ਲੈ ਕੇ ਖਰੀਦਦਾਰੀ ਕਰਨ ਚਲੇ ਜਾਂਦੇ ਹਨ। ਤਕਰੀਬਨ ਬਹੁਤ ਇਨਸਾਨ ਜਿਹੜੇ ਨਗਦ ਦੇ ਕੇ ਸਮਾਨ ਖਰੀਦਦੇ ਹਨ, ਘੱਟ ਦੇਖੇ ਜਾਂਦੇ ਹਨ। ਹੋਰ ਤਾਂ ਹੋਰ ਹੁਣ ਵਿਚਾਰ ਕਰਨ ਵਾਲੀ ਗੱਲ ਹੈ ਜੋ ਪੈਂਚਰ ਲਗਾਉਣ ਵਾਲਾ ਹੈ ਉਹ ਪੈਂਚਰ ਲਗਾਉਣ ਦੇ 60 ਤੋਂ 80 ਰੁਪਏ ਤੱਕ ਲੈਂਦਾ ਹੈ। ਹੁਣ ਉਸ ਕੋਲ ਨਾ ਐਂਡਰਾਇਡ ਫ਼ੋਨ ਹੈ, ਫਿਰ ਉਹ ਕਿੱਥੋਂ ਆਨਲਾਈਨ ਪੇਮੈਂਟ ਲੈ ਲਵੇਗਾ। ਲੋਕ ਉਥੇ ਵੀ ਮੋਬਾਇਲ ਤੋਂ ਪੇਮੈਂਟ ਟਰਾਂਸਫਰ ਕਰਨਾ ਸੋਚਦੇ ਹਨ। ਫਿਰ ਜੇਬ ਵਿੱਚ ਪੈਸੇ ਨਹੀਂ ਹੁੰਦੇ, ਇਧਰ ਉੱਧਰ ਦੁਕਾਨਾਂ ਤੇ ਘੁੰਮਦੇ ਫਿਰਦੇ ਹਨ ਕਿ ਆਨਲਾਈਨ ਕਰ ਦਿੰਦੇ ਹਨ ਤੁਸੀਂ ਸਾਨੂੰ ਕੈਸ਼ ਦੇ ਦਵੋ। ਇਹ ਕਿਹੋ ਜਿਹੀ ਤਬਦੀਲੀ ਆਈ ਹੈ। ਜਿੰਨੀ ਜ਼ਿਆਦਾ ਸੂਚਨਾ ਤੇ ਟੈਕਨੋਲਜੀ ਵੱਧ ਗਈ ਹੈ, ਅੱਜ ਅਸੀਂ ਆਪਣੇ ਪਰਿਵਾਰਾਂ, ਸੱਭਿਆਚਾਰ ਤੋਂ ਅਲੱਗ ਹੋ ਚੁੱਕੇ ਹਾਂ।ਅੱਜ ਇਨਸਾਨ ਜਿਉਣਾ ਭੁੱਲ ਚੁੱਕਿਆ ਹੈ। ਪੈਸੇ ਦੀ ਹੋੜ ਜਿਆਦਾ ਲੱਗੀ ਹੋਈ ਹੈ। ਰਿਸ਼ਤਿਆਂ ਦਾ ਘਾਣ ਹੋਇਆ ਹੈ। ਖ਼ੂਨ ਦੇ ਰਿਸ਼ਤੇ ਖ਼ਤਮ ਹੋ ਚੁੱਕੇ ਹਨ। ਪੈਸੇ ਪਿੱਛੇ ਇਨਸਾਨ ਕੁੱਝ ਵੀ ਕਰਨ ਨੂੰ ਤਿਆਰ ਚਾਹੇ ਉਸਨੂੰ ਆਪਣਾ ਪਿਓ ਜਾਂ ਭਤੀਜਾ ਕਿਉਂ ਨਾ ਮਾਰਨਾ ਪੈ ਜਾਵੇ। ਬਜ਼ੁਰਗਾਂ ਦਾ ਨਿਰਾਦਰ ਹੋ ਰਿਹਾ ਹੈ। ਅਜਿਹੀਆਂ ਘਟਨਾਵਾਂ

ਵਾਪਰ ਰਹੀਆਂ ਹਨ। ਨੌਜਵਾਨ ਪੀੜੀ ਨਸ਼ਿਆਂ ਵਾਲ ਵੱਧ ਰਹੀ ਹੈ ਮਾਨਸਿਕ ਵਿਕਾਰ ਵੱਧ ਰਹੇ ਹਨ। ਮਾਹਿਰਾਂ ਕੋਲ ਲੰਮੀਆਂ ਲੰਮੀਆਂ ਕਤਾਰਾਂ ਲੱਗ ਚੁੱਕੀਆਂ ਹਨ ਡਿਪਰੈਸ਼ਨ ਪੀੜੀਤ ਵੱਧ ਰਹੇ ਹਨ। ਜਿਸ ਨੂੰ ਵੀ ਪੁੱਛ ਲਓ, ਕਹਿੰਦਾ ਕਿ ਮੈਨੂੰ ਟੈਂਸ਼ਨ ਹੋ ਗਈ ਹੈ ਪਤਾ ਨਹੀਂ ਕਿੰਨੀ ਕਿੰਨੀ ਤਰ੍ਹਾਂ ਦੀ ਦਵਾਈਆਂ ਖਾ ਰਹੇ ਹਨ। ਕੌਂਸਲਿੰਗ ਕਰਵਾਉਣ ਜਾ ਰਹੇ ਹਨ। ਨਾਮੁਰਾਦ ਬਿਮਾਰੀਆਂ ਨੇ ਇਨਸਾਨ ਨੂੰ ਘੇਰ ਲਿਆ ਹੈ। ਜੰਕ ਫੂਡ ਇੰਨਾ ਖਾ ਰਹੇ ਹਨ ਛੋਟੀ ਛੋਟੀ ਉਮਰ ਦੇ ਬੱਚੇ ਘਾਤਕ ਬਿਮਾਰੀਆਂ ਦਾ ਸ਼ਿਕਾਰ ਹਨ। ਮਿਲਾਵਟ ਦਾ ਬੋਲਬਾਲਾ ਹੈ। ਤੰਦਰੁਸਤ ਕਿਵੇਂ ਰਹਿਣਾ ਹੈ ਇਸ ਬਾਰੇ ਬਿਲਕੁਲ ਵੀ ਨਹੀਂ ਦੱਸਿਆ ਜਾ ਰਿਹਾ। ਪੈਸਾ ਤਾਂ ਦੁਨੀਆਂ ਕੋਲ ਬਹੁਤ ਹੈ, ਪਰ ਸਕੂਨ ਨਹੀਂ ਰਿਹਾ ਹੈ। ਆਪਣੇ ਪਰਿਵਾਰ ਨੂੰ ਸਮਾਂ ਨਹੀਂ ਦਿੱਤਾ ਜਾ ਰਿਹਾ ਹੈ। ਬਨਾਵਟੀ ਖੁਸ਼ੀ ਚਿਹਰੇ ਤੇ ਦੇਖੀ ਜਾ ਸਕਦੀ ਹੈ, ਅੰਦਰੋਂ ਖੁਸ਼ੀ ਨਹੀਂ ਹੈ। ਕੁਦਰਤ ਨਾਲ ਖਿਲਵਾੜ ਹੋ ਰਿਹਾ ਹੈ। ਕੁਦਰਤ ਨੂੰ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਆਸਮਾਨ ਛੂਹ ਰਹੀਆਂ ਇਮਾਰਤਾਂ ਉਸਾਰ ਦਿੱਤੀ ਗਈਆਂ। ਮਤਲਬੀ ਦੁਨੀਆ ਬਹੁਤ ਹੈ। ਜ਼ਿੰਦਗੀ ਵਿੱਚ ਕਿਸ ਤਰ੍ਹਾਂ ਜਿਉਣਾ ਹੈ, ਸਾਡਾ ਦੁਨੀਆਂ ਵਿੱਚ ਆਉਣ ਦਾ ਕੀ ਮਕਸਦ ਹੈ ਇਹ ਸਾਨੂੰ ਪਤਾ ਨਹੀਂ ਹੈ। ਅੱਜ ਮੈਡੀਟੇਸ਼ਨ ਸੈਂਟਰ ਖੁੱਲ ਚੁੱਕੇ ਹਨ, ਭੀੜ ਦੇਖੀ ਜਾ ਸਕਦੀ ਹੈ। ਦੇਖੋ ਸਮਾਜ ਵਿੱਚ ਰਹਿੰਦੇ ਹੋਏ ਸਾਨੂੰ ਜਿੰਮੇਵਾਰੀ ਵੀ ਨਿਭਾਉਣੀਆਂ ਹਨ। ਪਰ ਇੰਨਾ ਵੀ ਅਸੀਂ ਪੈਸੇ ਦੇ ਪਿੱਛੇ ਨਾ ਲੱਗਿਐ ਕਿ ਅਸੀਂ ਆਪਣਾ ਚੈਨ, ਸਕੂਨ, ਮਾਨਸਿਕਤਾ ਨੂੰ ਖਤਮ ਕਰ ਦਵੋ। ਖੁਸ਼ੀ ਸਾਨੂੰ ਇਹ ਨਹੀਂ ਕਿ ਵੱਡੀ ਚੀਜ਼ ਵਿੱਚੋਂ ਮਿਲੇਗੀ। ਕਈ ਵਾਰ ਛੋਟੀ ਛੋਟੀ ਚੀਜ਼ਾਂ ਸਾਨੂੰ ਸਕੂਨ ਦਿੰਦੀਆਂ ਹਨ। ਛੋਟਾ ਤਬਕਾ ਜਿਵੇਂ ਝੁੰਗੀ ਵਾਲੇ ਹਮੇਸ਼ਾ ਖੁਸ਼ ਲਿਖਦੇ ਹਨ, ਕਿਉਂਕਿ ਉਹਨਾਂ ਨੂੰ ਭਵਿੱਖ ਦੀ ਚਿੰਤਾ ਨਹੀਂ ਹੁੰਦੀ। ਅੱਜ ਪਰੇਸ਼ਾਨੀ ਹਰ ਇੱਕ ਦੇ ਜੀਵਨ ਵਿੱਚ ਹੈ। ਪਰੇਸ਼ਾਨੀ ਵਿੱਚੋਂ ਕਿਸ ਤਰ੍ਹਾਂ ਨਿਕਲਣਾ ਹੈ ਇਹ ਤੁਹਾਡੇ ਉੱਤੇ ਨਿਰਭਰ ਕਰਦਾ ਹੈ। ਰੋਊ ਰੋਊ ਕਰਦੇ ਰਹਿਣ ਨਾਲ ਕੋਈ ਨੇੜੇ ਵੀ ਨਹੀਂ ਖੜਦਾ ਹੈ। ਉਸ ਥਾਂ ਤੇ ਜਾਓ ਜਿੱਥੇ ਤੁਹਾਨੂੰ ਸਕੂਨ ਮਿਲਦਾ ਹੋਵੇ, ਧਾਰਮਿਕ ਥਾਂ ਜਾਂ ਪਾਰਕ। ਕੋਈ ਵਧੀਆ ਕਿਤਾਬ ਪੜੋ ਜੋ ਤੁਹਾਨੂੰ ਖੁਸ਼ੀ ਦਵੇ। ਆਪਣੇ ਆਪ ਨਾਲ ਪਿਆਰ ਕਰੋ ,ਆਪਣੇ ਆਪ ਨਾਲ ਗੱਲਾਂ ਕਰੋ, ਆਪਣੇ ਆਪ ਨੂੰ ਸਮਾਂ ਦਿਓ। ਇਹਨਾਂ ਗੱਲਾਂ ਵੱਲ ਧਿਆਨ ਦੇ ਕੇ ਸਾਡਾ ਜੀਵਨ ਬਹੁਤ ਵਧੀਆ ਹੋ ਜਾਵੇਗਾ। ਜੇ ਸਾਡਾ ਮਨ ਸਹੀ ਹੈ ਤਾਂ ਸਾਨੂੰ ਸਾਰਾ ਕੁੱਝ ਹੀ ਸਹੀ ਲੱਗੇਗਾ।

### ਗੀਤ
## ਸ਼ੋਰ ਪ੍ਰਦੂਸ਼ਣ




**ਗੁਰਪ੍ਰੀਤ ਸਿੰਘ ਬੀੜ ਕਿਸ਼ਨ**
ਮੋਬ. ਨੰ. 99884-66885
ਪਿੰਡ ਬੀਜ, ਤਹਿ. ਖੰਨਾ,
ਜ਼ਿਲ੍ਹਾ ਲੁਧਿਆਣਾ।
ਪਿੰਨ ਕੋਡ-141412


ਬੇਨਤੀ ਹੈ ਕਿ ਇਕ ਸਭ ਨੂੰ ਕਰਨਾ ਮਨਜ਼ੂਰ ਜੀ,
ਪੇਪਰਾਂ ਦੇ ਦਿਨੀਂ 'ਵਾਜ ਘੱਟ ਰਖਣਾ ਜ਼ਰੂਰ ਜੀ,

ਵਿਆਹ-ਸ਼ਾਦੀਆਂ ਤੇ ਡੀਜੇ ਉੱਚੀ ਲਾਇਓ ਨਾ,
ਸ਼ੋਰ ਪ੍ਰਦੂਸ਼ਣ ਕੰਨਾਂ ਤੱਕ ਪਹੁੰਚਾਇਓ ਨਾ,
ਮਾੜੀਆਂ ਆਦਤਾਂ ਨੂੰ ਰਲ ਕਰਨਾ ਦੂਰ ਜੀ.....

ਸਭ ਧਰਮਾਂ ਵਾਲਿਓ ਹੱਥ ਜੋੜ ਕੇ ਅਪੀਲ ਏ,
ਤਰਕ ਦਾ ਸੂਰਜ ਚੜ੍ਹੇ ਚਾਨਣ ਕੋਹਾਂ ਮੀਲ ਏ,
ਉੱਚੀ ਸੁੱਚੀ ਸੋਚ ਹੋਵੇ ਜੱਗ ਭਰਪੂਰ ਜੀ.....

ਸੜਕਾਂ 'ਤੇ ਬਿਨ੍ਹਾਂ ਵਜ੍ਹਾ ਪੌਂ-ਪੌਂ ਵਜਾਇਆ ਨਾ,
ਦਿਲ ਦੇ ਮਰੀਜ਼ਾਂ ਨੂੰ ਐਵੇਂ ਧਮਕਾਇਓ ਨਾ,
ਮੰਨਣਾ ਕਨੂੰਨ ਛੱਡ, ਝੂਠੇ ਏ ਗਰੂਰ ਜੀ.....

ਆਓ ਰਲਕੇ ਸਾਰੇ ਵਾਅਦਾ ਇੱਕ ਕਰੀਏ,
ਦੇਸ਼ ਦੇ ਭਵਿੱਖ ਅੱਗੇ ਨਾ ਕੰਡੇ ਆਪਾਂ ਧਰੀਏ,
'ਪ੍ਰੀਤ ਬੀੜ ਕਿਸ਼ਨ', ਗੱਲ ਕਰੋ ਮਨਜ਼ੂਰ ਜੀ....

# ਬੱਚਿਆਂ ਦੀ ਸਿਖਲਾਈ ਅਤੇ ਸਿੱਖਿਆ ਪ੍ਰਣਾਲੀ ਦੀ ਭੂਮਿਕਾ !



**ਲਿਖਤ : ਜ਼.ਫਰ ਇਕਬਾਲ ਜ਼.ਫਰ**

ਹਰੇਕ ਵਿਕਸਤ ਦੇਸ਼ ਦੇ ਪਿੱਛੇ ਇੱਕ ਸ਼ਾਨਦਾਰ ਸਿੱਖਿਆ ਪ੍ਰਣਾਲੀ ਹੁੰਦੀ ਹੈ, ਜੋ ਸਿਖਲਾਈ ਰਾਹੀਂ ਆਪਣੀ ਰਾਸ਼ਟਰੀ ਭਾਸ਼ਾ ਦੇ ਵਿਕਾਸ ਵਿੱਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰਦੀ ਹੈ। ਜੇ ਅਸੀਂ ਜਾਪਾਨ ਦੀ ਸਿੱਖਿਆ ਪ੍ਰਣਾਲੀ ’ਤੇ ਵਿਚਾਰ ਕਰੀਏ, ਜੋ ਕਿ ਸੱਚਾਈ ਅਤੇ ਇਮਾਨਦਾਰੀ ਵਿੱਚ ਦੁਨੀਆ ਵਿੱਚ ਪਹਿਲੇ ਸਥਾਨ ’ਤੇ ਹੈ, ਤਾਂ ਸਾਨੂੰ ਪਤਾ ਲੱਗੇਗਾ ਕਿ ਜਾਪਾਨੀ ਵਿਦਿਅਕ ਸਮਾਂ-ਸਾਰਣੀ ਪੰਜ ਤੋਂ ਛੇ ਘੰਟੇ ਕੰਮ ਤੱਕ ਸੀਮਤ ਹੈ। ਵਿਦਿਆਰਥੀਆਂ ਨੂੰ ਘਰ ਦਾ ਕੰਮ ਘਰ ਲਿਜਾਣ ਦੀ ਮਨਾਹੀ ਹੈ, ਭਾਵ ਸਕੂਲ ਦਾ ਕੰਮ ਸਕੂਲ ਵਿੱਚ ਪੂਰਾ ਕੀਤਾ ਜਾਂਦਾ ਹੈ। ਯਾਨੀ, ਉਹ ਵਿਦਿਅਕ ਚੋਰ ਜੋ ਘਰ ਦਾ ਕੰਮ ਦੇ ਕੇ ਆਪਣੀਆਂ ਅਯੋਗ ਕਮਜ਼ੋਰੀਆਂ ਦਾ ਦੋਸ਼ ਆਪਣੇ ਮਾਪਿਆਂ ’ਤੇ ਲਗਾਉਂਦੇ ਹਨ, ਉਨ੍ਹਾਂ ਦਾ ਰਸਤਾ ਬੰਦ ਹੋ ਜਾਂਦਾ ਹੈ। ਇੱਕ ਅਧਿਆਪਕ ਦੀ ਯੋਗਤਾ ਦੀ ਪਹਿਲੀ ਪਰੀਖਿਆ ਇਹ ਹੈ ਕਿ ਪੜ੍ਹਾਉਣ ਤੋਂ ਪਹਿਲਾਂ, ਉਹ ਵਿਦਿਆਰਥੀਆਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਸਿੱਖਿਆ ਪ੍ਰਤੀ ਪਿਆਰ ਅਤੇ ਦਿਲਚਸਪੀ ਪੈਦਾ ਕਰਦਾ ਹੈ। ਜੇਕਰ ਕੋਈ ਵਿਦਿਆਰਥੀ ਸਿੱਖਿਆ ਤੋਂ ਭੱਜ ਰਿਹਾ ਹੈ, ਤਾਂ ਉਸਨੂੰ ਇੱਕ ਅਸਲੀ ਅਧਿਆਪਕ ਨਹੀਂ ਮਿਲਿਆ। ਜਾਪਾਨੀ ਸਿੱਖਿਆ ਪ੍ਰਣਾਲੀ ਵਿੱਚ, ਸਾਲ ਦੇ ਜ਼ਿਆਦਾਤਰ ਸਮੇਂ ਲਈ ਕੋਈ ਪਾਠਕ੍ਰਮ ਨਹੀਂ ਹੁੰਦਾ। ਸਵਾਲਾਂ ਅਤੇ ਜਵਾਬਾਂ ਰਾਹੀਂ ਬੱਚਿਆਂ ਵਿੱਚ ਰਚਨਾਤਮਕ ਸਿਧਾਂਤ ਵਿਕਸਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ, ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਜਨਤਕ ਆਵਾਜਾਈ ਦੁਆਰਾ ਸਕੂਲ ਲਿਆਉਣ ਦੀ ਲੋੜ ਹੁੰਦੀ ਹੈ। ਇਸ ਸਿਧਾਂਤ ਦੇ ਕਾਰਨ, ਸਾਰੇ ਵਿਦਿਆਰਥੀ ਆਪਣੇ ਆਪ ਨੂੰ ਬਰਾਬਰ ਸਮਝਦੇ ਹਨ ਤਾਂ ਜੋ ਕੋਈ ਅਮੀਰ ਵਿਅਕਤੀ ਹੰਕਾਰੀ ਨਾ ਬਣੇ ਅਤੇ ਕੋਈ ਗਰੀਬ ਵਿਅਕਤੀ ਘਟੀਆ ਮਹਿਸੂਸ ਨਾ ਕਰੇ। ਹਰ ਕਿਸੇ ਨੂੰ ਇੱਕ ਚੰਗਾ ਵਿਅਕਤੀ ਹੋਣ ਨੂੰ ਮਾਣ ਵਾਲੀ ਗੱਲ ਸਮਝਣਾ ਚਾਹੀਦਾ ਹੈ। ਜੇਕਰ ਕੋਈ ਬੱਚਾ ਨਿੱਜੀ ਕਾਰ ਵਿੱਚ ਸਕੂਲ ਆਉਂਦਾ ਹੈ, ਤਾਂ ਪ੍ਰਿੰਸੀਪਲ ਉਸਨੂੰ ਗੇਟ ਤੋਂ ਵਾਪਸ ਭੇਜ ਦਿੰਦੇ ਹਨ। ਦੇਸ਼ ਅਤੇ ਰਾਸ਼ਟਰੀ ਅਨੁਸ਼ਾਸਨ ਨੂੰ ਕਾਇਮ ਰੱਖਣਾ ਹਰ ਕਿਸੇ ਦਾ ਫਰਜ਼ ਹੈ। ਇਹ ਨਿਯਮ ਅਤੇ ਨਿਯਮ ਛੋਟੀ ਉਮਰ ਵਿੱਚ ਹੀ ਵਿਦਿਅਕ ਪ੍ਰਣਾਲੀ ਰਾਹੀਂ ਬੱਚੇ ਦੀ ਸ਼ਖਸੀਅਤ ਨੂੰ ਢਾਲਣ ਵਿੱਚ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਇਲਾਵਾ, ਬੱਚੇ ਲਈ ਸਾਹਿਤ, ਪੇਂਟਿੰਗ, ਕਲਾ, ਦ੍ਰਿਸ਼ਟਾਂਤ, ਸੰਗੀਤ ਅਤੇ ਹੋਰ ਸ਼ੌਕਾਂ ਦੀ ਆਪਣੀ ਪਸੰਦ ਨੂੰ ਪੂਰਾ ਕਰਕੇ ਜ਼ਰੂਰੀ ਹੁਨਰ ਪ੍ਰਾਪਤ ਕਰਨਾ ਜ਼ਰੂਰੀ ਹੈ, ਜੋ ਕਿ ਸ਼ਖਸੀਅਤ ਨਿਰਮਾਣ ਦਾ ਕਾਰਨ ਹਨ। ਜਾਪਾਨੀ ਵਿਦਿਅਕ ਸੰਸਥਾਵਾਂ ਵਿੱਚ, ਹਰ ਚਾਲੀ ਮਿੰਟਾਂ ਬਾਅਦ ਬ੍ਰੇਕ ਲਿਆ ਜਾਂਦਾ ਹੈ, ਜਿਵੇਂ ਕਿ ਖੋਜ ਨਾਲ ਜੁੜਿਆ ਹੋਇਆ ਹੈ। ਤਾਂ ਜੋ ਵਿਦਿਆਰਥੀ ਕਾਢਾਂ ਨੂੰ ਦੇਖ ਸਕਣ ਅਤੇ ਆਪਣੀਆਂ ਯੋਗਤਾਵਾਂ ਨਾਲ ਨਵੀਆਂ ਕਾਢਾਂ ’ਤੇ ਕੰਮ ਕਰ ਸਕਣ, ਜੋ ਨਵੀਨਤਾ ਦੀ ਪ੍ਰਕਿਰਿਆ ਨੂੰ ਜਾਰੀ ਰੱਖਦਾ ਹੈ। ਗਿਆਨ ਸਿਰਫ਼ ਜਾਣਨ ਤੱਕ ਸੀਮਿਤ ਨਹੀਂ ਹੈ, ਇਹ ਵਿਹਾਰਕ ਰੂਪ ਵਿੱਚ ਕਰਨ ਦੇ ਉਦੇਸ਼ ਨੂੰ ਪੇਸ਼ ਕਰਨ ਬਾਰੇ ਹੈ। ਵਿਕਸਤ ਦੇਸ਼ਾਂ ਦੇ ਪਿੱਛੇ ਸਿੱਖਿਆ ਹੀ ਇੱਕੋ ਇੱਕ ਹੱਥ ਹੈ, ਅਤੇ ਸਿੱਖਿਆ ਖੁਦ ਵਿਕਾਸ ਦੀਆਂ ਜ਼ਰੂਰਤਾਂ ਨਾਲ ਜੁੜੀ ਹੋਈ ਹੈ, ਤਾਂ ਹੀ ਦੂਜੇ ਖੇਤਰਾਂ ਵਿੱਚ ਇਨਕਲਾਬੀ ਤਬਦੀਲੀਆਂ ਆਉਂਦੀਆਂ ਹਨ। ਇਹ ਲੋਕ ਦੁਨੀਆ ਨੂੰ ਵਿਲੱਖਣ ਗੁਣਵੱਤਾ ਵਾਲੀਆਂ ਸਹੂਲਤਾਂ ਪ੍ਰਦਾਨ ਕਰਦੇ ਹੋਏ ਆਰਥਿਕ ਤਾਕਤ ਵਿੱਚ ਰਹਿਣ ਦਾ ਆਨੰਦ ਮਾਣਦੇ ਹਨ। ਵਿਕਸਤ ਦੇਸ਼ਾਂ ਵਿੱਚ, ਸਿੱਖਿਆ ਮੁਫ਼ਤ ਜਾਂ ਬਹੁਤ ਸਸਤੀ ਅਤੇ ਆਸਾਨ ਰੱਖੀ ਜਾਂਦੀ ਹੈ। ਅਧਿਆਪਕਾਂ ਅਤੇ ਵਿਦਿਅਕ ਸੰਸਥਾਵਾਂ ਦੇ ਖਰਚੇ ਸਰਕਾਰਾਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ, ਫਿਰ ਇੱਥੋਂ ਸਫਲ ਹੋਣ ਵਾਲੇ ਬੱਚੇ ਆਪਣੇ ਦੇਸ਼ ਨੂੰ ਵਿਕਾਸ ਦਾ ਨਤੀਜਾ ਦਿੰਦੇ ਹਨ। ਬਦਕਿਸਮਤੀ ਨਾਲ, ਸਾਡੇ ਦੇਸ਼ ਵਿੱਚ, ਪ੍ਰਸ਼ਾਸਕੀ ਮਾਮਲਿਆਂ ਵਿੱਚ ਲੋਕਾਂ ਨੂੰ ਉਨ੍ਹਾਂ ਦੀ ਯੋਗਤਾ ਦੀ ਬਜਾਏ ਉਨ੍ਹਾਂ ਦੀਆਂ ਰਾਜਨੀਤਿਕ ਸੇਵਾਵਾਂ ਦੇ ਅਧਾਰ ਤੇ ਅਹੁਦਿਆਂ ’ਤੇ ਨਿਯੁਕਤ ਕੀਤਾ ਜਾਂਦਾ ਹੈ। ਜਦੋਂ ਕਿ ਸਿੱਖਿਆ ਖੇਤਰ ਵਿੱਚ, ਸਿੱਖਿਆ ਮਾਹਿਰਾਂ ਨੂੰ ਮੰਤਰਾਲੇ ਤੋਂ ਹੀ ਸਾਰੀਆਂ ਸੁਧਾਰ ਜ਼ਿੰਮੇਵਾਰੀਆਂ ’ਤੇ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਕਾਰਨ, ਦੇਸ਼ ਭਰ ਵਿੱਚ ਨਿੱਜੀ ਵਿਦਿਅਕ ਸੰਸਥਾਵਾਂ ਨੇ ਕਾਰੋਬਾਰ ਦਾ ਰੂਪ ਧਾਰਨ ਕਰ ਲਿਆ ਹੈ। ਚੰਗੀ ਸਿੱਖਿਆ ਮਹਿੰਗੀ ਸਿੱਖਿਆ ਬਣ ਗਈ ਹੈ, ਜਿਸਦੀ ਮੰਜ਼ਿਲ ਇੱਕ ਨੌਕਰੀ ਨਾਲ ਜੁੜੀ ਹੋਈ ਹੈ ਜੋ ਇੱਕ ਨੌਕਰ ਬਣ ਜਾਂਦੀ ਹੈ। ਸਿੱਖਿਆ ਪ੍ਰਾਪਤ ਕਰਨ ਲਈ ਹਰ ਮਾਪੇ ਨੂੰ ਸਭ ਤੋਂ ਮੁਸ਼ਕਲ ਸਮੱਸਿਆਵਾਂ

ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੱਚਿਆਂ ਦੀ ਦਾਖਲਾ ਫੀਸ, ਮਹੀਨਾਵਾਰ ਫੀਸ, ਕਾਗਜ਼ ਦੇ ਪੈਸੇ, ਕਿਤਾਬਾਂ, ਕਾਪੀਆਂ, ਪੈਨਸਿਲਾਂ, ਵਰਦੀਆਂ, ਆਵਾਜਾਈ, ਜੇਬ ਖਰਚ, ਦੁਪਹਿਰ ਦਾ ਖਾਣਾ, ਘਰ ਦਾ ਕੰਮ, ਟਿਊਸ਼ਨ ਫੀਸ, ਸਕੂਲ ਟੂਰ ਗਤੀਵਿਧੀਆਂ, ਮਾਪਿਆਂ ਦੁਆਰਾ ਰੋਜ਼ਾਨਾ ਸਕੂਲ ਛੱਡਣ ਅਤੇ ਚੁੱਕਣ ਵਰਗੇ ਖਰਚਿਆਂ ਦੇ ਭਾਰੀ ਬੋਝ ਦੇ ਨਾਲ। ਜੇਕਰ ਸਾਰੇ ਖਰਚੇ ਇਕੱਠੇ ਕੀਤੇ ਜਾਣ ਤਾਂ ਮਾਪਿਆਂ ਦੀ ਜ਼ਿੰਦਗੀ ਅਤੇ ਜੀਵਨ ਪੂੰਜੀ ਦਾਅ 'ਤੇ ਲੱਗ ਜਾਂਦੀ ਹੈ। ਇਸ ਦੇ ਬਾਵਜੂਦ, ਜਦੋਂ ਕੋਈ ਬੱਚਾ ਡਿਗਰੀ ਪ੍ਰਾਪਤ ਕਰਦਾ ਹੈ, ਤਾਂ ਉਸਦੀ ਨੌਕਰੀ ਲਈ ਭਾਰੀ ਰਿਸ਼ਵਤ ਅਤੇ ਸਿਫਾਰਸ਼ ਦੀ ਲੋੜ ਪੈਂਦੀ ਹੈ।

ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵਿੱਚ ਇੰਨੀਆਂ ਵੱਡੀਆਂ ਕੁਰਬਾਨੀਆਂ ਕਰਨ ਦੇ ਬਾਵਜੂਦ, ਜਦੋਂ ਕੋਈ ਬੱਚਾ ਪੂਰੇ ਸੂਬੇ ਵਿੱਚ ਪਹਿਲੇ ਸਥਾਨ 'ਤੇ ਆਉਂਦਾ ਹੈ, ਤਾਂ ਉਹ ਸਰਕਾਰੀ ਸਕੂਲ ਵਿੱਚ ਪੜ੍ਹਦੇ ਇੱਕ ਗਰੀਬ ਮਜ਼ਦੂਰ ਦਾ ਬੱਚਾ ਹੁੰਦਾ ਹੈ ਕਿਉਂਕਿ ਉਸਨੂੰ ਇਹ ਮਹਿਸੂਸ ਕਰਵਾ ਕੇ ਸਖ਼ਤ ਮਿਹਨਤ ਕਰਵਾਈ ਜਾਂਦੀ ਹੈ ਕਿ ਅਸਫਲ ਹੋਣਾ ਸਕੂਲ ਵਿੱਚ ਅਸਫਲਤਾ ਨਹੀਂ ਹੈ, ਸਗੋਂ ਜ਼ਿੰਦਗੀ ਵਿੱਚ ਅਸਫਲਤਾ ਹੈ, ਜਦੋਂ ਕਿ ਪ੍ਰਾਈਵੇਟ ਸਕੂਲਾਂ ਵਿੱਚ, ਬੱਚੇ ਅਸਫਲ ਨਹੀਂ ਹੁੰਦੇ ਅਤੇ ਪੂਰੀ ਜਮਾਤ ਨੂੰ ਅਗਲੀ ਜਮਾਤ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਤਾਂ ਜੋ ਉਹ ਸਥਾਨ ਪ੍ਰਾਪਤ ਕਰ ਸਕੇ। ਇਸ ਦੇ ਬਾਵਜੂਦ, ਸਾਡਾ ਦੇਸ਼ ਅਤੇ ਸਮਾਜ, ਭਾਵੇਂ ਛੋਟਾ ਹੋਵੇ, ਚੰਗੇ ਅਧਿਆਪਕਾਂ ਦੇ ਕਾਰਨ ਸਹੀ ਅਤੇ ਚੰਗੀ ਦਿਸ਼ਾ ਵੱਲ ਵਧ ਰਿਹਾ ਹੈ, ਜੋ ਆਪਣੇ ਉੱਚੇ ਨੈਤਿਕ ਗੁਣਾਂ ਨਾਲ, ਵਿਦਿਆਰਥੀ ਨੂੰ ਆਪਣੇ ਮੋਢਿਆਂ 'ਤੇ ਬਿਠਾ ਕੇ ਕਹਿੰਦੇ ਹਨ, "ਦੇਖੋ, ਤੁਹਾਡਾ ਕੱਦ ਮੇਰੇ ਨਾਲੋਂ ਵੀ ਉੱਚਾ ਹੋ ਗਿਆ ਹੈ।" ਅੱਜ ਵੀ, ਅਜਿਹੇ ਅਧਿਆਪਕ ਹਨ ਜੋ ਕਮਜ਼ੋਰ ਬੱਚਿਆਂ ਦੇ ਖਾਲੀ ਦਿਮਾਗਾਂ ਨੂੰ ਆਪਣੀ ਤਨਖਾਹ ਨਾਲ ਦੀਵੇ ਸਮਝਦੇ ਹੋਏ, ਆਪਣੀ ਕੁਰਬਾਨੀ ਦਾ ਤੇਲ ਭਰਦੇ ਹਨ ਅਤੇ ਸਮਾਜ ਦੇ ਹਨੇਰੇ ਵਿੱਚ ਮਨੁੱਖਤਾ ਦੀ ਰੌਸ਼ਨੀ ਫੈਲਾਉਂਦੇ ਹਨ। ਉਨ੍ਹਾਂ ਦੀ ਸਿਖਲਾਈ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਮਨੁੱਖਤਾ ਦਾ ਸਬਕ ਸਿਖਾਉਂਦੀ ਹੈ। ਜੋ ਅਧਿਆਪਕ ਆਪਣੀਆਂ ਜੇਬਾਂ ਭਾਵਨਾਵਾਂ ਦੇ ਭੰਡਾਰ ਨਾਲ ਭਰਦੇ ਹਨ, ਉਹ ਉਨ੍ਹਾਂ ਨੂੰ ਇਸ ਤਰ੍ਹਾਂ ਬਣਾਉਂਦੇ ਹਨ ਕਿ ਜੇਕਰ ਕਿਸੇ ਦੇ ਟਿਫ਼ਨ ਵਿੱਚੋਂ ਬ੍ਰੇਕ ਦੌਰਾਨ ਸੁੱਕੀ ਰੋਟੀ ਨਿਕਲੇ, ਤਾਂ ਉਸਨੂੰ ਘਟੀਆ ਸਮਝਣ ਦੀ ਬਜਾਏ, ਉਹ ਆਪਣੀ ਘਿਓ ਨਾਲ ਭਰੀ ਰੋਟੀ ਲਈ ਸ਼ੁਕਰਗੁਜ਼ਾਰ ਹੋਣ। ਕਿ ਇਸਨੂੰ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

ਇੱਕ ਗਰੀਬ ਦੋਸਤ ਦੇ ਫਟੇ ਹੋਏ ਕੱਪੜੇ ਦੇਖ ਕੇ, ਰੱਬ ਉਸ ਨੂੰ ਕੱਪੜੇ ਪਾਉਂਦਾ ਹੈ ਜੋ ਧੋਖੇ ਵਿੱਚ ਆਏ ਨੂੰ ਆਪਣੇ ਕੱਪੜੇ ਦਿੰਦਾ ਹੈ। ਉਦਾਸ ਚਿਹਰੇ 'ਤੇ ਮੁਸਕਰਾਹਟ ਦੇਣ ਲਈ, ਕਹਿਣਾ ਪੈਂਦਾ ਹੈ, "ਜੇ ਤੁਸੀਂ ਨਹੀਂ ਹੱਸਦੇ, ਤਾਂ ਮੈਂ ਰੋਵਾਂਗਾ।" ਸਿੱਖਿਆ ਸਿਖਾਉਂਦੀ ਹੈ ਕਿ ਮੈਂ ਆਪਣੀ ਜੇਬ ਦੇ ਪੈਸੇ ਵਿੱਚੋਂ ਆਪਣੇ ਦੋਸਤ ਦੀ ਛੋਟੀ ਜਿਹੀ ਲੋੜ ਪੂਰੀ ਕਰਕੇ ਬਹੁਤ ਭਲਾਈ ਕਮਾਈ ਹੈ। ਸਿੱਖਿਆ ਸਿਖਾਉਂਦੀ ਹੈ ਕਿ ਦੂਜਿਆਂ ਦੇ ਦਿਲਾਂ ਨੂੰ ਠੇਸ ਨਾ ਪਹੁੰਚਾਉਣ ਲਈ ਮਜ਼ਾਕ ਅਤੇ ਮਜ਼ਾਕ ਵਿੱਚ ਫਰਕ ਕਿਵੇਂ ਕਰਨਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਤੁਹਾਡੇ ਲਈ ਪ੍ਰਾਰਥਨਾ ਕਰਨ ਵਾਲੇ ਹੱਥਾਂ ਨੂੰ ਚੁੰਮਣ ਨਾਲ ਜਲਦੀ ਪ੍ਰਵਾਨਗੀ ਮਿਲਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਭੁੱਖੇ ਵਿਅਕਤੀ ਦੇ ਮੂੰਹ ਵਿੱਚ ਆਪਣੀ ਲੋੜ ਦਾ ਭੋਜਨ ਪਾ ਕੇ, ਰੋਜ਼ੀ-ਰੋਟੀ ਖੁਦ ਤੁਹਾਡੇ ਹੱਕ ਵਿੱਚ ਅਸੀਸਾਂ ਦੀ ਪ੍ਰਾਰਥਨਾ ਕਰਨ ਲੱਗ ਪੈਂਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕਿਸੇ ਦੇ ਨੰਗੇ ਪੈਰਾਂ ਵਿੱਚ ਆਪਣੀ ਜੁੱਤੀ ਪਾ ਕੇ, ਤੁਹਾਡੀਆਂ ਜ਼ਰੂਰਤਾਂ ਤੁਹਾਡੇ ਵੱਲ ਵਧਣ ਲੱਗਦੀਆਂ ਹਨ। ਸਿੱਖਿਆ ਸਿਖਾਉਂਦੀ ਹੈ ਕਿ ਚੰਗੇ ਕੰਮ ਲਿਖਣ ਵਾਲੀ ਕਲਮ ਨਾਲੋਂ ਵੱਧ ਕੀਮਤੀ ਉਹ ਕਲਮ ਹੈ ਜੋ ਕਿਸੇ ਨੂੰ ਗਿਆਨ ਸਿੱਖਣ ਵਿੱਚ ਮਦਦ ਕਰਦੀ ਹੈ।ਤੁਸੀਂ ਉਨ੍ਹਾਂ ਨੂੰ ਤੋਹਫ਼ੇ ਵਜੋਂ ਦਿੰਦੇ ਹੋ। ਸਿੱਖਿਆ ਸਿਖਾਉਂਦੀ ਹੈ ਕਿ ਆਪਣੇ ਖਿਡੌਣੇ ਕਿਸੇ ਵਾਂਝੇ ਬੱਚੇ ਨੂੰ ਦੇਣ ਨਾਲ ਉਸਨੂੰ ਖੁਸ਼ੀ ਅਤੇ ਸ਼ਾਂਤੀ ਮਿਲਦੀ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕਿਸੇ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਅਤੇ ਉਸਨੂੰ ਚੋਰੀ ਤੋਂ ਬਚਾਉਣਾ ਵੀ ਚਰਿੱਤਰ ਨਿਰਮਾਣ ਦਾ ਇੱਕ ਤਰੀਕਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਕੀੜੇ-ਮਕੌੜਿਆਂ ਅਤੇ ਪੰਛੀਆਂ ਨੂੰ ਖੁਆਉਣਾ ਉਸ ਭੋਜਨ ਲਈ ਸ਼ੁਕਰਗੁਜ਼ਾਰੀ ਹੈ ਜੋ ਪਰਮਾਤਮਾ ਨੇ ਤੁਹਾਨੂੰ ਦਿੱਤਾ ਹੈ। ਸਿੱਖਿਆ ਸਿਖਾਉਂਦੀ ਹੈ ਕਿ ਚੰਗੇ ਇਰਾਦੇ ਅਤੇ ਸੋਚ-ਸਮਝ ਕੇ ਬੋਲਣ ਵਾਲੇ ਵਿਅਕਤੀ ਦੁਆਰਾ ਕਹੇ ਗਏ ਸ਼ਬਦ ਜ਼ਖਮੀ ਦਿਲਾਂ 'ਤੇ ਮਲ੍ਹਮ ਦਾ ਕੰਮ ਕਰਦੇ ਹਨ। ਸਿੱਖਿਆ ਸਿਖਾਉਂਦੀ ਹੈ ਕਿ ਮਨੁੱਖ ਉਹ ਹਨ ਜੋ ਦੂਜਿਆਂ ਦੇ ਦਰਦ ਨੂੰ ਆਪਣੀਆਂ ਛਾਤੀਆਂ ਵਿੱਚ ਮਹਿਸੂਸ ਕਰਦੇ ਹਨ। ਸਿੱਖਿਆ ਸਿਖਾਉਂਦੀ ਹੈ ਕਿ ਜਿਸ ਤਰ੍ਹਾਂ ਪਰਮਾਤਮਾ, ਜਿਸਨੂੰ ਕਦੇ ਨਹੀਂ ਦੇਖਿਆ ਗਿਆ, ਉਸਦੀ ਦਇਆ ਅਤੇ ਸ਼ਕਤੀ ਦੁਆਰਾ ਪਛਾਣਿਆ ਜਾਂਦਾ ਹੈ, ਉਸੇ ਤਰ੍ਹਾਂ, ਮਨੁੱਖ ਵੀ ਆਪਣੀ ਭਾਸ਼ਾ ਅਤੇ ਚਰਿੱਤਰ ਦੁਆਰਾ ਪਛਾਣਿਆ ਜਾਂਦਾ ਹੈ। ਸਿੱਖਿਆ ਇਕੱਲੇ ਅੱਗੇ ਵਧਣ ਦੀ ਬਜਾਏ ਦੂਜਿਆਂ ਨੂੰ ਨਾਲ ਲੈ ਕੇ ਜਾਣ ਬਾਰੇ ਹੈ।

# ਕਵਿਤਾ



ਅਜਮੇਲ ਗਿੱਲ

ਕਿੰਨੇ ਖਿਆਲ ਕਵਿਤਾਵਾਂ ਬਣ ਆਉਂਦੇ ਨੇ ਤੇ ਹਵਾ ਹੋ ਜਾਂਦੇ ਨੇ
ਪਰ ਜਦ ਤੇਰਾ ਖਿਆਲ ਆਉਂਦਾ ਤਾਂ ਸਹੁੰ ਤੇਰੀ,
ਪੋਹ ਦੇ ਪਾਲੇ ਵਾਂਗ ਹੱਡਾਂ ਨੂੰ ਚੀਰ ਕੇ ਲੰਘ ਜਾਂਦਾ ਏ।
ਯਾਦ ਐ ਤੈਨੂੰ ਜਦੋਂ ਬੱਸ ਅੱਡੇ ਖੜੇ-ਖੜੇ ਕਿਹਾ ਕਰਦੀ ਸੀ,
"ਜੇ ਬੱਸ ਲੰਘ ਗਈ ਤਾਂ ਫਿਰ ਕੀ ਹੋਊ?"
ਤੇ ਮੈਂ ਤੈਨੂੰ ਕਿਹਾ ਕਰਦਾ ਸੀ ਕਿ ਕੋਈ ਨਹੀਂ,
ਮੇਰਾ ਪਿੰਡ ਆ ਨਾਲ ਈ ਆ,
ਘਰ ਚੱਲਾਂਗੇ, ਚੁੱਲ੍ਹੇ ਮੂਹਰੇ ਬੈਠ ਕੇ ਬੇਬੇ ਦੇ ਹੱਥਾਂ ਦੀ ਲਹਿੰਦੀ- ਲਹਿੰਦੀ ਖਾਵਾਂਗੇ।
ਦੇਰ ਰਾਤ ਤਾਰਿਆਂ ਥੱਲੇ ਬਹਿਕੇ ਗੱਲਾਂ ਕਰਾਂਗੇ।
ਤੇ ਤੂੰ ਕਹਿੰਦੀ, "ਨਾ ਵੇ ਨਾ, ਮੇਰਾ ਬਾਪੂ ਤਾਂ ਮੈਨੂੰ ਜਿਉਂਦੀ ਨੂੰ ਫੂਕ ਦਊ।"
ਤੇ ਹਰ ਵਾਰ ਨਵਾਂ ਬਹਾਨਾ ਘੜ ਤੂੰ ਬੱਸ ਚੜ ਜਾਂਦੀ ।
ਸਾਲ ਬੀਤ ਗਏ। ਨਾ ਤੇਰੀ ਬੱਸ ਲੰਘੀ ਤੇ ਨਾ ਹੀ ਬਾਪੂ ਦੀ ਗੰਡਾਸੀ ਨੂੰ ਜੰਗ ਲੱਗਾ।
ਆਖ਼ਰੀ ਵਾਰ ਤੈਨੂੰ ਬੱਸੇ ਚਾੜ੍ਹ ਜਦ ਘਰ ਨੂੰ ਤੁਰਿਆ ਤਾਂ ਇਉਂ ਲੱਗਾ,
ਜਿਵੇਂ ਕਿਸੇ ਨੇ ਸਾਈਕਲ ਮਗਰ ਪਹਾੜ ਬੰਨ ਦਿੱਤਾ ਹੋਵੇ।
ਪੈਡਲ ਜਿਵੇਂ ਸੰਗਲਾਂ ਚ ਜਕੜੇ ਗਏ ਹੋਣ।
ਕਈ ਵਾਰ ਉੱਤਰ ਕੇ ਹਵਾ ਚੈੱਕ ਕੀਤੀ
ਤੇ ਹਰ ਵਾਰ ਹੀ ਪੈਂਚਰ ਦਾ ਭੁਲੇਖਾ ਦੂਰ ਕੀਤਾ
ਪਰ ਸਾਈਕਲ ਜਾਣੀ ਡੂੰਘੀ ਖੱਡ ਚ ਲਹਿ ਗਿਆ ਹੋਵੇ।
ਕਾਸ਼ ! ਕਿਤੇ ਉਹ ਬੱਸ ਸੱਚੀਂ ਲੰਘ ਜਾਂਦੀ।
ਤੇ ਅੱਜ ਅਸੀਂ ਸ਼ਾਇਦ ਕਿਤੇ ਸੁਪਨੇ ਬੁਣਦੇ ਹੁੰਦੇ।
ਤੂੰ ਵੀ ਤਾਂ ਬੀਤੇ ਨੂੰ ਪਛਤਾਉਂਦੀ ਹੋਵੇਂਗੀ ?
ਤੈਨੂੰ ਵੀ ਤਾਂ ਤੇਰੇ ਪਿੰਡ ਵਾਲੀ ਬੱਸ ਯਾਦ ਆਉਂਦੀ ਹੋਵੇਗੀ ?
ਚੱਲ ਆ ਫਿਰ ਤੇਰੇ ਪਿੰਡ ਵਾਲੀ ਬੱਸ ਲੰਘਣ ਦੀ ਉਡੀਕ ਕਰੀਏ।
ਤੇ ਤੂੰ ਕੋਈ ਬਹਾਨਾ ਨਾ ਲਾਈਂ।
ਇਸ ਵਾਰ ਸੱਚੀਂ ਮੈਂ ਤੈਨੂੰ ਘਰ ਲੈ ਜਾਣਾ।
ਫਿਰ ਉਹੀ ਤਾਰਿਆਂ ਥੱਲੇ ਬਹਿ ਕੋਈ ਨਵੀਂ ਬਾਤ ਪਾਵਾਂਗੇ।
ਇਸ ਕਬੀਲਦਾਰੀ ਦਾ ਭਾਰ ਢੋਂਦਾ- ਢੋਂਦਾ ਥੱਕ ਗਿਆ ਹਾਂ ਮੈਂ।

# ਹਾਇਕੂ



**ਕਸ਼ਮੀਰੀ ਲਾਲ ਚਾਵਲਾ**
ਸੰਪਾਦਕ ਅਦਬੀ ਪਰਿਕਰਮਾ
ਮੁਕਤਸਰ-152026
ਮੋਬਾਈਲ : 9814814791

1) ਬਣੇ ਤੂਫਾਨ
ਆਕਾਸ਼ ਤੋਂ ਆਕਾਸ਼
ਉਡਦੀ ਰਾਖ਼

2) ਬਰਸਾਤਾਂ ਚਿ
ਕਿਸ਼ਤੀ ਡੋਲ ਗਈ
ਘੁੰਮਣ ਘੇਰੀ

3) ਬਣ ਹਨੇਰੀ
ਵਾਵਰੋਲੇ ਵਾਂਗ ਹੈ
ਘੁੰਮਣ ਘੇਰੀ

4) ਸਾਡੇ ਗੱਭਰੂ
ਜਾਬਰ ਲੋਕਾਂ ਦੇ ਵੀ
ਮੂੰਹ ਮੋੜਦੇ

5) ਮਿਜਾਇਲਾਂ ਦੇ
ਸਾਡੇ ਹਥਿਆਰ ਤਾਂ
ਮੂੰਹ ਮੋੜਦੇ

6) ਪ੍ਰਤੱਖ ਲੱਗੇ
ਦਸਦੇ ਮਨੋਰਥ
ਕੀ ਸਮਝਣਾ ?

7) ਹੋਂਦ ਰਹਿੰਦੀ
ਸਾਡੀ ਪ੍ਰਮਾਣਿਕਤਾ
ਕੀ ਸਮਝਣਾ ?

8) ਤਬਦੀਲੀ ਹੈ
ਜਦੋ ਜਹਿਦ ਲਈ
ਤਬਦੀਲੀ ਹੈ

9) ਕ੍ਰਾਂਤੀ ਆਈ ਹੈ
ਝੱਖੜ ਝੁਲ ਗਏ
ਤਬਦੀਲੀ ਹੈ

10) ਦੱਸੋ ਕੀ ਹੋਂਦ
ਸਮਾਜਿਕ ਢਾਂਚੇ ਤਾਂ
ਮਿੱਟੀ ਦੇ ਢਾਂਚੇ

# ਇੰਜ. ਸੀਤਲ ਸਿੰਘ ਸੰਘਾ ਦੀ ਪੁਸਤਕ 'ਚਿੰਤਨ ਲਹਿਰਾਂ' ਰਿਲੀਜ਼

ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਕਾਲਾ ਸੰਘਿਆ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ ਦੀ ਪਲੇਠੀ ਕਾਵਿ ਪੁਸਤਕ 'ਚਿੰਤਨ ਲਹਿਰਾਂ ' ਦਾ ਰਿਲੀਜ਼ ਸਮਾਗਮ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ ਰਚਾਇਆ ਗਿਆ। ਪੁਸਤਕ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸਿੱਧ ਸ਼ਾਇਰ ਤੇ ਆਲੋਚਕ ਡਾ. ਰਾਮ ਮੂਰਤੀ ਨੇ ਆਖਿਆ ਕਿ ਇੰਜ. ਸੀਤਲ ਸਿੰਘ ਸੰਘਾ ਭਾਵੇਂ ਇਕ ਕਸਬੀ ਲੇਖਕ ਨਹੀਂ ਹਨ ਪਰ ਇਕ ਸਮਾਜ-ਸੇਵਕ ਤੇ ਚਿੰਤਕ ਹੋਣ ਦੇ ਨਾਤੇ ਆਪਣੇ ਸੰਪਰਕ ਵਿਚ ਆਈਆਂ ਸ਼ਖ਼ਸੀਅਤਾਂ ਅਤੇ ਪੜ੍ਹੀਆਂ ਪੁਸਤਕਾਂ ਸਬੰਧੀ ਆਪਣੇ ਵਿਚਾਰ ਵਾਰਤਕ ਰੂਪ ਵਿਚ ਜ਼ਰੂਰ ਲਿਖਦੇ ਰਹਿੰਦੇ ਹਨ। ਪਹਿਲਾਂ ਮੈਂ ਉਨ੍ਹਾਂ ਨੂੰ ਤ੍ਰੈਮਾਸਿਕ ਰਸਾਲੇ 'ਅਲਖ' ਲਈ ਲਿਖਣ ਲਈ ਕਿਹਾ ਅਤੇ ਉਨ੍ਹਾਂ ਮੇਰੀ ਬੇਨਤੀ ਪ੍ਰਵਾਨ ਕਰਦਿਆਂ ਬੜੇ ਪ੍ਰਭਾਵਸ਼ਾਲੀ ਲੇਖ ਇਸ ਰਸਾਲੇ ਲਈ ਲਿਖੇ ਜੋ ਇਸ ਪੁਸਤਕ ਵਿਚ ਵੀ ਦਰਜ ਕੀਤੇ ਗਏ ਹਨ। ਕਾਵਿ-ਪੁਸਤਕਾਂ ਸਬੰਧੀ ਲਿਖੇ ਗਏ ਉਨ੍ਹਾਂ ਦੇ ਇਹ ਲੇਖ ਉਨ੍ਹਾਂ ਨੂੰ ਇਕ ਚੰਗੇ ਵਿਸ਼ਲੇਸ਼ਣਕਰਤਾ ਦਾ ਦਰਜਾ ਵੀ ਦੇ ਜਾਂਦੇ ਹਨ। ਉਹ ਕਵਿਤਾ ਦੀਆਂ ਰਮਜ਼ਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਨੂੰ ਖੋਲ੍ਹਣਾ ਬਾਖ਼ੂਬੀ ਜਾਣਦੇ ਹਨ। ਜਨਾਬ ਸੰਤ ਸਿੰਘ ਸੰਧੂ ਦੀ ਪੁਸਤਕ 'ਪੁਲ ਮੇਰਾਂ' ਅਤੇ ਮੇਰੀ ਆਪਣੀ ਪੁਸਤਕ 'ਕਿੱਥੇ ਗਈ ਖ਼ੁਸ਼ਬੂ' ਸਬੰਧੀ ਉਨ੍ਹਾਂ ਨੇ ਬੜੇ ਪ੍ਰਭਾਵਸ਼ਾਲੀ ਆਲੋਚਨਾਤਮਕ ਲੇਖ ਲਿਖੇ ਹਨ ਜੋ ਉਨ੍ਹਾਂ ਦੇ ਇਕ ਚੰਗੇ ਕਾਵਿ-ਵਿਸ਼ਲੇਸ਼ਕ ਹੋਣ ਦੀ ਗਵਾਹੀ ਭਰਦੇ ਹਨ। ਸਕੂਲ ਦੀ ਪ੍ਰਿੰਸੀਪਲ ਮੈਡਮ ਕਰੁਣਾ ਕਟੋਚ, ਵਾਈਸ ਪ੍ਰਿੰਸੀਪਲ ਸੁਖਜਿੰਦਰ ਸਿੰਘ, ਸਕੂਲ ਦੇ ਅਧਿਆਪਨ ਤੇ ਗੈਰ ਅਧਿਆਪਨ ਅਮਲੇ ਨੇ ਇਸ ਰਿਲੀਜ਼ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਇੰਜ. ਸੀਤਲ ਸਿੰਘ ਸੰਘਾ ਜੀ ਨੂੰ ਇਸ ਪੁਸਤਕ ਦੇ ਤੀਜੇ ਸੰਸਕਰਨ ਦੇ ਛਪਣ ਦੀ ਵਧਾਈ ਵੀ ਦਿੱਤੀ।



ਹਿੰਦੀ ਕਹਾਣੀ



# ਮਾਂ ਦਾ ਲਾਲ

**ਅਸ਼ੋਕ ਸਕਸੈਨਾ**


***ਮੂਲ : ਅਸ਼ੋਕ ਸਕਸੈਨਾ**

***ਅਨੁ : ਪ੍ਰੋ. ਨਵ ਸੰਗੀਤ ਸਿੰਘ**

**ਅਸ਼ੋਕ ਸਕਸੈਨਾ : ਜਨਮ : 23 ਦਸੰਬਰ 1953, ਭਰਤਪੁਰ (ਰਾਜਸਥਾਨ); ਐਮ ਏ (ਹਿੰਦੀ) ਫਸਟ ਡਿਵੀਜ਼ਨ ਵਿੱਚ, ਯੂਜੀਸੀ ਤੋਂ ਜੇਆਰਐਫ। 'ਅਸਤਿਤਵਵਾਦ ਔਰ ਹਿੰਦੀ ਉਪਨਿਆਸ' ਵਿਸ਼ੇ ਤੇ ਚਾਰ ਸਾਲ ਖੋਜ ਕਾਰਜ। ਰੋਜ਼ੀ-ਰੋਟੀ ਲਈ ਰਾਜਸਥਾਨ ਤੋਂ ਪ੍ਰਕਾਸ਼ਿਤ ਕਈ ਅਖ਼ਬਾਰਾਂ ਦੇ ਸੰਪਾਦਕੀ ਵਿਭਾਗ ਵਿੱਚ ਨੌਕਰੀ। ਲੰਮੇ ਸਮੇਂ ਤੱਕ ਸ਼ਹਿਰ ਦੀ ਸਿੱਖਿਆ ਸੰਸਥਾ ਨਾਲ ਸੰਬੰਧ। ਕੁਝ ਸਮਾਂ ਪ੍ਰਾਈਵੇਟ ਕਾਲਜ ਵਿੱਚ ਅਧਿਆਪਨ। ਰੋਜ਼ਾਨਾ ਅਖ਼ਬਾਰਾਂ ਤੋਂ ਇਲਾਵਾ ਸਾਹਿਤਕ ਪੱਤ੍ਰਿਕਾਵਾਂ ਵਿੱਚ ਕਵਿਤਾਵਾਂ, ਕਹਾਣੀਆਂ ਅਤੇ ਲੇਖ ਪ੍ਰਕਾਸ਼ਿਤ। ਤਿੰਨ ਕਹਾਣੀ ਸੰਗ੍ਰਹਿ 'ਉਸਕਾ ਮਰਨਾ', 'ਅੱਬੂ' ਅਤੇ 'ਮਾਈ ਕਾ ਲਾਲ' ਪ੍ਰਕਾਸ਼ਿਤ।**

**ashoksaxenaAIEC@gmail.com**


ਚਪੜਾਸੀ ਨੂੰ ਵਿਜ਼ਿਟਿੰਗ ਕਾਰਡ ਸੌਂਪਣ ਤੋਂ ਬਾਅਦ ਸ਼ਰਮਾ ਜੀ ਵਰਾਂਡੇ ਵਿੱਚ ਬੈਂਚ 'ਤੇ ਬੈਠ ਕੇ ਉਡੀਕ ਕਰਨ ਲੱਗੇ। ਵਰਾਂਡਾ ਲਗਭਗ ਉਨ੍ਹਾਂ ਲੋਕਾਂ ਨਾਲ ਭਰਿਆ ਹੋਇਆ ਸੀ, ਜੋ ਏਡੀਐਮ ਸਾਹਿਬ ਨੂੰ ਮਿਲਣ ਆਏ ਸਨ। ਕਮਰੇ ਦੇ ਬਾਹਰ ਸਾਹਿਬ ਦੀ ਛੋਟੀ ਜਿਹੀ ਨੇਮ-ਪਲੇਟ ਲੱਗੀ ਸੀ। ਚਮਕਦਾਰ ਪਾਲਿਸ਼ ਕੀਤੀ ਲੱਕੜ ਦੀ ਪਲੇਟ 'ਤੇ ਉੱਭਰੇ ਹੋਏ ਪਿੱਤਲ ਦੇ ਅੱਖਰਾਂ ਵਿੱਚ ਲਿਖਿਆ ਹੋਇਆ ਸੀ – ਰਾਜਕੁਮਾਰ ਆਈਏਐਸ, ਏਡੀਐਮ (ਸਿਟੀ)

ਨੇਮ ਪਲੇਟ ਦੇ ਖੱਬੇ ਪਾਸੇ ਕੰਧ ਦੇ ਇੱਕ ਹਿੱਸੇ 'ਤੇ ਇੱਕ ਪੀਲਾ ਬੋਰਡ ਲੱਗਿਆ ਹੋਇਆ ਸੀ, ਜਿਸ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਾਲੇ ਅੱਖਰਾਂ ਵਿੱਚ ਕੁਝ ਮਹੱਤਵਪੂਰਨ ਜਾਣਕਾਰੀ ਅਤੇ ਨਿਯਮ ਲਿਖੇ ਹੋਏ ਸਨ। ਸਭ ਤੋਂ ਅਖੀਰ ਵਿੱਚ ਹੇਠਾਂ ਲਿਖਿਆ ਸੀ – 'ਮਿਲਣ ਦਾ ਸਮਾਂ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ'।

ਚਾਰ ਵੱਜਣ ਵਾਲੇ ਸਨ, ਪਰ ਸਾਹਿਬ ਨੂੰ ਮਿਲਣ ਵਾਲੇ ਲੋਕਾਂ ਦੀ ਅਜੇ ਵੀ ਬਹੁਤ ਭੀੜ ਸੀ। ਸ਼ਰਮਾ ਜੀ ਸੋਚ ਰਹੇ ਸਨ ਕਿਤੇ ਅਜਿਹਾ ਨਾ ਹੋਵੇ ਕਿ ਅਗਲਾ ਪੰਜ ਵਜਦੇ ਹੀ ਜਾਂ ਉਸ ਤੋਂ ਪਹਿਲਾਂ ਹੀ ਆਪਣੀ ਸੀਟ ਤੋਂ ਉੱਠ ਜਾਵੇ। ਲੋਕਾਂ ਨੂੰ ਮਿਲਣਾ ਅਤੇ ਸੁਣਨਾ ਤਾਂ ਰੋਜ਼ ਦਾ ਕੰਮ ਹੈ। ਚਪੜਾਸੀ ਨੇ ਤਾਂ ਬਾਹਰ ਉਡੀਕ ਰਹੇ ਲੋਕਾਂ ਨੂੰ ਇਹੋ ਦੱਸਣਾ ਹੋਵੇਗਾ ਕਿ ਸਾਹਿਬ ਹੁਣ ਨਹੀਂ ਮਿਲਣਗੇ। ਸਮਾਂ ਖਤਮ ਹੋ ਗਿਆ ਹੈ, ਸਾਹਿਬ ਬਿਜ਼ੀ ਹਨ, ਮੀਟਿੰਗ ਵਿੱਚ ਜਾਣਾ ਹੈ, ਆਪਣੇ ਚੈਂਬਰ ਵਿੱਚ ਆਰਾਮ ਕਰ ਰਹੇ ਹਨ – ਦਰਜਨਾਂ ਬਹਾਨੇ ਹੋ ਸਕਦੇ ਹਨ। ਜੇ ਸੱਚਮੁੱਚ ਅਜਿਹਾ ਹੋਇਆ ਤਾਂ...

ਸ਼ਰਮਾ ਜੀ ਇੱਕ ਵਾਰ ਫਿਰ ਚਪੜਾਸੀ ਕੋਲ ਗਏ – "ਭਰਾਵਾ, ਮੇਰਾ ਸਾਹਿਬ ਨੂੰ ਮਿਲਣਾ ਬਹੁਤ ਜ਼ਰੂਰੀ ਹੈ। ਮੈਂ ਜੈਪੁਰ ਤੋਂ ਆਇਆ ਹਾਂ। ਮੈਂ ਰਾਤ ਦੀ ਟਰੇਨ ਰਾਹੀਂ ਵਾਪਸ ਵੀ ਜਾਣਾ ਹੈ। ਪੰਜ ਵੱਜਣ ਵਾਲੇ ਹਨ, ਜੇਕਰ ਸਾਹਿਬ ਉਠ ਗਏ ਤਾਂ ਮੇਰਾ ਅੱਜ ਦਾ ਸਾਰਾ ਦਿਨ ਬਰਬਾਦ ਹੋ ਜਾਵੇਗਾ।" ਚਪੜਾਸੀ ਵੱਲ ਵਿਜ਼ਿਟਿੰਗ ਕਾਰਡ ਇੱਕ ਵਾਰ ਫਿਰ ਵਧਾਉਂਦੇ ਹੋਏ ਉਨ੍ਹਾਂ ਨੇ ਮਿੰਨਤ ਕੀਤੀ, "ਕਿਰਪਾ ਕਰਕੇ ਮੈਨੂੰ ਪੰਜ ਮਿੰਟ ਦਾ ਸਮਾਂ ਦਿਵਾ ਦੇ..."

"ਕਾਰਡ ਆਪਣੇ ਕੋਲ ਰੱਖੋ। ਤੁਹਾਡਾ ਕਾਰਡ ਸਾਹਿਬ ਦੇ ਸਾਹਮਣੇ ਮੇਜ਼ 'ਤੇ ਰੱਖਿਆ ਹੋਇਆ ਹੈ। ਜਿਵੇਂ ਹੀ ਹੁਕਮ ਹੋਇਆ, ਮੈਂ ਤੁਹਾਨੂੰ ਸੱਦ ਲਵਾਂਗਾ।" ਚਪੜਾਸੀ ਨੇ ਉਨ੍ਹਾਂ ਨੂੰ ਬੈਂਚ 'ਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਕਿਸੇ ਹੋਰ ਵਿਅਕਤੀ ਦਾ ਨਾਮ ਲਿਆ। ਉਹ ਆਦਮੀ ਅੰਦਰ ਚਲਾ ਗਿਆ ਅਤੇ ਚਪੜਾਸੀ ਤੁਰੰਤ ਦਰਵਾਜ਼ਾ ਬੰਦ ਕਰ ਕੇ ਪਹਿਲਾਂ ਵਾਂਗ ਖੜ੍ਹਾ ਹੋ ਗਿਆ।

ਅੱਧਾ ਘੰਟਾ ਹੋਰ ਬੀਤ ਗਿਆ। ਪੰਜ ਵੱਜਣ ਵਾਲੇ ਸਨ। ਅੱਠ-ਦਸ ਜਣੇ ਅਜੇ ਵੀ ਸਾਹਿਬ ਨੂੰ ਮਿਲਣ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਸ਼ਰਮਾ ਜੀ ਨੂੰ ਚਪੜਾਸੀ 'ਤੇ ਗੁੱਸਾ ਆ ਰਿਹਾ ਸੀ – ਇਹ ਸਾਲ਼ਾ ਆਪਣੇ ਆਪ ਨੂੰ ਹੀ ਏਡੀਐਮ ਸਮਝਦਾ ਹੈ। ਇਹ ਲੋਕ ਤਾਂ ਲੋਕਲ ਹਨ। ਅੱਜ ਨਹੀਂ ਤਾਂ ਕੱਲ੍ਹ ਮਿਲ ਲੈਣਗੇ, ਪਰ ਉਨ੍ਹਾਂ ਨੇ ਤਾਂ ਰਾਤ ਦੀ ਟਰੇਨ ਫੜਨੀ ਹੈ... ਪੰਜ-ਦਸ ਮਿੰਟਾਂ ਲਈ ਮਿਲਾਉਣ ਵਿੱਚ ਕੀ ਹਰਜ ਹੈ? ਪਰ

ਖੈਰ... ਕੁਝ ਲੋਕ ਇਸ ਤਰ੍ਹਾਂ ਦੇ ਹੁੰਦੇ ਹਨ...।

ਮਨ ਹੀ ਮਨ ਖਿਝਦੇ ਹੋਏ ਉਹ ਕੁਝ ਦੇਰ ਬੈਂਚ 'ਤੇ ਬੈਠੇ ਰਹੇ, ਫਿਰ ਅਚਾਨਕ ਉੱਠ ਕੇ ਖੜ੍ਹੇ ਹੋ ਗਏ। ਉਨ੍ਹਾਂ ਦੀ ਬੇਸਬਰੀ ਨੂੰ ਭਾਂਪ ਕੇ ਦਰਵਾਜ਼ੇ 'ਤੇ ਖੜ੍ਹੇ ਚਪੜਾਸੀ ਨੇ ਕਿਹਾ – "ਸਰ, ਸਬਰ ਕਰੋ। ਤੁਸੀਂ ਸ਼ਾਇਦ ਸਾਹਿਬ ਨੂੰ ਨਹੀਂ ਜਾਣਦੇ। ਉਹ ਇੱਥੇ ਮਿਲਣ ਆਏ ਸਾਰੇ ਲੋਕਾਂ ਨੂੰ ਮਿਲਣ ਤੋਂ ਬਾਅਦ ਹੀ ਆਪਣੀ ਸੀਟ ਤੋਂ ਉੱਠਦੇ ਹਨ..."

"ਫਿਰ ਠੀਕ ਹੈ।" ਸ਼ਰਮਾ ਜੀ ਨੇ ਸੁਖ ਦਾ ਸਾਹ ਲੈਂਦਿਆਂ ਕਿਹਾ। "ਫਿਰ ਤਾਂ ਮੈਨੂੰ ਭਾਵੇਂ ਅੰਤ ਵਿੱਚ ਹੀ ਬੁਲਾਈਂ। ਅਸਲ ਵਿੱਚ ਮੈਂ ਸਾਹਿਬ ਨਾਲ ਕੁਝ ਪਰਸਨਲ ਗੱਲਾਂ ਕਰਨੀਆਂ ਹਨ।"

ਚਪੜਾਸੀ ਨੇ ਇਸ ਵਾਰ ਉਨ੍ਹਾਂ ਨੂੰ ਧਿਆਨ ਨਾਲ ਵੇਖਿਆ ਅਤੇ ਕਿਹਾ, "ਇਹ ਮੇਰੇ ਹੱਥ ਵਿੱਚ ਨਹੀਂ ਹੈ। ਜਦੋਂ ਸਾਹਿਬ ਦਾ ਹੁਕਮ ਹੋਇਆ ਤਾਂ ਮੈਂ ਤੁਹਾਨੂੰ ਦੱਸ ਦਿਆਂਗਾ।"

ਲਗਭਗ ਦਸ ਮਿੰਟਾਂ ਬਾਅਦ ਇੱਕ ਆਦਮੀ ਕਮਰੇ ਵਿੱਚੋਂ ਬਾਹਰ ਆਇਆ। ਚਪੜਾਸੀ ਅੰਦਰ ਗਿਆ ਅਤੇ ਇਸ ਵਾਰ ਬਾਹਰ ਆ ਕੇ ਉਸਨੇ ਸ਼ਰਮਾ ਜੀ ਨੂੰ ਅੰਦਰ ਜਾਣ ਦਾ ਇਸ਼ਾਰਾ ਕੀਤਾ।

ਮਨ ਹੀ ਮਨ ਰਮਾਇਣ ਦੀਆਂ ਪੰਕਤੀਆਂ ਨੂੰ ਦੁਹਰਾਉਂਦੇ ਹੋਇਆਂ ਉਹ ਏਡੀਐਮ ਦੇ ਸ਼ਾਨਦਾਰ ਕਮਰੇ ਵਿੱਚ ਦਾਖਲ ਹੋਏ। ਛੱਬੀ-ਸਤਾਈ ਸਾਲਾਂ ਦਾ ਗੋਰਾ-ਚਿੱਟਾ ਸੁੰਦਰ ਨੌਜਵਾਨ, ਜੋ ਇੱਕ ਉੱਚ ਪ੍ਰਸ਼ਾਸਨਿਕ ਅਹੁਦੇ ਤੇ ਸੁਸ਼ੋਭਿਤ ਸੀ... ਦੇਖਦੇ ਹੀ ਉਨ੍ਹਾਂ ਦੇ ਦਿਲ ਵਿੱਚ ਲਹਿ ਗਿਆ।

"ਦੱਸੋ...!" ਆਪਣੇ ਸਾਹਮਣੇ ਰੱਖੇ ਕਾਰਡ 'ਤੇ ਨਾਮ ਪੜ੍ਹਦੇ ਹੋਏ ਸਾਹਿਬ ਨੇ ਕਿਹਾ... 'ਸ਼੍ਰੀ ਭਾਨੂ ਪ੍ਰਕਾਸ਼ ਸ਼ਰਮਾ... ਵਟ ਕੈਨ ਆਈ ਡੂ ਫਾਰ ਯੂ?'

"ਸਰ, ਮੈਂ ਜੈਪੁਰ ਦੇ ਸ਼ਾਸਤਰੀ ਨਗਰ ਵਿੱਚ ਪੀ.ਐਨ.ਬੀ. ਸ਼ਾਖਾ ਦਾ ਮੈਨੇਜਰ ਹਾਂ।"

"ਹਾਂ, ਇਹ ਤਾਂ ਤੁਹਾਡੇ ਵਿਜ਼ਿਟਿੰਗ ਕਾਰਡ ਤੋਂ ਸਪਸ਼ਟ ਹੀ ਹੈ।"

ਜਦੋਂ ਸਾਹਿਬ ਨੇ ਉਨ੍ਹਾਂ ਵੱਲ ਸੁਆਲੀਆ ਨਜ਼ਰਾਂ ਨਾਲ ਵੇਖਦਿਆਂ ਮੁਸਕਰਾ ਕੇ ਕਿਹਾ ਤਾਂ ਉਹ ਥੋੜ੍ਹਾ ਘਬਰਾ ਗਏ। ਸਾਹਮਣੇ ਬੈਠਾ ਅਫ਼ਸਰ ਆਈਏਐਸ ਹੈ ਤਾਂ ਕੀ ਹੋਇਆ, ਹੈ ਤਾਂ ਇੱਕ ਲੜਕਾ ਹੀ... ਮਨ ਵਿੱਚ ਕੁਝ ਵਿਸ਼ਵਾਸ ਪੈਦਾ ਹੋਇਆ ਤਾਂ ਉਹ ਬੋਲੇ- "ਗੱਲ ਇਹ ਹੈ ਸਰ, ਮੈਂ ਬੈਂਕ ਆਡਿਟ ਦੇ ਸਿਲਸਿਲੇ ਵਿੱਚ ਤਿੰਨ ਮਹੀਨਿਆਂ ਤੋਂ ਧੌਲਪੁਰ ਵਿੱਚ ਰਹਿ ਰਿਹਾ ਹਾਂ। ਇਨ੍ਹੀਂ ਦਿਨੀਂ ਬਾਡੀ ਬਰਾਂਚ ਦਾ ਆਡਿਟ ਚੱਲ ਰਿਹਾ ਹੈ... ਮੈਂ ਇਨ੍ਹੀਂ ਦਿਨੀਂ ਉੱਥੇ ਹਾਂ... ਫਿਲਹਾਲ ਜੈਪੁਰ ਤੋਂ ਆ ਰਿਹਾ ਹਾਂ।"

"ਓਹ ਆਈ ਸੀ..." ਸਾਹਿਬ ਦੇ ਚਿਹਰੇ 'ਤੇ ਮੁਸਕਰਾਹਟ ਅਚਾਨਕ ਗਾਇਬ ਹੋ ਗਈ। ਗੰਭੀਰ ਹੋ ਕੇ ਕਿਹਾ, "ਤਾਂ ਦੱਸੋ, ਏਥੇ ਕਿਵੇਂ ਆਏ?"

"ਜੀ, ਮੈਨੂੰ ਤੁਹਾਨੂੰ ਮਿਲਣ ਲਈ ਬੰਗਲੇ ਆਉਣਾ ਚਾਹੀਦਾ ਸੀ ਪਰ..."

"ਕੋਈ ਗੱਲ ਨਹੀਂ ... ਤੁਸੀਂ ਅੱਗੇ ਦੱਸੋ।"

"ਗੱਲ ਇਹ ਹੈ ਕਿ ਮੇਰੀ ਬੇਟੀ ਹੈ... ਕਾਨਵੈਂਟ ਐਜੂਕੇਟਿਡ... ਥਰੂਆਊਟ ਫ਼ਸਟ ਕਲਾਸ... ਐਮ.ਐਸ.ਸੀ. ਇਨ ਫ਼ਿਜ਼ਿਕਸ... ਨੈੱਟ ਕੁਆਲੀਫਾਈਡ ਹੈ... ਇਸ ਵੇਲੇ ਜੈਪੁਰ ਦੇ ਐਲ.ਬੀ.ਐੱਸ. ਕਾਲਜ ਵਿੱਚ ਫ਼ਿਜ਼ਿਕਸ ਦੀ ਲੈਕਚਰਾਰ ਹੈ।"

"ਉਹ ਤਾਂ ਠੀਕ ਹੈ, ਪਰ ਤੁਸੀਂ ਇਹ ਸਭ ਮੈਨੂੰ ਕਿਉਂ ਦੱਸ ਰਹੇ ਹੋ?"

"ਜੀ... ਸਰ... ਮੈਂ ਆਪਣੀ ਬੱਚੀ ਦੇ ਰਿਸ਼ਤੇ ਦੇ ਸਿਲਸਿਲੇ ਵਿੱਚ ਤੁਹਾਨੂੰ ਮਿਲਣ ਆਇਆ ਹਾਂ। ਤੁਹਾਡੇ ਪਿਤਾ ਜੀ ਨੇ ਕਿਹਾ ਸੀ ਕਿ ਮੈਂ ਲੜਕਾ ਵੇਖ ਆਵਾਂ, ਬਾਕੀ ਗੱਲਾਂ ਬਾਅਦ ਵਿੱਚ ਕਰ ਲਵਾਂਗੇ। ਉਨ੍ਹਾਂ ਨੇ ਕਿਹਾ ਸੀ..."

"ਮੇਰੇ ਪਿਤਾ ਜੀ ਨੇ?"

"ਜੀ ਸਰ, ਤੁਹਾਡੇ ਪਿਤਾ ਜੀ... ਸ਼੍ਰੀ ਗਿਆਨੇਂਦਰ ਮਿਸ਼ਰਾ ਜੀ ਨੇ..."

"ਗਿਆਨੇਂਦਰ ਮਿਸ਼ਰਾ ਇਜ਼ ਨਾਟ ਮਾਈ ਫਾਦਰ!"

ਧੜਾਮ! ਇਹ ਇਸ ਤਰ੍ਹਾਂ ਸੀ ਜਿਵੇਂ ਕੋਈ ਬੰਬ ਫਟਿਆ ਹੋਵੇ! ਏਡੀਐੱਮ ਸਾਹਿਬ ਦੇ ਸ਼ਾਨਦਾਰ ਕਮਰੇ ਦੀ ਜਿਸ ਕੁਰਸੀ ਤੇ ਉਹ ਬੈਠੇ ਸਨ, ਉਹਦੇ ਹੇਠਾਂ ਵਿਛਿਆ ਕਾਲੀਨ ਜਿਵੇਂ ਕਿਸੇ ਨੇ ਅਚਾਨਕ ਖਿੱਚ ਲਿਆ ਹੋਵੇ ਅਤੇ ਉਹ ਕੁਰਸੀ ਸਮੇਤ ਜ਼ਮੀਨ 'ਤੇ ਮੂੰਹ ਪਰਨੇ ਡਿੱਗ ਪਏ ਸਨ। ਅਚਾਨਕ ਉਹ ਕੁਝ ਵੀ ਨਾ ਕਹਿ ਸਕੇ। ਉਹ ਸਿਰਫ਼ ਇੰਨਾ ਹੀ ਕਹਿ ਸਕੇ "ਕੀ ਗਿਆਨੇਂਦਰ ਜੀ ਤੁਹਾਡੇ ਪਿਤਾ ਜੀ ਨਹੀਂ ਹਨ?"

"ਜੀ ਨਹੀਂ, ਮੇਰੇ ਪਿਤਾ ਦਾ ਨਾਮ ਸ਼੍ਰੀ ਮੂਲਚੰਦ ਜਾਟਵ ਹੈ। ਉਹ ਖਜ਼ਾਨਾ ਅਧਿਕਾਰੀ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ... ਬਦਕਿਸਮਤੀ ਨਾਲ ਉਹ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ... ਉਨ੍ਹਾਂ ਨੂੰ ਗੁਜ਼ਰਿਆਂ ਸੱਤ ਸਾਲ ਹੋ ਗਏ ਹਨ..."

"ਤੁਸੀਂ ਕੀ ਕਹਿ ਰਹੇ ਹੋ?... ਵੈਰੀ ਸੈਡ... ਪਰ ਮਿਸ਼ਰਾ ਜੀ ਨੇ ਤਾਂ ਕਿਹਾ ਸੀ..."

"ਤੁਸੀਂ ਮਿਸ਼ਰਾ ਜੀ ਨੂੰ ਕਦੋਂ ਤੋਂ ਜਾਣਦੇ ਹੋ?"

"ਜੀ, ਇਹੋ ਕੋਈ ਦਸ-ਪੰਦਰਾਂ ਦਿਨਾਂ ਤੋਂ... ਜਦੋਂ ਤੋਂ ਬਾੜੀ ਬਰਾਂਚ ਵਿੱਚ ਆਇਆ ਹਾਂ, ਬਸ ਉਦੋਂ ਤੋਂ ਜਾਣ-ਪਛਾਣ ਹੋਈ ਹੈ..."

"ਵੇਖੋ ਸ਼ਰਮਾ ਜੀ, ਕਿਸੇ ਗਲਤਫਹਿਮੀ ਵਿੱਚ ਨਾ ਰਹੋ... ਮੈਂ ਜਾਟਵ ਯਾਨੀ ਚਮਾਰ ਜਾਤੀ ਨਾਲ ਸਬੰਧਤ ਹਾਂ... ਮੈਂ ਐਸਸੀ ਕੋਟੇ ਰਾਹੀਂ ਆਈਏਐਸ ਵਿੱਚ ਆਇਆ ਹਾਂ। ਤੁਸੀਂ ਏਥੇ ਮਿੰਨੀ ਸੈਕਰੇਟਰੀਏਟ ਵਿੱਚ ਕਿਸੇ ਤੋਂ ਵੀ ਮੇਰੇ ਬਾਰੇ, ਮੇਰੀ ਜਾਤੀ ਬਾਰੇ, ਪਤਾ ਕਰ ਸਕਦੇ ਹੋ। ਰਹੀ ਗੱਲ ਮਿਸ਼ਰਾ ਜੀ ਦੀ... ਤਾਂ ਤੁਸੀਂ ਅਜੇ ਉਨ੍ਹਾਂ ਨੂੰ ਜਾਣਦੇ ਹੀ ਕਿੰਨਾ ਹੋ!... ਐਨੀ ਵੇਅ... ਆਈ ਐਮ ਐਕਸਟਰੀਮਲੀ ਸੌਰੀ..."

ਸਾਹਿਬ ਨੇ ਮੇਜ਼ ਦੇ ਪਾਸੇ ਵਾਲਾ ਬਟਨ ਦਬਾਇਆ ਅਤੇ ਚਪੜਾਸੀ ਨੂੰ ਦੋ ਕੌਫੀ ਲਿਆਉਣ ਦਾ ਹੁਕਮ ਦਿੱਤਾ।

ਸ਼ਰਮਾ ਜੀ, ਤੁਸੀਂ ਕੁਝ ਖਾਧਾ? ਜੇ ਨਹੀਂ ਖਾਧਾ ਤਾਂ ਮੈਂ ਖਾਣਾ ਮੰਗਵਾ ਦਿੰਦਾ ਹਾਂ... ਨੋ ਫ਼ਾਰਮੈਲਿਟੀ... ਤੁਸੀਂ ਖਾਣਾ ਖਾ ਕੇ ਚਲੇ ਜਾਣਾ..."

"ਨੋ ਸਰ, ਥੈਂਕਸ! ਮੈਂ ਸਟੇਸ਼ਨ 'ਤੇ ਖਾਣਾ ਖਾ ਲਿਆ ਸੀ। ਸੱਚ ਪੁੱਛੋ ਤਾਂ ਕੌਫੀ ਦਾ ਵੀ ਮੂਡ ਨਹੀਂ ਹੈ।"

"ਯੈਸ, ਆਈ ਕੈਨ ਅੰਡਰਸਟੈਂਡ... ਪਰ ਕੌਫੀ ਤਾਂ ਪੀ ਕੇ ਜਾਣਾ...।"

ਸਾਹਿਬ ਨੇ ਬਟਨ ਦਬਾ ਕੇ ਚਪੜਾਸੀ ਨੂੰ ਬੁਲਾਇਆ ਅਤੇ ਬਾਹਰ ਉਡੀਕ ਕਰ ਰਹੇ ਇੱਕ ਹੋਰ ਵਿਅਕਤੀ ਨੂੰ ਬੁਲਾਇਆ। ਉਹਦਾ ਗੁਆਂਢੀ ਦੁਆਰਾ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ੇ ਦਾ ਮਾਮਲਾ ਸੀ। ਉਹ ਆਦਮੀ ਸਾਹਿਬ ਦੇ ਸਾਹਮਣੇ ਘਰ ਦੇ ਕਾਗਜ਼ਾਤ ਅਤੇ ਨਕਸ਼ੇ ਰੱਖ ਕੇ ਪ੍ਰਸ਼ਾਸਨ ਤੋਂ ਮਦਦ ਦੀ ਬੇਨਤੀ ਕਰ ਰਿਹਾ ਸੀ।

ਏਧਰ ਸ਼ਰਮਾ ਜੀ ਡੂੰਘੀਆਂ ਸੋਚਾਂ ਵਿੱਚ ਡੁੱਬੇ ਹੋਏ ਸਨ। ਆਖ਼ਰ ਇਹ ਕੀ ਮਾਮਲਾ ਹੈ? ਪੁੱਤਰ ਆਪਣੇ ਪਿਤਾ ਨੂੰ ਆਪਣਾ ਪਿਤਾ ਮੰਨਣ ਲਈ ਤਿਆਰ ਨਹੀਂ ਹੈ! ਜੇ ਮੁੰਡਾ ਸੱਚ ਕਹਿ ਰਿਹਾ ਹੈ ਤਾਂ ਮਿਸ਼ਰਾ ਨੇ ਉਸ ਨਾਲ ਅਜਿਹਾ ਕਿਉਂ ਕੀਤਾ? ਇੰਨਾ ਵੱਡਾ ਝੂਠ! ਮਿਸ਼ਰਾ ਅਜਿਹਾ ਆਦਮੀ ਤਾਂ ਨਹੀਂ ਲੱਗਦਾ ਪਰ ਜਿਵੇਂ ਮੁੰਡਾ ਕਹਿ ਰਿਹਾ ਹੈ - 'ਤੁਸੀਂ ਮਿਸ਼ਰਾ ਜੀ ਨੂੰ ਜਾਣਦੇ ਹੀ ਕਿੰਨਾ ਹੋ?'

ਅਸਲ ਵਿੱਚ ਉਹ ਉਸਨੂੰ ਕਿੰਨਾ ਕੁ ਜਾਣਦੇ ਹਨ! ਬੈਂਕ ਵਿੱਚ ਉਨ੍ਹਾਂ ਦਾ ਆਉਣਾ-ਜਾਣਾ ਰਹਿੰਦਾ ਸੀ ਅਤੇ ਓਥੇ ਹੀ ਕਿਸੇ ਨੇ ਮਿਸ਼ਰਾ ਨਾਲ ਮਿਲਾਇਆ ਸੀ। ਕੁਝ ਦਿਨ ਪਹਿਲਾਂ ਕਸਬੇ ਦੇ ਬਾਜ਼ਾਰ ਵਿੱਚ ਮੁਲਾਕਾਤ ਹੋਈ ਸੀ। ਕਮਰਾ ਨੇੜੇ ਹੀ ਸੀ, ਇਸ ਲਈ ਸ਼ਿਸ਼ਟਾਚਾਰ ਵਜੋਂ ਉਸਨੂੰ ਚਾਹ ਲਈ ਕਿਹਾ ਸੀ। ਉਹ ਤਾਂ ਜਿਵੇਂ ਵਿਹਲੇ ਹੀ ਸਨ... ਆਏ ਅਤੇ ਆਰਾਮ ਨਾਲ ਬੈਠ ਗਏ। ਗੱਲਾਂ-ਗੱਲਾਂ ਵਿੱਚ ਰਿਸ਼ਤੇ-ਨਾਤੇ ਦੱਸਣ ਲੱਗੇ...

"ਮੇਰਾ ਲੜਕਾ ਹੈ... ਆਈ.ਏ.ਐੱਸ. .... ਅੱਜਕੱਲ੍ਹ ਸੀਕਰ ਵਿੱਚ ਹੈ... ਏਡੀਐੱਮ... ਕੋਈ ਚੰਗੀ ਜਿਹੀ ਲੜਕੀ ਹੋਵੇ ਤਾਂ ਦੱਸਣਾ... ਤੁਸੀਂ ਤਾਂ ਸਾਡੀ ਜਾਤ-ਬਰਾਦਰੀ ਦੇ ਹੋ... ਤੁਹਾਨੂੰ ਤਾਂ ਕਹਿ ਹੀ ਸਕਦਾ ਹਾਂ..."

ਸ਼ੱਕ ਤਾਂ ਉਹਨੂੰ ਉਦੋਂ ਵੀ ਹੋਇਆ ਸੀ ਕਿਉਂਕਿ ਅਜੇ ਤੱਕ ਉਸਨੇ ਲੋਕਾਂ ਨੂੰ ਆਪਣੀ ਧੀ ਦੇ ਵਿਆਹ ਲਈ ਚਿੰਤਤ ਅਤੇ ਬੇਚੈਨ ਹੁੰਦੇ ਵੇਖਿਆ ਸੀ। ਪਰ ਇੱਥੇ ਤਾਂ ਉਲਟੀ ਗੰਗਾ ਵਹਿ ਰਹੀ ਸੀ। ਮਿਸ਼ਰਾ ਜੀ ਨੇ ਕਿਹਾ ਸੀ, "ਰਿਸ਼ਤੇ ਤਾਂ ਬਹੁਤ ਆ ਰਹੇ ਹਨ, ਇੱਕ ਤੋਂ ਇੱਕ ਧਨੀ ਪਰਿਵਾਰਾਂ ਤੋਂ, ਪਰ ਅਸੀਂ ਤੁਹਾਡੀ ਧੀ ਵਰਗੀ ਪੜ੍ਹੀ-ਲਿਖੀ, ਸੁੰਦਰ ਅਤੇ ਚੰਗੇ ਵਿਵਹਾਰ ਵਾਲੀ ਕੁੜੀ ਚਾਹੁੰਦੇ ਹਾਂ..."

ਕੌਫੀ ਖਤਮ ਹੋ ਗਈ ਸੀ। ਏਡੀਐਮ ਸਾਹਿਬ ਵਿਹਲੇ ਬੈਠੇ ਸਨ। ਹੁਣ ਉਨ੍ਹਾਂ ਕੋਲ ਉੱਥੇ ਬੈਠਣ ਦਾ ਕੋਈ ਮਤਲਬ ਨਹੀਂ ਸੀ। ਜਾਣ ਤੋਂ ਪਹਿਲਾਂ ਸ਼ਰਮਾ ਜੀ ਨੇ ਇੱਕ ਵਾਰ ਫਿਰ ਉਸ ਸੁੰਦਰ ਨੌਜਵਾਨ ਵੱਲ ਪ੍ਰਸ਼ਨਮਈ ਨਜ਼ਰਾਂ ਨਾਲ ਵੇਖਿਆ ਅਤੇ ਕਿਹਾ, "ਸਰ ਤੁਹਾਨੂੰ ਮਿਲ ਕੇ ਚੰਗਾ ਲੱਗਿਆ ਪਰ ਮੈਂ ਸੱਚਮੁੱਚ ਕੁਝ ਸਮਝ ਨਹੀਂ ਸਕਿਆ। ਇਫ਼ ਯੂ ਡੋਂਟ ਮਾਈਂਡ... ਪਲੀਜ਼ ਟੈੱਲ ਮੀ ਯੂਅਰ ਰਿਲੇਸ਼ਨ ਵਿਦ..."

"ਨੋ ਰਿਲੇਸ਼ਨ।" ਛੋਟਾ ਜਿਹਾ ਜਵਾਬ ਦੇ ਕੇ ਉਹ ਖੜ੍ਹੇ ਹੋ ਗਏ।

ਕਹਿਣ-ਸੁਣਨ ਲਈ ਹੁਣ ਕੀ ਬਚਿਆ ਸੀ? ਸ਼ਰਮਾ ਜੀ ਨੇ ਨਾਲ ਵਾਲੀ ਕੁਰਸੀ 'ਤੇ ਰੱਖਿਆ ਹੈਂਡਬੈਗ ਚੁੱਕਿਆ ਅਤੇ ਬਹੁਤ ਹੀ ਨਿਮਰਤਾ ਨਾਲ ਨਮਸਕਾਰ ਕਰਕੇ ਬਾਹਰ ਆ ਗਏ।

ਬਾਹਰ ਆ ਕੇ ਸ਼ਰਮਾ ਜੀ ਨੇ ਸਭ ਤੋਂ ਪਹਿਲਾਂ ਏਡੀਐਮ ਸਾਹਿਬ ਦੀ ਜਾਤ ਦਾ ਪਤਾ ਲਗਾਇਆ। ਮੁੰਡਾ ਸਹੀ ਸੀ, ਇਸਦੀ ਪੁਸ਼ਟੀ ਹੋ ਗਈ। ਇਹ ਮਿਸ਼ਰਾ ਸਾਲ਼ਾ ਕਿੰਨਾ ਫ਼ਰਾਡ ਬੰਦਾ ਹੈ...

ਸਾਹਿਬ ਨੂੰ ਬੰਗਲੇ ’ਤੇ ਛੱਡਣ ਤੋਂ ਬਾਅਦ ਡਰਾਈਵਰ ਨੇ ਕਾਰ ਬਾਹਰ ਖੜ੍ਹੀ ਕਰ ਦਿੱਤੀ। ਹਰ ਰੋਜ਼ ਵਾਂਗ ਉਹ ਬਾਹਰ ਲਾਅਨ ਵਿੱਚ ਰੱਖੀਆਂ ਕੁਰਸੀਆਂ ਵਿੱਚੋਂ ਇੱਕ ’ਤੇ ਬੈਠ ਕੇ ਆਰਾਮ ਕਰਨ ਲੱਗੇ।

“ਮੈਂ ਕੌਫੀ ਲਿਆਉਂਦਾ ਹਾਂ ਸਰ।” ਉਸਨੇ ਕਾਰ ਦੀਆਂ ਚਾਬੀਆਂ ਸਾਹਮਣੇ ਮੇਜ਼ ’ਤੇ ਰੱਖਦੇ ਹੋਏ ਕਿਹਾ ਅਤੇ ਬੰਗਲੇ ਦੇ ਅੰਦਰ ਚਲਾ ਗਿਆ। ਜਦੋਂ ਉਹ ਕੌਫੀ ਲੈ ਕੇ ਵਾਪਸ ਆਇਆ ਤਾਂ ਸਾਹਿਬ ਨੇ ਕਿਹਾ, “ਕ੍ਰਿਪਾਲ, ਮੇਰਾ ਖਾਣਾ ਬਣਾ ਕੇ ਰਸੋਈ ਵਿੱਚ ਰੱਖ ਦੇਵੀਂ। ਖਾਣਾ ਤਿਆਰ ਹੋਣ ਤੋਂ ਬਾਅਦ ਤੂੰ ਰਮਾ ਨੂੰ ਲੈ ਕੇ ਘਰ ਚਲਾ ਜਾਈਂ... ਵਿਕਰਮ ਤਾਂ ਏਥੇ ਹੈ ਹੀ।”

ਉਹ ਲਾਅਨ ਤੋਂ ਉੱਠ ਕੇ ਅੰਦਰ ਆ ਗਏ। ਨਿੱਕਰ-ਟੀਸ਼ਰਟ ਪਹਿਨ ਕੇ ਸਪੋਰਟਸ ਸ਼ੂਜ਼ ਪਾਏ ਅਤੇ ਰੈਕਿਟ ਘੁਮਾਉਂਦੇ ਹੋਏ ਕਾਰ ਵੱਲ ਚੱਲ ਪਏ।

ਦਫ਼ਤਰ ਤੋਂ ਵਾਪਸ ਆ ਕੇ ਉਹ ਰੋਜ਼ ਕੰਪਨੀ ਬਾਗ ਦੇ ਟੈਨਿਸ ਕੋਰਟ ਵਿੱਚ ਆ ਜਾਂਦੇ ਸਨ। ਖਿਡਾਰੀਆਂ ਨਾਲ ਘੰਟਾ-ਦੋ ਘੰਟੇ ਪਸੀਨਾ ਵਹਾਉਣ ਪਿੱਛੋਂ ਉਹ ਘਰ ਮੁੜਦੇ। ਪੰਦਰਾਂ ਮਿੰਟ ਆਰਾਮ ਕਰਨ ਤੋਂ ਬਾਅਦ ਉਹ ਨਹਾਉਂਦੇ ਅਤੇ ਫਿਰ ਟੀਵੀ ਵੇਖਦੇ ਹੋਏ ਖਾਣਾ ਖਾਣ ਬੈਠ ਜਾਂਦੇ। ਸ਼ਾਮ ਦਾ ਇਹੋ ਰੁਟੀਨ ਸੀ ਅਤੇ ਇਸ ਵਿੱਚ ਸ਼ਾਇਦ ਹੀ ਕੋਈ ਰੁਕਾਵਟ ਆਉਂਦੀ ਸੀ।

ਅੱਜ ਉਨ੍ਹਾਂ ਦਾ ਟੈਨਿਸ ਕੋਰਟ ਵਿੱਚ ਮਨ ਨਹੀਂ ਲੱਗ ਰਿਹਾ ਸੀ। ਮੈਚ ਨੂੰ ਜੀਅ-ਜਾਨ ਨਾਲ ਜਿੱਤਣ ਦਾ ਇਰਾਦਾ ਰੱਖ ਕੇ ਖੇਡਣ ਵਾਲੇ ਏਡੀਐਮ ਸਾਹਿਬ ਦੇ ਜ਼ਿਆਦਾਤਰ ਸ਼ਾਟਸ ਆਫ਼ ਲਾਈਨ ਡਿੱਗ ਰਹੇ ਸਨ। ਕਰੀਬ ਚਾਲੀ ਮਿੰਟ ਤੱਕ ਚੱਲੇ ਮੈਚ ਵਿੱਚ ਆਸਾਨੀ ਨਾਲ ਹਾਰ ਕੇ ਉਹ ਕੋਰਟ ਦੇ ਬਾਹਰ ਪਈ ਕੁਰਸੀ ’ਤੇ ਬੈਠ ਕੇ ਚਿਹਰੇ ਤੋਂ ਪਸੀਨਾ ਪੂੰਝਣ ਲੱਗੇ।

“ਕੀ ਗੱਲ ਹੈ ਸਰ? ਅੱਜ ਖੇਡ ਕੁਝ ਵਧੀਆ ਨਹੀਂ ਰਹੀ।” ਖੰਨਾ ਨੇ ਪੁੱਛਿਆ।

“ਕੁਝ ਖਾਸ ਨਹੀਂ! ਤੁਸੀਂ ਖੇਡੋ... ਮੈਂ ਇੱਥੇ ਬੈਠ ਕੇ ਵੇਖਦਾ ਹਾਂ...”

ਟੈਨਿਸ ਕੋਰਟ ’ਤੇ ਡਬਲਜ਼ ਮੈਚ ਚੱਲ ਰਿਹਾ ਸੀ। ਜ਼ਬਰਦਸਤ ਸ਼ਾਟ ਖੇਡੇ ਜਾ ਰਹੇ ਸਨ ਪਰ ਸਾਹਿਬ ਦੇ ਸਾਹਮਣੇ ਇਸ ਵੇਲੇ ਨਾ ਖਿਡਾਰੀ ਸਨ, ਨਾ ਟੈਨਿਸ ਕੋਰਟ ਅਤੇ ਨਾ ਹੀ ਬਾਲ! ਵਾਰ-ਵਾਰ ਉਨ੍ਹਾਂ ਦੇ ਮਨ ਵਿੱਚ ਕੁਝ ਚਿਹਰੇ ਉੱਭਰਨ ਲੱਗੇ। ਦਾਦਾ ਜੀ, ਗੁਰੂ ਜੀ, ਮਾਂ, ਬਾਪੂ, ਅੰਮਾ ਅਤੇ ਪਿਤਾ ਜੀ, ਅਤੇ ਇੱਕ ਨਵਾਂ ਚਿਹਰਾ ਜੋ ਅੱਜ ਸ਼ਾਮ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਪ੍ਰਗਟ ਹੋਇਆ ਸੀ - ਮਿਸਟਰ ਸ਼ਰਮਾ, ਬੈਂਕ ਮੈਨੇਜਰ ਪੀਐਨਬੀ, ਜੈਪੁਰ। ਸਾਰੇ ਚਿਹਰੇ ਰਲ਼ਗੱਡ ਹੋਣ ਲੱਗੇ। ਇੱਕ ਤੋਂ ਧਿਆਨ ਹਟਦਾ ਤਾਂ ਦੂਜਾ ਚਿਹਰਾ ਚੇਤਨਾ ਤੇ ਛਾ ਜਾਂਦਾ।

ਮਿਸਟਰ ਸ਼ਰਮਾ... ਜਿਸਨੂੰ ਉਸਦੇ ਪਿਤਾ ਨੇ ਬੇਵਜਾਹ ਪਰੇਸ਼ਾਨ ਕੀਤਾ ਸੀ। ਵਿਚਾਰਾ ਸ਼ਰਮਾ... ਰਿਟਾਇਰਮੈਂਟ ਦੇ ਨੇੜੇ ਬੁਢਾਪੇ ਦੀ ਦਹਿਲੀਜ਼ ’ਤੇ ਖੜ੍ਹਾ ਇੱਕ ਨੇਕ ਇਨਸਾਨ ਲੱਗਿਆ। ਕਿਸੇ ਸ਼ਰੀਫ਼ ਇਨਸਾਨ ਨੂੰ ਇਸ ਤਰ੍ਹਾਂ ਪਰੇਸ਼ਾਨ ਕਰਨ ਦਾ ਉਹਦੇ ਪਿਓ ਨੂੰ ਕੀ ਹੱਕ ਹੈ? ਜੈਪੁਰ ਤੋਂ ਇੱਥੇ ਆਇਆ ਅਤੇ ਨਿਰਾਸ਼ ਹੋ ਕੇ ਵਾਪਸ ਪਰਤਿਆ... ਕਿਉਂ ਮੇਰਾ ਪਿਓ ਆਪਣੀਆਂ ਘਟੀਆ ਹਰਕਤਾਂ ਤੋਂ ਬਾਜ਼ ਨਹੀਂ ਆਉਂਦਾ! ਇੱਕ ਚੰਗੇ-ਭਲੇ ਆਦਮੀ ਨੂੰ ਇਉਂ ਸਬਜ਼-ਬਾਗ ਵਿਖਾ ਕੇ ਤਪਦੇ ਰੇਗਿਸਤਾਨ ਵਿੱਚ ਭਟਕਾਉਣ ਨਾਲ ਉਹਨੂੰ ਕੀ ਖੁਸ਼ੀ ਮਿਲਦੀ ਹੈ? ਮ੍ਰਿਗ-ਤ੍ਰਿਸ਼ਨਾ ਆਖ਼ਰ ਮ੍ਰਿਗ-ਤ੍ਰਿਸ਼ਨਾ ਹੈ... ਹਿਰਨ ਪਿਆਸ ਨਾਲ ਮਰਦਾ ਹੈ ਤਾਂ ਮਰੇ, ਉਹ ਤਾਂ ਪਸ਼ੂ ਹੈ। ਪਰ ਮੇਰੇ ਪਿਓ ਕੋਲ ਤਾਂ ਦਿਮਾਗ ਹੈ? ਹਾਂ ਦਿਮਾਗ ਹੈ ਅਤੇ ਲੋੜ ਤੋਂ ਵੱਧ ਚਲਦਾ ਹੈ...

ਉਹ ਪੰਜ-ਛੇ ਸਾਲ ਦਾ ਸੀ - ਪੰਜ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟਾ। ਜਨਮ-ਪੱਤਰੀ ਵੇਖ ਕੇ ਦਾਦਾ ਜੀ ਨੇ ਹੀ ਉਹਦਾ ਨਾਮ ਰੱਖਿਆ ਸੀ - ਨਰਿੰਦਰ, ਜਿਸਨੂੰ ਉਹ ਪਿਆਰ ਨਾਲ ਨੰਨੂ ਕਹਿ ਕੇ ਬੁਲਾਉਂਦੇ ਸਨ। ਉਸਨੂੰ ਉਸ ਦਿਨ ਦੀ ਧੁੰਦਲੀ ਜਿਹੀ ਯਾਦ ਹੈ, ਜਦੋਂ ਉਸਨੂੰ ਪੜ੍ਹਨ ਭੇਜਣ ਤੋਂ ਪਹਿਲਾਂ ਘਰ ਵਿੱਚ ਪੂਜਾ ਹੋਈ ਸੀ। ਅੰਮਾ ਨੇ ਉਸਨੂੰ ਸਵੇਰੇ ਜਲਦੀ ਨੁਹਾ ਕੇ ਚਿੱਟਾ ਕੁੜਤਾ-ਪਜਾਮਾ ਪਹਿਨਾਇਆ ਸੀ। ਘਰ ਵਿੱਚ ਬਹੁਤ ਸਾਰੇ ਲੋਕ ਆਏ ਸਨ। ਲਾਊਡਸਪੀਕਰ ਦਾ ਸ਼ੋਰ ਸੀ, ਸ਼ਾਇਦ ਰਮਾਇਣ ਦੇ ਪਾਠ ਦਾ ਆਯੋਜਨ ਸੀ। ਉਸਨੂੰ ਚੌਕੀ ’ਤੇ ਬਿਠਾਇਆ ਗਿਆ ਸੀ ਅਤੇ ਅੰਮਾ ਉਹਦੇ ਸਿਰ ’ਤੇ ਪੱਲੂ ਰੱਖ ਕੇ ਖੜ੍ਹੀ ਸੀ। ਪਹਿਲਾਂ ਪੰਡਿਤ ਜੀ ਨੇ ਪੂਜਾ ਕਰਵਾ ਕੇ ਉਸਦੇ ਤਿਲਕ ਲਗਾਇਆ ਅਤੇ ਉਸ ਤੋਂ ਬਾਅਦ ਘਰ ਵਿੱਚ ਆਏ ਸਕੇ-ਸੰਬੰਧੀਆਂ ਨੇ ਵਾਰੀ-ਵਾਰੀ ਉਹਦੇ ਮੱਥੇ ਤੇ ਚਾਵਲ-ਸੰਧੂਰ ਦਾ ਟਿੱਕਾ ਲਗਾ ਕੇ ਉਹਦੀ ਝੋਲੀ ਪੈਸਿਆਂ ਨਾਲ ਭਰ ਦਿੱਤੀ ਸੀ... ਇੱਕ, ਦੋ ਅਤੇ ਪੰਜ ਰੁਪਏ ਦੇ ਹਰੇ ਨੋਟਾਂ ਨਾਲ। ਉਸ ਦਿਨ ਬੜੀ ਗਹਿਮਾ-ਗਹਿਮੀ ਸੀ। ਇਸ ਸਮਾਰੋਹ ਤੇ ਉਸਨੂੰ ਉਸਦੇ ਨਾਪ ਦੀ ਇੱਕ ਟੋਪੀ ਪਹਿਨਾਈ ਗਈ ਸੀ ਜਿਸ ’ਚੋਂ ਉਸਦੀ ਛੋਟੀ ਜਿਹੀ ਗੰਢ ਮਾਰੀ ਹੋਈ ਛੋਟੀ ਜਿਹੀ ਬੋਦੀ ਹਿੱਲ-ਹਿੱਲ ਜਾਂਦੀ। ਰਮਾਇਣ ਦਾ ਪਾਠ ਖਤਮ ਹੋਣ ਤੋਂ

ਬਾਅਦ ਲਾਊਡਸਪੀਕਰ ਦੀ ਆਵਾਜ਼ ਬੰਦ ਹੋ ਗਈ। ਸ਼ਾਮ ਨੂੰ ਸ਼ੁਰੂ ਹੋਈ ਦਾਅਵਤ ਪਤਾ ਨਹੀਂ ਰਾਤ ਨੂੰ ਕਿੰਨੀ ਦੇਰ ਚੱਲੀ ਹੋਵੇਗੀ।

ਅਗਲੀ ਸਵੇਰ ਉਹ ਪਹਿਲੀ ਵਾਰ ਆਪਣੇ ਦਾਦਾ ਜੀ ਦੀ ਉਂਗਲੀ ਫੜ ਕੇ ਸਕੂਲ ਗਿਆ ਸੀ। ਉਸਦਾ ਛੋਟਾ ਜਿਹਾ ਬਸਤਾ ਦਾਦਾ ਜੀ ਦੇ ਮੋਢੇ 'ਤੇ ਲਟਕ ਰਿਹਾ ਸੀ। ਉਨ੍ਹਾਂ ਦੇ ਦੂਜੇ ਹੱਥ ਵਿੱਚ ਪਿੱਤਲ ਦਾ ਥਾਲ ਸੀ ਜਿਸ ਵਿੱਚ ਮੋਤੀਚੂਰ ਦੇ ਲੱਡੂ ਅਤੇ ਕੁਝ ਹੋਰ ਚੀਜ਼ਾਂ ਸਨ। ਉਨ੍ਹਾਂ ਨੇ ਥਾਲ ਨੂੰ ਸਕੂਲ ਦੇ ਵੱਡੇ ਵਿਹੜੇ ਵਿੱਚ ਇੱਕ ਪਾਸੇ ਸਥਾਪਿਤ ਗਣੇਸ਼ ਜੀ ਦੀ ਮੂਰਤੀ ਦੇ ਸਾਹਮਣੇ ਰੱਖਿਆ, ਮੱਥਾ ਟੇਕਿਆ, ਫਿਰ ਉਹਨੂੰ ਗੁਰੂ ਜੀ ਕੋਲ ਲੈ ਗਏ।

"ਪੰਡਿਤ ਜੀ! ਆਪਣੇ ਚੇਲੇ ਨੂੰ ਸੰਭਾਲੋ। ਗਿਆਨ ਦਾ ਬੇਟਾ ਹੈ।"

ਗੁਰੂ ਜੀ ਨੇ ਦਾਦਾ ਜੀ ਦੇ ਹੱਥੋਂ ਥਾਲ ਲੈ ਲਿਆ।

"ਸ਼ਿੱਬੋ...' ਉਨ੍ਹਾਂ ਨੇ ਆਵਾਜ਼ ਮਾਰੀ ਅਤੇ ਇੱਕ ਮੁੰਡਾ ਭੱਜਦਾ ਹੋਇਆ ਆਇਆ।

"ਸਾਮਾਨ ਲੈ ਜਾ ਅਤੇ ਇਸਨੂੰ ਝੌਂਪੜੀ ਵਿੱਚ ਢੱਕ ਕੇ ਰੱਖ ਦੇ ਅਤੇ ਥਾਲ ਵਾਪਸ ਲੈ ਆ।"

ਗੁਰੂ ਜੀ ਨੇ ਉਸਨੂੰ ਪਿਆਰ ਨਾਲ ਆਪਣੀ ਗੋਦੀ ਵਿੱਚ ਚੁੱਕਿਆ ਅਤੇ ਗਣੇਸ਼ ਦੀ ਮੂਰਤੀ ਦੇ ਸਾਹਮਣੇ ਲਿਜਾ ਕੇ ਲੱਗਭੱਗ ਡੰਡਾਉਤ ਵਿੱਚ ਲਿਟਾ ਦਿੱਤਾ। ਉਨ੍ਹਾਂ ਨੇ ਸੰਸਕ੍ਰਿਤ ਦੇ ਕੁਝ ਸ਼ਲੋਕ ਪੜ੍ਹੇ ਅਤੇ ਨੇੜੇ ਰੱਖੇ ਪੱਥਰ ਦੇ ਦੀਵੇ ਤੋਂ ਉਸਦੇ ਮੱਥੇ 'ਤੇ ਸੰਧੂਰ ਦਾ ਟਿੱਕਾ ਲਾ ਦਿੱਤਾ।

"ਤੁਸੀਂ ਨਿਸ਼ਚਿੰਤ ਹੋ ਕੇ ਜਾਓ ਸ਼ਾਸਤਰੀ ਜੀ। ਅੱਜ ਤੋਂ ਇਹ ਤੁਹਾਡਾ ਹੀ ਨਹੀਂ, ਸਾਡਾ ਵੀ ਬੱਚਾ ਹੈ..." "ਚੱਲ ਬਈ ਸ਼ਿੱਬੋ... ਮੁੰਡੇ ਨੂੰ ਕੱਚੀ ਵਿੱਚ ਬਿਠਾ..." ਕੱਚੀ ਤੋਂ ਉਨ੍ਹਾਂ ਦਾ ਭਾਵ ਉਸ ਕਲਾਸ ਦਾ ਸੀ ਜਿਸਨੂੰ ਅੱਜਕੱਲ੍ਹ ਨਰਸਰੀ ਜਾਂ ਐਲ ਕੇ ਜੀ ਕਿਹਾ ਜਾਂਦਾ ਹੈ।

"ਬਹੁਤ ਬੁੱਧੀਮਾਨ ਮੁੰਡਾ ਹੈ, ਪੰਡਿਤ ਜੀ।" ਮੇਰੇ ਸਿਰ ਤੇ ਪਿਆਰ ਨਾਲ ਹੱਥ ਫੇਰਦੇ ਹੋਏ ਦਾਦਾ ਜੀ ਨੇ ਕਿਹਾ, "ਅਜੇ ਛੇ ਸਾਲ ਦਾ ਵੀ ਨਹੀਂ ਹੋਇਆ, ਪਰ ਗਿਣਤੀ, ਪਹਾੜੇ, ਬਾਰਾਂ-ਵਰਟੈਕਸ, ਸਭ ਕੁਝ ਜਾਣਦਾ ਹੈ...।"

"ਵੰਸ਼ ਪਰੰਪਰਾ ਵੀ ਕੋਈ ਚੀਜ਼ ਹੈ... ਬ੍ਰਾਹਮਣ ਬੱਚਾ ਹੈ..."

ਦਾਦਾ ਜੀ ਜਾਣ ਹੀ ਵਾਲੇ ਸਨ ਤਾਂ ਗੁਰੂ ਜੀ ਨੇ ਕਿਹਾ -

"ਅੱਜ ਗਣੇਸ਼ ਚਤੁਰਥੀ ਹੈ, ਸੰਜੋਗ ਨਾਲ ਬੁੱਧਵਾਰ ਵੀ ਹੈ। ਇਹ ਬਹੁਤ ਸ਼ੁਭ ਦਿਨ ਹੈ। ਅੱਜ ਹੀ ਇਹਦਾ ਨਾਮ ਰਜਿਸਟਰ ਵਿੱਚ ਲਿਖਣਾ ਪਵੇਗਾ।"

"ਨਰਿੰਦਰ ਨਾਥ ਮਿਸ਼ਰਾ ਨਾਮ ਲਿਖ ਦਿਓ", ਦਾਦਾ ਜੀ ਨੇ ਕੁਝ ਪਲ ਰੁਕਣ ਤੋਂ ਬਾਅਦ ਕਿਹਾ।

"ਇਸ ਧਨਤੇਰਸ ਨੂੰ ਛੇ ਸਾਲ ਦਾ ਹੋ ਜਾਵੇਗਾ... ਤਾਰੀਖ ਦਾ ਹਿਸਾਬ ਤੁਸੀਂ ਆਪ ਲਾ ਲੈਣਾ।"

ਦਾਦਾ ਜੀ ਚਲੇ ਗਏ ਅਤੇ ਉਹ ਸਾਰਾ ਸਮਾਂ ਸਕੂਲ ਵਿੱਚ ਖੁਸ਼ੀ ਨਾਲ ਰਿਹਾ। ਕਾਰਨ ਸ਼ਾਇਦ ਇਹੋ ਸੀ ਕਿ ਗੁਰੂ ਜੀ ਉਸਨੂੰ ਜੋ ਵੀ ਪੁੱਛਦੇ, ਉਹ ਫਟਾਫਟ ਦੱਸ ਦਿੰਦਾ। ਉਸਨੇ ਆਪਣੇ ਬਸਤੇ ਵਿੱਚ ਰੱਖੀ ਬਾਲਪੋਥੀ ਪਹਿਲਾਂ ਗੁਰੂ ਜੀ ਨੂੰ ਅਤੇ ਫਿਰ ਆਪਣੇ ਸਹਿਪਾਠੀਆਂ ਨੂੰ ਵਿਖਾਈ। ਗੁਰੂ ਜੀ ਨੇ ਪੜ੍ਹਵਾ ਕੇ ਵੇਖੀ। ਜਦੋਂ ਉਸਨੇ ਪੜ੍ਹ ਦਿੱਤੀ, ਤਾਂ ਉਨ੍ਹਾਂ ਨੇ ਸਾਰੇ ਬੱਚਿਆਂ ਦੇ ਸਾਹਮਣੇ ਉਹਨੂੰ ਖੂਬ ਸ਼ਾਬਾਸ਼ ਦਿੱਤੀ।

ਪਾਠਸ਼ਾਲਾ ਵਿੱਚ ਪਹਿਲਾ ਦਿਨ ਬਿਤਾ ਕੇ ਆਪਣੇ ਦੋਸਤਾਂ ਨਾਲ ਵਾਪਸ ਆਇਆ ਤਾਂ ਅੰਮਾ ਦਰਵਾਜ਼ੇ 'ਤੇ ਖੜ੍ਹੀ ਉਸਦੀ ਉਡੀਕ ਕਰ ਰਹੀ ਸੀ। ਉਸਨੂੰ ਵੇਖ ਕੇ ਉਹ ਗਲੀ ਦੇ ਮੋੜ ਤੱਕ ਆ ਗਈ ਸੀ। ਬਸਤਾ ਆਪਣੇ ਹੱਥ ਵਿੱਚ ਲੈ ਕੇ, ਉਹਨੂੰ ਆਪਣੀ ਗੋਦੀ ਵਿੱਚ ਚੁੱਕਿਆ ਅਤੇ ਖੂਬ ਚੁੰਮਿਆ। ਅਗਲੀ ਸਵੇਰ ਅੰਮਾ ਨੇ ਉਸਨੂੰ ਸਕੂਲ ਲਈ ਤਿਆਰ ਕੀਤਾ ਅਤੇ ਉਹ ਖੁਸ਼ੀ ਨਾਲ ਗਲੀ ਦੇ ਦੂਜੇ ਬੱਚਿਆਂ ਨਾਲ ਪਾਠਸ਼ਾਲਾ ਆ ਗਿਆ।

ਕਿੰਨੀ ਸ਼ਾਨਦਾਰ ਜਗ?ਹਾ ਸੀ ਉਹ। ਉਸਨੂੰ ਅੱਜ ਵੀ ਪਾਠਸ਼ਾਲਾ ਦਾ ਕੋਨਾ-ਕੋਨਾ ਯਾਦ ਹੈ। ਪਾਠਸ਼ਾਲਾ ਦੇ ਵਿਸ਼ਾਲ ਵਿਹੜੇ ਦੇ ਵਿਚਕਾਰ ਇੱਕ ਵੱਡਾ ਬੋਹੜ ਦਾ ਦਰਖਤ ਸੀ, ਜੀਹਦੀਆਂ ਜੜ੍ਹਾਂ ਜ਼ਮੀਨ ਨੂੰ ਛੂਹ ਰਹੀਆਂ ਸਨ। ਛੁੱਟੀ ਵੇਲੇ ਜਾਂ ਪਾਠਸ਼ਾਲਾ ਆਉਂਦੇ-ਜਾਂਦੇ ਸਮੇਂ ਗੁਰੂ ਜੀ ਦੀਆਂ ਨਜ਼ਰਾਂ ਤੋਂ ਬਚਦੇ ਹੋਏ ਜੜ੍ਹਾਂ ਨੂੰ ਫੜ ਕੇ ਝੂਟਣਾ ਸਾਰੇ ਬੱਚਿਆਂ ਦੀ ਮਨਪਸੰਦ ਖੇਡ ਸੀ।

ਗੁਰੂ ਜੀ ਦੀ ਝੌਂਪੜੀ ਵਿਹੜੇ ਦੇ ਇੱਕ ਕੋਨੇ ਵਿੱਚ ਬਣੀ ਹੋਈ ਸੀ। ਇਸ ਤੋਂ ਪੰਦਰਾਂ-ਵੀਹ ਕਦਮਾਂ ਦੀ ਦੂਰੀ 'ਤੇ ਘਾਹ-ਫੂਸ ਦੀ ਛੱਤ ਵਾਲਾ ਇੱਕ ਬਹੁਤ ਲੰਮਾ ਵਰਾਂਡਾ ਸੀ। ਮੁੰਡੇ ਇਸ ਘਾਹ-ਫੂਸ ਦੀ ਛੱਤ ਦੇ ਕੋਨੇ ਦੇ ਸ਼ਤੀਰ 'ਤੇ ਚੜ੍ਹਨ ਵਿੱਚ ਬਹੁਤ ਮਜ਼ਾ ਲੈਂਦੇ ਸਨ ਕਿਉਂਕਿ ਸ਼ਾਇਦ ਉੱਥੇ ਨੇੜੇ ਲੱਗੇ ਗਏ ਅਮਰੂਦ ਦੇ

ਦਰਖਤ ਤੋਂ ਅਮਰੂਦ ਤੋੜੇ ਜਾ ਸਕਦੇ ਸਨ।

ਗੁਰੂ ਜੀ ਪਾਠਸ਼ਾਲਾ ਵਿੱਚ ਪੜ੍ਹਾਉਂਦੇ ਸਨ ਅਤੇ ਸ਼ਿੱਬੋ ਉੱਪਰਲੇ ਕੰਮ ਦੀ ਦੇਖਭਾਲ ਕਰਦਾ ਸੀ। ਸਭ ਤੋਂ ਪਹਿਲਾਂ ਪਾਠਸ਼ਾਲਾ ਪਹੁੰਚਣ ਵਾਲੇ ਵਿਦਿਆਰਥੀਆਂ ਨੂੰ ਸ਼ਿੱਬੋ ਕਹਿੰਦਾ ਸੀ, "ਚੱਲੋ ਮੁੰਡਿਓ, ਝਾੜੂ ਚੁੱਕੋ...।" ਮੁੰਡੇ ਝੌਂਪੜੀ ਦੇ ਬਾਹਰ ਰੱਖੇ ਚਾਰ-ਪੰਜ ਝਾੜੂ ਚੁੱਕ ਲਿਆਉਂਦੇ। ਸਭ ਤੋਂ ਪਹਿਲਾ ਕੰਮ ਵਿਹੜੇ ਵਿੱਚ ਖਿੰਡੇ ਹੋਏ ਪੱਤਿਆਂ ਨੂੰ ਇੱਕ ਕੋਨੇ ਵਿੱਚ ਇਕੱਠਾ ਕਰਨਾ ਹੁੰਦਾ ਸੀ। ਇਸ ਤੋਂ ਬਾਅਦ ਸ਼ਿੱਬੋ ਖੂਹ ਤੋਂ ਪਾਣੀ ਕੱਢਦਾ ਸੀ ਅਤੇ ਛੋਟੀਆਂ-ਛੋਟੀਆਂ ਬਾਲਟੀਆਂ ਭਰਦਾ ਸੀ ਜਿਸਨੂੰ ਮੁੰਡੇ ਬੋਹੜ ਦੇ ਦਰਖਤ ਹੇਠਾਂ ਪੱਥਰ ਦੀ ਚੌਕੀ 'ਤੇ ਰੱਖੇ ਵੱਡੇ ਘੜੇ ਵਿੱਚ ਪਾਉਂਦੇ ਸਨ। ਚਾਰ ਘੜੇ ਭਰਨ ਤੋਂ ਬਾਅਦ ਦਰੀਆਂ-ਚਟਾਈਆਂ ਵਿਛਾਉਣ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਚਟਾਈਆਂ ਗੁਰੂ ਜੀ ਦੀ ਕੁਟੀਆ ਵਿੱਚ ਪਏ ਤਖ਼ਤ ਦੇ ਹੇਠਾਂ ਰੱਖੀਆਂ ਹੁੰਦੀਆਂ ਸਨ। ਲੰਬੇ ਵਰਾਂਡੇ ਵਿੱਚ ਛੱਪਰ ਦੀ ਛੱਤ ਹੇਠਾਂ ਲੰਬੀਆਂ-ਲੰਬੀਆਂ ਦਰੀਆਂ-ਚਟਾਈਆਂ ਵਿਛਾ ਕੇ ਮੁੰਡੇ ਖੂਹ ਦੀ ਮੌਣ ਦੇ ਹੇਠਾਂ ਖੜ੍ਹੇ ਹੋ ਕੇ ਆਪਣੇ ਹੱਥ-ਪੈਰ ਧੋਂਦੇ ਸਨ। ਸ਼ਿੱਬੋ ਹੱਥ-ਪੈਰ ਧੁਆਉਂਦਾ ਸੀ ਕਿਉਂਕਿ ਬੱਚਿਆਂ ਨੂੰ ਖੂਹ ਦੀ ਮੌਣ ਤੇ ਚੜ੍ਹਨ ਦੀ ਸਖ਼ਤ ਮਨਾਹੀ ਸੀ। ਇਸ ਸਭ ਕਾਸੇ ਤੋਂ ਬਾਅਦ ਗੁਰੂ ਜੀ ਕੁਟੀਆ ਵਿੱਚੋਂ ਬਾਹਰ ਆਉਂਦੇ ਸਨ - ਚਮਕਦਾਰ ਚਿੱਟੇ ਧੋਤੀ ਅਤੇ ਕੁੜਤੇ ਵਿੱਚ। ਸਾਰੇ ਬੱਚੇ ਬੋਹੜ ਦੇ ਦਰਖਤ ਹੇਠ ਇੱਕ ਲਾਈਨ ਵਿੱਚ ਖੜ੍ਹੇ ਹੋ ਜਾਂਦੇ ਸਨ ਅਤੇ ਫਿਰ ਪਰਮਾਤਮਾ ਦੀ ਪ੍ਰਾਰਥਨਾ ਕਰਦੇ ਸਨ... 'ਹੇ ਦਿਆਲੂ, ਸਾਨੂੰ ਉਹ ਸ਼ਕਤੀ ਦਿਓ...' ਪ੍ਰਾਰਥਨਾ ਤੋਂ ਬਾਅਦ ਗੁਰੂ ਜੀ ਦਾ ਇੱਕ ਬੋਰਿੰਗ ਭਾਸ਼ਣ ਹੁੰਦਾ ਸੀ ਅਤੇ ਅੰਤ ਵਿੱਚ ਕਿਤਾਬਾਂ 'ਤੇ ਛਪੀ ਸਹੁੰ ਦੀਆਂ ਲਾਈਨਾਂ ਦੁਹਰਾਈਆਂ ਜਾਂਦੀਆਂ ਸਨ - ਭਾਰਤ ਮੇਰਾ ਦੇਸ਼ ਹੈ...ਸਾਰੇ ਭਾਰਤੀ ਮੇਰੇ...।

ਕਿੰਨੀ ਸ਼ਾਨਦਾਰ-ਜਾਨਦਾਰ ਅਤੇ ਪਿਆਰੀ ਪਾਠਸ਼ਾਲਾ ਸੀ... ਕੈਸੇ ਗੁਰੂ ਜੀ ਸਨ, ਜਿਨ੍ਹਾਂ ਦੀ ਮਾਰ ਤੋਂ ਮੁੰਡੇ ਥਰ-ਥਰ ਕੰਬਦੇ ਸਨ... ਕੈਸੀ ਮਾਰ ਪੈਂਦੀ ਸੀ ਪਰ ਮਜਾਲ ਸੀ ਕਿ ਕਦੇ ਘਰ ਵਾਲੇ ਬੱਚੇ ਦੀ ਹਮਾਇਤ ਵਿੱਚ ਆਉਣ!

ਮੈਚ ਖਤਮ ਹੋ ਗਿਆ ਸੀ। ਉਨ੍ਹਾਂ ਦਾ ਧਿਆਨ ਉਦੋਂ ਭੰਗ ਹੋਇਆ ਜਦੋਂ ਸਾਥੀ ਖਿਡਾਰੀ ਨੇੜੇ ਪਈਆਂ ਕੁਰਸੀਆਂ 'ਤੇ ਆ ਬੈਠੇ।

"ਅੱਜ ਬੜੇ ਸੀਰੀਅਸ ਲੱਗ ਰਹੇ ਹੋ, ਸਰ। ਕੀ ਕੋਈ ਗੜਬੜ ਹੈ?" ਕਿਸੇ ਨੇ ਪੁੱਛਿਆ ਤਾਂ ਉਹ ਉੱਠ ਕੇ ਖੜ੍ਹੇ ਹੋ ਗਏ - "ਨਹੀਂ ਯਾਰ, ਕੁਝ ਖਾਸ ਨਹੀਂ, ਚੱਲੋ ਚੱਲੀਏ... ਕੱਲ੍ਹ ਮਿਲਾਂਗੇ।" ਕਾਰ ਦੀ ਚਾਬੀ ਦਾ ਛੱਲਾ ਆਪਣੀ ਉਂਗਲੀ ਵਿੱਚ ਘੁਮਾਉਂਦਿਆਂ ਸਾਹਿਬ ਕਾਰ ਵੱਲ ਵਧੇ।

ਕ੍ਰਿਪਾਲ ਅਤੇ ਰਮਾ ਅਜੇ ਵੀ ਬੰਗਲੇ ਵਿੱਚ ਹੀ ਸਨ। ਉਹ ਕਾਰ ਵਿੱਚੋਂ ਬਾਹਰ ਨਿਕਲੇ। ਉਨ੍ਹਾਂ ਨੇ ਚਾਬੀ ਕ੍ਰਿਪਾਲ ਨੂੰ ਦਿੱਤੀ ਅਤੇ ਉਸਨੇ ਕਾਰ ਗੈਰਾਜ ਵਿੱਚ ਖੜ੍ਹੀ ਕਰ ਦਿੱਤੀ।

"ਰਮਾ, ਤੂੰ ਮੇਰਾ ਖਾਣਾ ਬਣਾ ਕੇ ਰੱਖ ਜਾਇਆ ਕਰ। ਮੈਨੂੰ ਵਾਪਸ ਆਉਣ ਵਿੱਚ ਦੇਰ ਹੋ ਜਾਂਦੀ ਹੈ। ਮੈਂ ਇਕੱਲਾ ਹਾਂ, ਵਿਕਰਮ ਮੈਨੂੰ ਇੱਥੇ ਖਾਣਾ ਖੁਆ ਦੇਵੇਗਾ ਪਰ ਤੇਰੇ ਬੱਚੇ ਤਾਂ ਘਰ ਵਿੱਚ ਤੇਰੀ ਉਡੀਕ ਕਰ ਰਹੇ ਹੋਣਗੇ... ਘਰ ਦੇ ਕੰਮ ਵੀ ਹੁੰਦੇ ਹਨ।"

"ਤੁਸੀਂ ਜਾ ਕੇ ਨਹਾ ਲਓ ਸਾਹਿਬ ਜੀ, ਮੈਂ ਖਾਣਾ ਲਾ ਦਿੰਦੀ ਹਾਂ।" ਉਸਨੇ ਸਾਹਿਬ ਦੀ ਗੱਲ ਨੂੰ ਅਣਸੁਣਿਆਂ ਕਰਦੇ ਹੋਏ ਕਿਹਾ। ਉਹ ਨਹਾਉਣ ਚਲੇ ਗਏ। ਜਾਣਦੇ ਸਨ ਕਿ ਉਹ ਬਹੁਤ ਸੇਵਾ ਕਰਨ ਵਾਲੀ ਔਰਤ ਸੀ। ਇਹਨੂੰ ਵੇਖ ਕੇ ਅਕਸਰ ਮਾਂ ਦੀ ਯਾਦ ਆਉਂਦੀ ਹੈ।

ਮਾਂ, ਜੋ ਪਿੰਡ ਵਿੱਚ ਇਕੱਲੀ ਰਹਿੰਦੀ ਹੈ, ਜਿਸਦਾ ਪੁੱਤਰ ਜ਼ਿਲ੍ਹੇ ਦਾ ਇੱਕ ਵੱਡਾ ਅਫ਼ਸਰ ਹੈ ਅਤੇ ਇਸ ਸ਼ਾਨਦਾਰ ਸਰਕਾਰੀ ਬੰਗਲੇ ਵਿੱਚ ਇਕੱਲਾ ਰਹਿੰਦਾ ਹੈ। ਮਾਂ ਇੱਥੇ ਰਹਿਣ ਲਈ ਤਿਆਰ ਨਹੀਂ ਹੈ। ਉਹ ਚਾਰ ਦਿਨ ਇੱਥੇ ਰਹਿਣ ਤੋਂ ਬਾਅਦ ਅੱਕ ਜਾਂਦੀ ਹੈ ਅਤੇ ਫਿਰ ਪਿੰਡ ਵਾਪਸ ਜਾਣ ਦੀ ਰਟ ਲਗਾਉਂਦੀ ਹੈ। ਪਿੰਡ ਵਿੱਚ ਬਹੁਤ ਵੱਡਾ ਘਰ ਹੈ। ਨਾਲ ਦੇ ਘਰ ਵਿੱਚ ਜੇਠ-ਜਿਠਾਣੀ ਆਪਣੇ ਪੂਰੇ ਪਰਿਵਾਰ ਨਾਲ ਰਹਿੰਦੇ ਹਨ।

ਜਦੋਂ ਉਹ ਪਹਿਲੀ ਵਾਰ ਦਾਦਾ ਜੀ, ਮਾਂ, ਪਿਤਾ ਅਤੇ ਭੈਣ-ਭਰਾਵਾਂ ਨੂੰ ਛੱਡ ਕੇ ਇੱਥੇ ਆਇਆ ਸੀ, ਤਾਂ ਉਸਨੂੰ ਪਤਾ ਹੀ ਨਹੀਂ ਸੀ ਕਿ ਜ਼ਿੰਦਗੀ ਨੇ ਇੱਕ ਨਵਾਂ ਮੋੜ ਲੈ ਲਿਆ ਹੈ। ਘਰ...ਅਤੇ ਘਰ ਦੇ ਲੋਕ ਪਿੱਛੇ ਰਹਿ ਗਏ ਸਨ।

ਉਸ ਦਿਨ ਜਦੋਂ ਉਹ ਪਾਠਸ਼ਾਲਾ ਤੋਂ ਵਾਪਸ ਆਇਆ ਸੀ ਤਾਂ ਘਰ ਵਿੱਚ ਉਦਾਸੀ ਛਾਈ ਹੋਈ ਸੀ। ਅੰਮਾ ਉਸਨੂੰ ਆਪਣੀ ਗੋਦੀ ਵਿੱਚ ਲੈ ਕੇ ਕਾਫ਼ੀ ਦੇਰ ਤੱਕ ਰੋਂਦੀ ਰਹੀ ਸੀ। ਦਾਦਾ ਜੀ ਚੁੱਪ ਸਨ। ਕੋਈ ਕੁਝ ਨਹੀਂ ਕਹਿ ਰਿਹਾ ਸੀ। ਬਾਅਦ ਵਿੱਚ ਪਤਾ ਲੱਗਾ ਕਿ ਉਸਨੂੰ ਪੜ੍ਹਾਈ ਲਈ ਬਾਹਰ ਭੇਜਿਆ ਜਾ ਰਿਹਾ ਸੀ।

ਪਿਤਾ ਜੀ ਨੇ ਦਾਦਾ ਜੀ ਨੂੰ ਦੱਸਿਆ ਸੀ ਕਿ ਨੰਨ੍ਹ ਨੂੰ

ਸੈਨਿਕ ਸਕੂਲ ਵਿੱਚ ਦਾਖਲਾ ਮਿਲ ਗਿਆ ਹੈ। ਸਰਕਾਰ ਖਾਣਾ, ਰਿਹਾਇਸ਼, ਸਕੂਲ ਵਰਦੀ, ਕਿਤਾਬਾਂ, ਕਾਪੀਆਂ, ਫੀਸਾਂ ਆਦਿ ਸਾਰੇ ਖਰਚੇ ਚੁੱਕੇਗੀ। ਲੋਕਾਂ ਦੀਆਂ ਵੱਡੀਆਂ ਸਿਫ਼ਾਰਸ਼ਾਂ ਆਉਂਦੀਆਂ ਹਨ ਪਰ ਫਿਰ ਵੀ ਉਹ ਆਪਣੇ ਬੱਚਿਆਂ ਨੂੰ ਉੱਥੇ ਦਾਖਲ ਨਹੀਂ ਕਰਵਾ ਸਕਦੇ। ਸਾਡੇ ਨੰਨੂ ਨੂੰ ਪਹਿਲੇ ਟੈਸਟ ਵਿੱਚ ਹੀ ਦਾਖਲਾ ਮਿਲ ਰਿਹਾ ਹੈ। ਸੈਨਿਕ ਸਕੂਲ ਦੀ ਗੱਲ ਹੀ ਕੁਝ ਹੋਰ ਹੈ... ਉੱਥੋਂ ਪੜ੍ਹ ਕੇ ਮੁੰਡਾ ਅਫ਼ਸਰ ਬਣ ਕੇ ਹੀ ਆਵੇਗਾ।

ਪਿਤਾ ਜੀ ਨੇ ਦਾਦਾ ਜੀ ਨੂੰ ਮਨਾਉਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਦਾਦਾ ਜੀ ਇੰਨੀ ਛੋਟੀ ਉਮਰ ਵਿੱਚ ਉਹਨੂੰ ਬਾਹਰ ਭੇਜਣ ਲਈ ਬਿਲਕੁਲ ਵੀ ਤਿਆਰ ਨਹੀਂ ਸਨ।

"ਠੀਕ ਹੈ। ਜੇ ਤੁਸੀਂ ਇਹੋ ਚਾਹੁੰਦੇ ਹੋ ਕਿ ਬੱਚੇ ਵੱਡੇ ਹੋ ਕੇ ਭੀਖ ਮੰਗਣ ਤਾਂ ਉਸਨੂੰ ਨਾ ਭੇਜੋ... ਅੱਜਕੱਲ੍ਹ ਉੱਚ ਜਾਤੀ ਦੇ ਲੋਕਾਂ ਲਈ ਨੌਕਰੀਆਂ ਕਿੱਥੇ ਹਨ... ਲੱਖਾਂ ਬੀ.ਏ. ਪਾਸ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ।"

ਇਹ ਕਹਿ ਕੇ ਪਿਤਾ ਜੀ ਚੁੱਪ ਹੋ ਗਏ। ਦਾਦਾ ਜੀ ਨੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਸੀ। ਸ਼ਾਇਦ ਉਹ ਸੋਚ ਰਹੇ ਸਨ ਕਿ ਗਿਆਨ ਸਹੀ ਕਹਿ ਰਿਹਾ ਹੈ। ਉਨ੍ਹਾਂ ਨੂੰ ਆਪਣੀ ਮੋਹ-ਮਮਤਾ ਕਾਰਨ ਬੱਚੇ ਦਾ ਭਵਿੱਖ ਖਰਾਬ ਕਰਨ ਦਾ ਕੀ ਹੱਕ ਹੈ? ਪਰ ਛੋਟਾ ਬੱਚਾ ਘਰ ਤੋਂ ਇੰਨੀ ਦੂਰ ਕਿਵੇਂ ਰਹੇਗਾ? ਕੁਝ ਦੇਰ ਸੋਚਣ ਤੋਂ ਬਾਅਦ ਉਨ੍ਹਾਂ ਨੇ ਕਿਹਾ, "ਸੁਣਿਆ ਹੈ ਕਿ ਸੈਨਿਕ ਸਕੂਲ ਵਿੱਚ ਤਾਂ ਬਹੁਤ ਸਖ਼ਤੀ ਵਰਤਦੇ ਹਨ..."

ਪਿਤਾ ਜੀ ਨੇ ਦਾਦਾ ਜੀ ਦੇ ਮਨ ਵਿੱਚ ਚੱਲ ਰਹੇ ਅੰਦਰੂਨੀ ਖਿਚੋਤਾਣ ਨੂੰ ਮਹਿਸੂਸ ਕਰ ਲਿਆ ਸੀ। ਕੂਟਨੀਤੀ ਦੀ ਵਰਤੋਂ ਕਰਦਿਆਂ ਉਨ੍ਹਾਂ ਨੇ ਕਿਹਾ ਸੀ- "ਮਿਲਟਰੀ ਵਾਲੇ ਵੀ ਇਨਸਾਨ ਹੁੰਦੇ ਹਨ। ਉਨ੍ਹਾਂ ਦੇ ਵੀ ਬਾਲ-ਬੱਚੇ ਹੁੰਦੇ ਹਨ। ਇਹ ਠੀਕ ਹੈ ਕਿ ਉਹ ਅਨੁਸ਼ਾਸਨ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ ਪਰ ਉਹ ਇਹ ਸਭ ਬੱਚੇ ਦੇ ਭਲੇ ਲਈ ਹੀ ਕਰਦੇ ਹਨ। ਜਦੋਂ ਮੁੰਡਾ ਅਫਸਰ ਬਣ ਕੇ ਆਵੇਗਾ ਤਾਂ ਸਭ ਤੋਂ ਜ਼ਿਆਦਾ ਖੁਸ਼ੀ ਤੁਹਾਨੂੰ ਹੀ ਹੋਵੇਗੀ।"

"ਮੈਂ ਕੀ ਉਦੋਂ ਤੱਕ ਬੈਠਾ ਰਹਾਂਗਾ..." ਕੁਝ ਚਿਰ ਰੁਕ ਕੇ ਉਨ੍ਹਾਂ ਨੇ ਕਿਹਾ, "ਉਹਨੂੰ ਮਹੀਨੇ ਵਿੱਚ ਇੱਕ ਵਾਰ ਤਾਂ ਆਉਣ ਦੇਣਗੇ ਨਾ..."

"ਮਹੀਨੇ ਵਿੱਚ ਤਾਂ ਨਹੀਂ, ਪਰ ਹਾਂ, ਹੋਲੀ-ਦੀਵਾਲੀ 'ਤੇ ਹਫ਼ਤੇ-ਦਸ ਦਿਨਾਂ ਦੀ ਛੁੱਟੀ ਕਰ ਦਿੰਦੇ ਹਨ... ਤੁਸੀਂ ਤਾਂ ਇਉਂ ਘਬਰਾ ਰਹੇ ਹੋ..."

"ਬਸ-ਬਸ... ਠੀਕ ਹੈ। ਜਿਵੇਂ ਤੂੰ ਚਾਹੇਂ ਕਰ ਲੈ... ਕੱਲ੍ਹ ਨੂੰ ਮੈਨੂੰ ਇਹ ਕਲੰਕ ਤਾਂ ਨਹੀਂ ਸਹਿਣਾ ਪਵੇਗਾ ਕਿ ਬੁੱਢੇ ਨੇ ਆਪਣੀ ਮੋਹ-ਮਮਤਾ ਕਾਰਨ ਮੁੰਡੇ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ।" ਦਾਦਾ ਜੀ ਨੇ ਆਪਣੀ ਖੂੰਡੀ ਚੁੱਕੀ ਅਤੇ ਰੋਜ਼ ਵਾਂਗ ਸੈਰ ਲਈ ਬਾਹਰ ਚਲੇ ਗਏ।

ਰਾਤ ਨੂੰ ਉਹ ਅੰਮਾ ਨਾਲ ਚਿੰਬੜ ਕੇ ਸੌਂਦਾ ਸੀ। ਉਸਨੂੰ ਉਹ ਰਾਤ ਯਾਦ ਹੈ ਜਦੋਂ ਅੰਮਾ ਅਤੇ ਪਿਤਾ ਜੀ ਵਿੱਚ ਝਗੜਾ ਹੋਇਆ ਸੀ। ਅੰਮਾ ਉਸਨੂੰ ਬਾਹਰ ਭੇਜਣ ਲਈ ਤਿਆਰ ਨਹੀਂ ਸੀ ਅਤੇ ਪਿਤਾ ਜੀ ਆਪਣੀ ਜ਼ਿੱਦ 'ਤੇ ਅੜੇ ਹੋਏ ਸਨ -

"ਤੂੰ ਸਮਝਦੀ ਕਿਉਂ ਨਹੀਂ? ਇਸ ਥੋੜ੍ਹੀ ਜਿਹੀ ਤਨਖਾਹ ਨਾਲ ਅੱਠ ਜਣਿਆਂ ਦੇ ਖਰਚੇ ਚਲਾਉਣੇ ਔਖੇ ਹੁੰਦੇ ਜਾ ਰਹੇ ਹਨ। ਬੱਚਿਆਂ ਨੂੰ ਪੜ੍ਹਾਉਣਾ-ਲਿਖਾਉਣਾ ਹੈ ਅਤੇ ਇਨ੍ਹਾਂ ਦੇ ਵਿਆਹ-ਸ਼ਾਦੀ ਕਰਨੇ ਹਨ। ਪ੍ਰਾਇਮਰੀ ਸਕੂਲ ਦੀ ਮਾਸਟਰੀ ਵਿੱਚ ਮੈਨੂੰ ਮਿਲਦਾ ਹੀ ਕੀ ਹੈ? ਕੀ ਤੂੰ ਚਾਹੁੰਦੀ ਹੈਂ ਕਿ ਮੁੰਡੇ ਵੱਡੇ ਹੋ ਕੇ ਚੰਗਾ ਕੰਮ-ਕਾਜ ਨਾ ਕਰਨ...?"

"ਕਿਉਂ ਕੰਮ-ਕਾਜ ਨਾ ਕਰਨ? ਥੋੜ੍ਹਾ ਜਿਹਾ ਵੀ ਪੜ੍ਹ-ਲਿਖ ਗਏ ਤਾਂ ਪੁਰੋਹਿਤਪੁਣਾ ਤਾਂ ਕਰ ਹੀ ਲੈਣਗੇ। ਪਿਤਾ ਜੀ ਨੇ ਆਪਣੀ ਜ਼ਿੰਦਗੀ ਇਸੇ ਕੰਮ ਵਿੱਚ ਕੱਢ ਲਈ..."

"ਉਹ ਦਿਨ ਲੰਘ ਗਏ। ਹੁਣ ਲੋਕਾਂ ਵਿੱਚ ਪਹਿਲਾਂ ਵਰਗਾ ਧਰਮ-ਕਰਮ ਨਹੀਂ ਰਿਹਾ ਅਤੇ ਨਾ ਹੀ ਅੱਜਕੱਲ੍ਹ ਦੇ ਮੁੰਡੇ ਪੁਰੋਹਿਤਪੁਣਾ ਕਰ ਸਕਣਗੇ। ਇਹ ਵੀ ਸਾਲ਼ਾ ਕੋਈ ਧੰਦਾ ਹੈ, ਘਰ-ਘਰ ਜਾ ਕੇ ਜ਼ਬਰਦਸਤੀ ਆਪਣੀ ਪੂਜਾ ਕਰਵਾਓ ਅਤੇ ਦਕਸ਼ਿਣਾ ਦੇ ਨਾਮ 'ਤੇ ਸਾਲ਼ੀ ਭੀਖ ਮੰਗੋ..."

"ਜੇ ਕਿਸਮਤ ਵਿੱਚ ਭੀਖ ਮੰਗਣੀ ਹੀ ਲਿਖੀ ਹੈ ਤਾਂ ਭੀਖ ਹੀ ਸਹੀ... ਮੈਂ ਮੁੰਡੇ ਨੂੰ ਭੇਜਣ ਵਾਲ਼ੀ ਨਹੀਂ..."

"ਤੂੰ ਤਾਂ ਸਾਲ਼ੀ ਅਨਪੜ੍ਹ-ਗੰਵਾਰ ਔਰਤ ਹੈਂ। ਬਜ਼ੁਰਗਾਂ ਨੇ ਠੀਕ ਹੀ ਕਿਹਾ ਹੈ ਕਿ ਔਰਤ ਦੀ ਮੱਤ ਗੁੱਤ ਪਿੱਛੇ ਹੁੰਦੀ ਹੈ। ਜੇ ਮੈਂ ਤੇਰਾ ਝਾਟਾ ਫੜ ਕੇ ਤੇਰੇ ਦੋ ਜੜ ਦਿਆਂ ਤਾਂ ਸਾਰੀ ਗੱਲ ਸਮਝ ਵਿੱਚ ਆ ਜਾਵੇਗੀ।"

ਅੰਮਾ ਚੁੱਪਚਾਪ ਸੁਣਦੀ ਰਹੀ। ਪਿਤਾ ਜੀ ਦਾ ਗੁੱਸਾ ਭੜਕ ਉੱਠਿਆ ਸੀ। ਉਹ ਜਾਣਦੀ ਸੀ ਕਿ ਹੁਣ ਜ਼ਿਆਦਾ ਬੋਲਣਾ ਅੱਗ ਵਿੱਚ ਤੇਲ ਪਾਉਣ ਵਾਂਗ ਹੋਵੇਗਾ। ਕੁਝ ਸਮੇਂ ਲਈ ਖਾਮੋਸ਼ੀ ਛਾਈ ਰਹੀ। ਕੁਝ ਸਮੇਂ ਬਾਅਦ ਆਵਾਜ਼ ਨੂੰ ਬਹੁਤ

ਮੁਲਾਇਮ ਬਣਾ ਕੇ ਪਿਤਾ ਜੀ ਨੇ ਕਿਹਾ – "ਬੁੱਢਾ ਪਿਛਲੇ ਸਾਲ ਰਿਟਾਇਰ ਹੋ ਗਿਆ ਸੀ... ਉਹ ਹੋਰ ਕਿੰਨੇ ਦਿਨ ਜੀਵੇਗਾ... ਚਾਲੀ ਵਿੱਘੇ... ਚਾਲੀ ਵਿੱਘੇ ਜ਼ਮੀਨ ਬਹੁਤ ਉਪਜਾਊ ਹੈ... ਕੱਲ੍ਹ ਮਰਿਆ ਪਰਸੋਂ ਅਗਲਾ ਦਿਨ... ਲੱਖਾਂ ਦੀ ਜਾਇਦਾਦ ਅਤੇ ਚਾਲ਼ੀ ਵਿੱਘੇ ਜ਼ਮੀਨ ਤੇਰੇ ਮੁੰਡੇ ਦੇ ਨਾਮ ਹੋਵੇਗੀ ਕਿ ਨਹੀਂ..."

"ਮੈਂ ਨਹੀਂ ਵੇਚਣਾ ਆਪਣੇ ਮੁੰਡੇ ਨੂੰ... ਮੈਨੂੰ ਲੱਖਾਂ ਦੀ ਜਾਇਦਾਦ ਅਤੇ ਚਾਲ਼ੀ ਵਿੱਘੇ ਜ਼ਮੀਨ ਨਹੀਂ ਚਾਹੀਦੀ..."

"ਓਏ ਮੂਰਖੇ !... ਇਸ ਵਿੱਚ ਵੇਚਣ ਵਾਲ਼ੀ ਕਿਹੜੀ ਗੱਲ ਹੈ? ਅਗਲਾ ਗੋਦ ਲੈ ਰਿਹਾ ਹੈ, ਗੋਦ ਦੀ ਪੱਕੀ ਰਸਮ ਕਰਵਾ ਰਿਹਾ ਹੈ... ਤੂੰ ਦਿਲ ਤੋਂ ਨਹੀਂ, ਦਿਮਾਗ ਨਾਲ ਸੋਚ ਕੇ ਵੇਖ... ਪੰਜ-ਸੱਤ ਸਾਲਾਂ ਦੀ ਗੱਲ ਹੈ... ਬੁੱਢੇ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਫਿਰ ਸਾਡਾ ਬੇਟਾ ਸਾਡੇ ਕੋਲ... ਕੀ ਕਦੇ ਨਹੁੰਆਂ ਤੋਂ ਮਾਸ ਵੱਖ ਹੁੰਦਾ ਹੈ?... ਜ਼ਰਾ ਸੋਚ, ਸਾਡੀ ਸਭ ਦੀ ਕਿਸਮਤ ਬਦਲ ਜਾਵੇਗੀ..."

"ਕਹਿ ਦਿੱਤਾ ਨਾ ਕਿ ਮੈਂ ਆਪਣਾ ਬੇਟਾ ਨਹੀਂ ਦੇਣਾ।"

"ਤੇਰੇ ਤਿੰਨ ਬੇਟੇ ਹਨ, ਸਮਝ ਲੈ ਕਿ ਇੱਕ ਰੱਬ ਨੂੰ ਪਿਆਰਾ ਹੋ ਗਿਆ ਹੈ..."

"ਤੂੰ ਬੰਦਾ ਹੈਂ ਕਿ ਕਸਾਈ? ਮੈਨੂੰ ਜ਼ਹਿਰ ਲਿਆ ਕੇ ਦੇ ਦੇਹ ਫਿਰ ਤੇਰੇ ਜੀਅ ਵਿੱਚ ਜੋ ਆਏ ਕਰ।" ਅੰਮਾ ਰੋਣ ਲੱਗ ਪਈ... "ਮੈਂ ਕਦੇ ਤੇਰੇ ਵਰਗਾ ਘਟੀਆ ਆਦਮੀ ਨਹੀਂ ਵੇਖਿਆ..." ਅੰਮਾ ਨੇ ਤੜਪ ਕੇ ਉਹਨੂੰ ਸੀਨੇ ਨਾਲ ਘੁੱਟ ਲਿਆ ਅਤੇ ਰੋਂਦੀ ਰਹੀ। ਉਹ ਸਹਿਮਿਆ ਹੋਇਆ ਉਹਦੇ ਨਾਲ ਚਿੰਬੜਿਆ ਰਿਹਾ ਸੀ ਅਤੇ ਪਤਾ ਨਹੀਂ ਕਦੋਂ ਉਹਨੂੰ ਨੀਂਦ ਅਾ ਗਈ ਸੀ।

"ਖਾਣਾ ਲਾ ਦਿੱਤਾ ਹੈ ਸਾਹਿਬ ਜੀ।" ਜਦੋਂ ਕ੍ਰਿਪਾਲ ਨੇ ਉਸਨੂੰ ਬੁਲਾਇਆ, ਤਾਂ ਉਹ ਆਪਣੇ ਕਮਰੇ ਤੋਂ ਉੱਠ ਕੇ ਲਾਬੀ ਵਿੱਚ ਆ ਗਿਆ।

"ਕ੍ਰਿਪਾਲ, ਤੁਸੀਂ ਦੋਵੇਂ ਕੱਲ੍ਹ ਤੋਂ ਜਲਦੀ ਘਰ ਚਲੇ ਜਾਇਆ ਕਰੋ। ਮੈਨੂੰ ਚੰਗਾ ਨਹੀਂ ਲੱਗਦਾ...।"

"ਸਾਹਿਬ ਜੀ, ਇੰਨੀ ਲੰਬੀ ਸਰਕਾਰੀ ਨੌਕਰੀ ਵਿੱਚ ਤੁਸੀਂ ਪਹਿਲੇ ਅਫ਼ਸਰ ਹੋ ਜਿਸਨੇ ਸਾਨੂੰ ਇੰਨਾ ਸਤਿਕਾਰ ਦਿੱਤਾ ਹੈ। ਮੈਂ ਵੀਹ ਸਾਲਾਂ ਤੋਂ ਸਾਹਿਬਾਂ ਦਾ ਡਰਾਈਵਰ ਹਾਂ ਪਰ ਕਿਸੇ ਨੇ ਮੈਨੂੰ ਆਪਣੇ ਬੰਗਲੇ ਦੀ ਦਹਿਲੀਜ਼ 'ਤੇ ਚੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ। ... ਅਤੇ ਰਮਾ ਦਾ ਕੰਮ ਤਾਂ ਇੱਕ ਸਫ਼ਾਈ ਸੇਵਕਾ ਦਾ ਹੈ ... ਸਾਹਿਬ ਲੋਕਾਂ ਦੀ ਮੇਮ ਇਸਤੋਂ ਬੰਗਲੇ ਵਿੱਚ ਝਾੜੂ-ਪੋਚਾ ਵੀ ਨਹੀਂ ਕਰਵਾਉਂਦੀਆਂ ਸਨ ... ਅਤੇ ਇੱਕ ਤੁਸੀਂ ਹੋ ਜੋ ਰਮਾ ਤੋਂ ਖਾਣਾ ਬਣਵਾਉਂਦੇ ਹੋ ਅਤੇ ਇਸਦੇ ਲਈ ਉਸਨੂੰ ਵੱਖਰੇ ਤੌਰ 'ਤੇ ਪੈਸੇ ਵੀ ਦਿੰਦੇ ਹੋ ... ਤੁਸੀਂ ਇੱਕ ਦੇਵਤਾ ਹੋ ਸਰ ਜੀ..."

"ਕ੍ਰਿਪਾਲ, ਬੇਕਾਰ ਦੀਆਂ ਗੱਲਾਂ ਨਾ ਕਰ। ਗੁਲਾਮੀ ਦੀ ਬਦਬੂ ਸਾਡੇ ਦਿਮਾਗ਼ ਵਿੱਚ ਵੱਸੀ ਹੋਈ ਹੈ। ਜਿੰਨਾ ਚਿਰ ਸਾਡੀ ਸੋਚ ਛੋਟੀ ਰਹੇਗੀ, ਅਸੀਂ ਮਾਰ ਸਹਿੰਦੇ ਰਹਾਂਗੇ... ਜੇ ਤੁਸੀਂ ਇਨਸਾਨ ਹੋ ਤਾਂ ਤੁਹਾਨੂੰ ਆਪਣਾ ਸਿਰ ਉੱਚਾ ਕਰਕੇ ਇਨਸਾਨ ਵਾਂਗ ਜੀਣਾ ਸਿੱਖਣਾ ਪਵੇਗਾ..."

ਰਾਤ ਦਾ ਖਾਣਾ ਖਾਣ ਤੋਂ ਬਾਅਦ ਸਾਹਿਬ ਨੇ ਦੋਵਾਂ ਨੂੰ ਘਰ ਭੇਜ ਦਿੱਤਾ। ਵਿਕਰਮ ਪਹਿਲਾਂ ਹੀ ਚਲਾ ਗਿਆ ਸੀ। ਉਹ ਬਾਹਰ ਆ ਗਏ। ਉਨ੍ਹਾਂ ਨੇ ਬਾਲਕੋਨੀ ਦੀ ਲਾਈਟ ਜਗਾਈ ਅਤੇ ਬੰਗਲੇ ਦੇ ਸੁੰਦਰ ਲਾਅਨ ਵਿੱਚ ਘਾਹ 'ਤੇ ਤੁਰਨ ਲੱਗੇ। ਪਿਛਲੇ ਜੀਵਨ ਦੀ ਕਿਤਾਬ ਦਾ ਇੱਕ ਪੰਨਾ ਫਿਰ ਤੋਂ ਫੜਫੜਾਉਣ ਲੱਗਾ...

ਅੰਮਾ ਅਤੇ ਦਾਦਾ ਜੀ ਨੂੰ ਰੋਂਦਿਆਂ ਛੱਡ ਕੇ ਪਿਤਾ ਜੀ ਉਸਨੂੰ ਲੈ ਕੇ ਸਵੇਰ ਦੀ ਬੱਸ ਰਾਹੀਂ ਜੈਪੁਰ ਆ ਗਏ। ਉਸਨੇ ਜੈਪੁਰ ਸਟੇਸ਼ਨ 'ਤੇ ਪਿਤਾ ਜੀ ਨਾਲ ਦੁਪਹਿਰ ਦਾ ਖਾਣਾ ਖਾਧਾ ਸੀ। ਸਾਰਾ ਦਿਨ ਰੇਲਗੱਡੀ ਦੇ ਸਫ਼ਰ ਵਿੱਚ ਬੀਤਿਆ। ਸ਼ਾਮ ਹੁੰਦਿਆਂ ਉਸਨੂੰ ਅੰਮਾ ਦੀ ਯਾਦ ਸਤਾਉਣ ਲੱਗੀ। ਉਹ ਰੋ ਰਿਹਾ ਸੀ... ਚਿੰਤਿਤ ਪਿਤਾ ਜੀ ਨੇ ਉਸਨੂੰ ਕਿਸੇ ਸਟੇਸ਼ਨ 'ਤੇ ਪੇੜੇ ਖਰੀਦ ਕੇ ਦਿਵਾਏ। ਉਹ ਮਠਿਆਈ ਲੈ ਕੇ ਖੁਸ਼ ਸੀ ਪਰ ਕੁਝ ਦੇਰ ਬਾਅਦ ਉਹ ਫਿਰ ਰੋਣ ਲੱਗ ਪਿਆ।

"ਵੇਖ, ਚੁੱਪ ਕਰਕੇ ਬੈਠ... ਜਿੱਥੇ ਤੂੰ ਜਾ ਰਿਹਾ ਹੈਂ ਉੱਥੇ ਤੈਨੂੰ ਬਹੁਤ ਸਾਰੇ ਖਿਡੌਣੇ ਮਿਲਣਗੇ... ਰੋਜ਼ ਮਠਿਆਈ ਮਿਲੇਗੀ... ਉਹ ਲੋਕ ਤੈਨੂੰ ਤਿੰਨ ਪਹੀਆਂ ਵਾਲੀ ਸਾਈਕਲ ਲੈ ਕੇ ਦੇਣਗੇ... ਹੁਣ ਤੂੰ ਉੱਥੇ ਇੱਕ ਬਹੁਤ ਵਧੀਆ ਸਕੂਲ ਵਿੱਚ ਪੜ੍ਹੇਂਗਾ..." ਪਿਤਾ ਜੀ ਪਤਾ ਨਹੀਂ ਕੀ-ਕੀ ਕਹਿੰਦੇ ਰਹੇ ਅਤੇ ਉਹਨੂੰ ਨੀਂਦ ਆ ਗਈ।

ਜਦੋਂ ਅੱਖ ਖੁੱਲ੍ਹੀ ਤਾਂ ਉਹ ਪਿਤਾ ਜੀ ਦੀ ਗੋਦ ਵਿੱਚ ਸੀ। ਗੱਡੀ ਜਾ ਚੁੱਕੀ ਸੀ ਅਤੇ ਡੇਗਾਨਾ ਸਟੇਸ਼ਨ 'ਤੇ ਬਹੁਤ ਘੱਟ ਲੋਕ ਸਨ। ਪਿਤਾ ਜੀ ਨੇ ਉੱਥੇ ਖੜ੍ਹੇ ਇੱਕ ਆਦਮੀ ਦੀ ਗੋਦ ਵਿੱਚ ਉਹਨੂੰ ਦੇਣ ਦੀ ਕੋਸ਼ਿਸ਼ ਕੀਤੀ ਪਰ ਨਾਲ ਵਾਲੀ ਔਰਤ ਨੇ ਅੱਗੇ ਆ ਕੇ ਉਹਨੂੰ ਲੈ ਲਿਆ। ਉਹ ਰੋ ਰਿਹਾ ਸੀ – "ਤੂੰ ਇਹਨੂੰ ਚੁੱਪ

ਕਰਾ। ਮੈਂ ਇਹਦੇ ਲਈ ਜਲੇਬੀਆਂ ਲੈ ਕੇ ਆਉਂਦਾ ਹਾਂ।'' ਪਿਤਾ ਜੀ ਨੇ ਕਿਹਾ ਅਤੇ ਪਿੱਛੇ ਮੁੜ ਕੇ ਤੇਜ਼ੀ ਨਾਲ ਚਲੇ ਗਏ।

ਉਨ੍ਹਾਂ ਦੋਵਾਂ ਨਾਲ ਉਹ ਪਿੰਡ ਆ ਗਿਆ ਸੀ। ਹੁਣ ਇਹੋ ਉਸਦਾ ਘਰ ਸੀ। ਅੰਮਾ ਅਤੇ ਪਿਤਾ ਜੀ ਦੀ ਥਾਂ ਉਨ੍ਹਾਂ ਨੇ ਉਸਨੂੰ ਮਾਂ ਅਤੇ ਬਾਪੂ ਕਹਿਣਾ ਸਿਖਾਇਆ ਸੀ। ਅਗਲੇ ਕੁਝ ਦਿਨ ਉਹ ਰੋਂਦਾ-ਕਲਪਦਾ ਰਿਹਾ ਪਰ ਜਦੋਂ ਵੀ ਉਸਦਾ ਰੋਣਾ ਲਗਾਤਾਰ ਹੁੰਦਾ ਸੀ, ਬਾਪੂ ਉਸਦੇ ਸਾਹਮਣੇ ਇੱਕ ਨਵਾਂ ਖਿਡੌਣਾ ਰੱਖ ਦਿੰਦੇ। ਉਸਦੇ ਕੋਲ ਨਵੇਂ ਖਿਡੌਣਿਆਂ ਦਾ ਢੇਰ ਲੱਗ ਗਿਆ ਸੀ। ਰਾਤ ਨੂੰ ਅੰਮਾ ਦੀ ਯਾਦ ਸਤਾਉਣ ਲੱਗਦੀ। ਮਾਂ ਉਹਨੂੰ ਆਪਣੀ ਛਾਤੀ 'ਤੇ ਲਿਟਾ ਲੈਂਦੀ ਅਤੇ ਉਸਦੀ ਪਿੱਠ ਥਪਥਪਾਉਂਦੀ ਰਹਿੰਦੀ। "ਸੁਣ, ਮੈਂ ਤੈਨੂੰ ਇੱਕ ਪਰੀ ਦੀ ਕਹਾਣੀ ਸੁਣਾਉਂਦੀ ਹਾਂ... ਇੱਕ ਪਰੀ ਸੀ..." ਅਤੇ ਕਹਾਣੀ ਸੁਣਦੇ-ਸੁਣਦੇ ਉਹ ਸੌਂ ਜਾਂਦਾ। ਨਵੇਂ ਘਰ ਵਿੱਚ ਨਾ ਲਾਡ-ਪਿਆਰ ਦੀ ਕਮੀ ਸੀ, ਨਾ ਹੀ ਸੁੱਖ-ਸਹੂਲਤਾਂ ਦੀ। ਬੱਚੇ ਦਾ ਮਨੋਰੰਜਨ ਭਲਾ ਕਿਵੇਂ ਨਾ ਹੁੰਦਾ! ਇਸ ਲਈ ਉਹ ਵੀ ਅੰਮਾ, ਦਾਦਾ ਜੀ, ਗੁਰੂ ਜੀ, ਸ਼ਿੱਬੋ... ਅਤੇ ਭੈਣ-ਭਰਾਵਾਂ ਨੂੰ ਭੁੱਲਦਾ ਚਲਾ ਗਿਆ।

ਬਾਪੂ ਨੇ ਉਸਨੂੰ ਨਾਗੌਰ ਦੇ ਅੰਗਰੇਜ਼ੀ ਮਾਧਿਅਮ ਵਾਲੇ ਸੇਂਟ ਪੀਟਰਜ਼ ਪਬਲਿਕ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਇਸ ਵਾਰ ਜਦੋਂ ਉਸਦਾ ਦਾਖਲਾ ਫਾਰਮ ਭਰਿਆ ਗਿਆ ਤਾਂ ਸਭ ਕੁਝ ਬਦਲ ਗਿਆ ਸੀ। ਨਾਮ ਰਾਜਕੁਮਾਰ, ਜਨਮ ਮਿਤੀ... ਬੱਚੇ ਦੇ ਗੋਦ ਲੈਣ ਦੀ ਰਸਮ ਦੀ ਮਿਤੀ... ਉਮਰ ਇੱਕ ਸਾਲ ਘਟਾ ਕੇ ਲਿਖਾਈ ਗਈ ਸੀ। ਪਿਤਾ ਦਾ ਨਾਮ ਮੂਲਚੰਦ ਜਾਟਵ, ਪਿੰਡ ਨਵਾਸਰ, ਤਹਿਸੀਲ ਡੇਗਾਨਾ, ਜ਼ਿਲ੍ਹਾ ਨਾਗੌਰ।

ਬਾਪੂ ਨੇ ਗੋਦ ਲਏ ਪੁੱਤਰ ਦੀ ਪਛਾਣ ਦਾ ਕੋਈ ਪੁਰਾਣਾ ਨਿਸ਼ਾਨ ਬਾਕੀ ਨਹੀਂ ਛੱਡਿਆ ਸੀ। ਮੁੰਡੇ ਨੂੰ ਗੋਦ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਗਿਆਨੇਂਦਰ ਨੂੰ ਸਾਫ਼-ਸਾਫ਼ ਕਹਿ ਦਿੱਤਾ ਸੀ ਕਿ ਗੋਦ ਲੈਣ ਦੀ ਰਸਮ ਤੋਂ ਬਾਅਦ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਕਦੇ ਵੀ ਮੁੰਡੇ ਨੂੰ ਮਿਲਣ ਨਹੀਂ ਆਓਗੇ। ਅਸੀਂ ਵੀ ਕਦੇ ਮੁੰਡੇ ਨੂੰ ਤੁਹਾਡੇ ਬਾਰੇ ਨਹੀਂ ਦੱਸਾਂਗੇ, ਨਾ ਮਿਲਣ ਦਿਆਂਗੇ। ਤੁਸੀਂ ਲੋਕ ਚੰਗੀ ਤਰ੍ਹਾਂ ਸੋਚ ਲਵੋ... ਪਿਤਾ ਜੀ ਨੇ ਬਾਪੂ ਦੀਆਂ ਸਾਰੀਆਂ ਗੱਲਾਂ ਮੰਨ ਲਈਆਂ ਸਨ। ਨਾ ਸਿਰਫ਼ ਮੰਨੀਆਂ ਸਨ ਸਗੋਂ ਉਨ੍ਹਾਂ ਦੀ ਅੱਖਰ-ਅੱਖਰ ਪਾਲਣਾ ਵੀ ਕੀਤੀ ਸੀ। ਜਦੋਂ ਉਹ ਵੱਡਾ ਹੋਇਆ ਤਾਂ ਉਸਨੂੰ ਇਨ੍ਹਾਂ ਗੱਲਾਂ ਬਾਰੇ ਪਤਾ ਲੱਗਿਆ ਸੀ।

ਇੱਕ ਗੱਲ ਜੋ ਉਸਨੂੰ ਅਜੇ ਵੀ ਸਮਝ ਨਹੀਂ ਆਈ ਕਿ ਬਾਪੂ ਨੇ ਸਕੂਲ ਰਜਿਸਟਰ ਵਿੱਚ ਉਹਦਾ ਨਾਮ ਰਾਜਕੁਮਾਰ ਕਿਉਂ ਲਿਖਵਾਇਆ ਸੀ, ਰਾਜਕੁਮਾਰ ਜਾਟਵ ਕਿਉਂ ਨਹੀਂ, ਜਦ ਕਿ ਰਜਿਸਟਰ ਦੇ ਜਾਤੀ ਵਾਲ਼ੇ ਕਾਲਮ ਵਿੱਚ ਜਾਟਵ ਹੀ ਲਿਖਿਆ ਗਿਆ ਸੀ। ਬਾਪੂ ਦੇ ਮਨ ਵਿੱਚ ਜੋ ਵੀ ਕਾਰਨ ਰਿਹਾ ਹੋਵੇ, ਹੁਣ ਉਹ ਮੂਲਚੰਦ ਜਾਟਵ ਦਾ ਪੁੱਤਰ ਰਾਜਕੁਮਾਰ ਸੀ।

ਅੰਮਾ ਨੇ ਬਾਅਦ ਵਿੱਚ ਬਹੁਤ ਸਾਰੀਆਂ ਗੱਲਾਂ ਦੱਸੀਆਂ ਸਨ ਜਦੋਂ ਉਹ ਇੱਕ ਵਾਰ ਭੱਜ ਕੇ ਧੌਲਪੁਰ ਆ ਗਿਆ ਸੀ।

ਉਸ ਦਿਨ ਉਸਨੇ ਕਿੰਨੀ ਮੂਰਖਤਾ ਭਰੀ ਗੱਲ ਕੀਤੀ ਸੀ? ਉਹ ਉਦੋਂ ਦਸਵੀਂ ਜਮਾਤ ਵਿੱਚ ਸੀ ਅਤੇ ਆਪਣੀਆਂ ਛਿਮਾਹੀ ਪ੍ਰੀਖਿਆਵਾਂ ਦੇਣ ਤੋਂ ਬਾਅਦ ਸਰਦੀ ਦੀਆਂ ਛੁੱਟੀਆਂ ਵਿੱਚ ਪਿੰਡ ਆਇਆ ਹੋਇਆ ਸੀ। ਉਦੋਂ ਤੱਕ ਟੈਲੀਵਿਜ਼ਨ ਪਿੰਡਾਂ ਵਿੱਚ ਤਾਂ ਕੀ ਰਾਜਸਥਾਨ ਦੇ ਸ਼ਹਿਰਾਂ ਵਿੱਚ ਵੀ ਨਹੀਂ ਆਏ ਸਨ। ਦੋਸਤਾਂ ਨੇ ਦੱਸਿਆ ਕਿ ਸਿਨੇਮਾ ਹਾਲ ਵਿੱਚ 'ਬੌਬੀ' ਲੱਗੀ ਹੈ। ਬਹੁਤ ਵਧੀਆ ਫਿਲਮ ਹੈ। ਕੁਝ ਦਿਨ ਪਹਿਲਾਂ ਇੱਕ ਮੁੰਡਾ ਵੇਖ ਕੇ ਆਇਆ ਸੀ। ਉਸਨੇ ਬੌਬੀ ਦੀ ਅਜਿਹੀ ਪ੍ਰਸ਼ੰਸਾ ਕੀਤੀ ਕਿ ਹੀਰੋਇਨ ਦਾ ਨੰਗਾ ਸਰੀਰ ਮੁੰਡਿਆਂ ਦੇ ਲਹੂ ਵਿੱਚ ਉਬਾਲੇ ਖਾਣ ਲੱਗਾ। ਉਨ੍ਹਾਂ ਨੇ ਘਰੋਂ ਭੱਜ ਕੇ ਫਿਲਮ ਦੇਖਣ ਦੀ ਯੋਜਨਾ ਬਣਾਈ। ਯੋਜਨਾ ਮੈਟਿਨੀ ਸ਼ੋਅ ਦੀ ਸੀ। ਬਾਰਾਂ ਵਜੇ ਡੇਗਾਨਾ ਚੱਲਦੇ ਹਾਂ... ਦੋ-ਢਾਈ ਵਜੇ ਤੱਕ ਪਹੁੰਚ ਜਾਵਾਂਗੇ। ਤਿੰਨ ਵਜੇ ਦਾ ਸ਼ੋਅ ਛੇ ਵਜੇ ਖਤਮ ਹੁੰਦਾ ਹੈ। ਸਾਢੇ ਛੇ ਦੀ ਆਖਰੀ ਬੱਸ ਫੜ ਕੇ ਅੱਠ-ਸਾਢੇ ਅੱਠ ਵਜੇ ਤੱਕ ਪਿੰਡ ਪਹੁੰਚ ਜਾਵਾਂਗੇ। ਘਰ ਪਹੁੰਚ ਕੇ ਕੀ ਬਹਾਨਾ ਬਣਾਉਣਾ ਹੈ... ਇਹ ਵੀ ਚੰਗੀ ਤਰ੍ਹਾਂ ਸੋਚਿਆ ਹੋਇਆ ਸੀ।

ਫਿਲਮ ਸੱਤ ਵਜੇ ਖਤਮ ਹੋਈ ਕਿਉਂਕਿ ਲਾਈਟ ਵਾਰ-ਵਾਰ ਬੰਦ ਹੋ ਰਹੀ ਸੀ। ਮੁੰਡਿਆਂ ਦੇ ਹੱਥ-ਪੈਰ ਫੁੱਲ ਗਏ। ਲਾਸਟ ਬੱਸ ਜਾ ਚੁੱਕੀ ਸੀ। ਸਭ ਤੋਂ ਵੱਧ ਉਹ ਡਰਿਆ ਹੋਇਆ ਸੀ। ਉਸਨੂੰ ਘਰ ਵਿੱਚ ਕੁੱਟ ਪੈਣ ਦਾ ਡਰ ਨਹੀਂ ਸੀ ਪਰ ਉਹ ਆਪਣੀ ਮਾਂ ਦੀ ਹਾਲਤ ਬਾਰੇ ਸੋਚ ਕੇ ਡਰ ਰਿਹਾ ਸੀ।

ਜਦੋਂ ਚਾਰੇ ਨਾਲ ਭਰੀ ਇੱਕ ਟਰੈਕਟਰ ਟਰਾਲੀ ਆਉਂਦੀ ਵਿਖਾਈ ਦਿੱਤੀ, ਜੋ ਉਨ੍ਹਾਂ ਦੇ ਪਿੰਡ ਦੀ ਸੜਕ ਤੋਂ ਲੰਘਣੀ ਸੀ, ਤਾਂ ਮੁੰਡੇ ਡਰਾਈਵਰ ਨੂੰ ਬੇਨਤੀ ਕਰਕੇ ਟਰਾਲੀ 'ਤੇ ਚੜ੍ਹ ਗਏ। ਜਦੋਂ ਪਿੰਡ ਪਹੁੰਚੇ ਤਾਂ ਅੱਧੀ ਰਾਤ ਹੋ ਚੁੱਕੀ ਸੀ। ਚਾਰੇ ਪਾਸੇ ਭਿਆਨਕ ਖਾਮੋਸ਼ੀ ਅਤੇ ਘੁੱਪ ਹਨੇਰਾ ਸੀ। ਮੁੰਡੇ ਦੱਬੇ ਪੈਰੀਂ ਪਿੰਡ ਵਿੱਚ ਦਾਖਲ ਹੋਏ ਪਰ ਕੁੱਤੇ ਭੌਂਕਣ ਲੱਗ ਪਏ। ਜਿਵੇਂ-ਜਿਵੇਂ ਮੁੰਡੇ

ਨੇੜੇ ਆਏ ਕੁੱਤਿਆਂ ਨੇ ਤਾਂ ਭੌਂਕਣਾ ਬੰਦ ਕਰ ਦਿੱਤਾ ਪਰ ਪਿੰਡ ਦੇ ਲੋਕੀਂ ਜਾਗ ਪਏ।

ਮਾਂ ਘਰ ਦੇ ਬੂਹੇ 'ਤੇ ਖੜ੍ਹੀ ਸੀ। ਉਸਨੇ ਝੁਕ ਕੇ ਉਸਦੇ ਪੈਰ ਫੜ ਲਏ।

"ਕਿੱਥੇ ਗਿਆ ਸੀ ਤੂੰ?"

"ਫਿਲਮ ਵੇਖਣ... ਡੇਗਾਨਾ" ਉਸਨੇ ਡਰਦੇ-ਡਰਦੇ ਸੱਚਾਈ ਦੱਸ ਦਿੱਤੀ।

"ਦੱਸ ਕੇ ਨਹੀਂ ਜਾ ਸਕਦਾ ਸੀ?"

ਉਹ ਜਵਾਬ ਨਹੀਂ ਦੇ ਸਕਿਆ ਸੀ। ਗਲਤੀ ਤਾਂ ਕਰ ਹੀ ਚੁੱਕਾ ਸੀ। "ਮਾਂ, ਬਾਪੂ ਸੌਂ ਗਏ?" ਉਸਨੇ ਹੌਲੀ ਜਿਹੀ ਪੁੱਛਿਆ।

"ਹੁਣ ਤੂੰ ਇਹਨੂੰ ਖਾਣਾ ਖੁਆ ਅਤੇ ਆਪ ਵੀ ਖਾ ਲੈ, ਸਵੇਰ ਤੋਂ ਭੁੱਖੀ ਮਰ ਰਹੀ ਹੈਂ। ਇਹਦੀ ਸਵੇਰੇ ਖਬਰ ਲਵਾਂਗਾ।" ਬਾਪੂ ਦੀ ਭਾਰੀ ਆਵਾਜ਼ ਸੁਣਾਈ ਦਿੱਤੀ। ਉਹ ਸੋਚ ਰਿਹਾ ਸੀ ਕਿ ਬਾਪੂ ਦੀ ਆਵਾਜ਼ ਨੂੰ ਕੀ ਹੋ ਗਿਆ ਹੈ?

ਅਗਲੇ ਦਿਨ ਉਹ ਦੇਰ ਨਾਲ ਉੱਠਿਆ। ਉਸਨੂੰ ਪਤਾ ਲੱਗਿਆ ਕਿ ਬਾਪੂ ਖੇਤਾਂ ਨੂੰ ਚਲੇ ਗਏ ਹਨ। ਉਹ ਨਹਾਉਣ ਲਈ ਆਪਣੇ ਖੂਹ 'ਤੇ ਗਿਆ। ਪਿੰਡ ਵਿੱਚ ਉੱਚ ਜਾਤੀਆਂ ਅਤੇ ਅਛੂਤਾਂ ਲਈ ਵੱਖਰੇ-ਵੱਖਰੇ ਖੂਹ ਸਨ। ਉਹ ਜਾਣਬੁਝ ਕੇ ਕਾਫ਼ੀ ਦੇਰ ਨਾਲ ਵਾਪਸ ਆਇਆ। ਉਸ ਵਿੱਚ ਬਾਪੂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ। ਜਦੋਂ ਉਹ ਘਰ ਆਇਆ ਤਾਂ ਬਾਪੂ ਵਿਹੜੇ ਵਿੱਚ ਇੱਕ ਮੰਜੇ 'ਤੇ ਬੈਠੇ ਹੁੱਕਾ ਪੀ ਰਹੇ ਸਨ। ਉਹ ਉਨ੍ਹਾਂ ਤੋਂ ਨਜ਼ਰਾਂ ਚੁਰਾਉਂਦਾ ਹੋਇਆ ਆਪਣੇ ਕਮਰੇ ਵੱਲ ਜਾ ਰਿਹਾ ਸੀ ਕਿ ਬਾਪੂ ਦੀ ਤਿੱਖੀ ਆਵਾਜ਼ ਨੇ ਉਸਨੂੰ ਰੋਕ ਲਿਆ।

"ਏਧਰ ਆ।" ਉਹ ਗਰਜੇ।

ਉਨ੍ਹਾਂ ਨੇ ਹੁੱਕੇ ਤੋਂ ਪਾਈਪ ਖਿੱਚ ਕੇ ਉਸਦੀ ਪਿੱਠ 'ਤੇ ਜ਼ੋਰ ਨਾਲ਼ ਮਾਰੀ।

"ਕਿੱਥੇ ਗਿਆ ਸੀ?"

ਉਹ ਚੁੱਪ ਸੀ।

"ਇਸੇ ਕਰਕੇ ਤੈਨੂੰ ਅੰਗਰੇਜ਼ੀ ਸਕੂਲ ਵਿੱਚ ਪੜ੍ਹਾ ਰਹੇ ਹਾਂ? ਜੇ ਇਹੋ ਸਭ ਕਰਨਾ ਸੀ ਤਾਂ ਪਿੰਡ ਵਿੱਚ ਵੀ ਸਕੂਲ ਹੈ। ਓਥੇ ਵੀ ਤੈਨੂੰ ਪੜ੍ਹਾ ਸਕਦੇ ਸੀ ਕਿ ਨਹੀਂ?... ਬੋਲ..." ਇੱਕ ਵਾਰ ਫਿਰ ਪਾਈਪ ਦੀ ਚਾਬਕ ਉਹਦੀ ਬਾਂਹ ਤੇ ਵੱਜੀ...।

"ਜਦੋਂ ਵੀ ਮੈਂ ਤੇਰੇ ਸਕੂਲ ਆਇਆ ਹਾਂ, ਪਤਾ ਹੈ ਪ੍ਰਿੰਸੀਪਲ ਕੀ ਕਹਿੰਦੇ ਹਨ?... ਮੂਲਚੰਦ ਜੀ, ਮੁੰਡਾ ਪੜ੍ਹਾਈ ਵਿੱਚ ਬਹੁਤ ਤੇਜ਼ ਹੈ... ਉਹ ਭਵਿੱਖ ਵਿੱਚ ਤੁਹਾਡਾ ਨਾਂ ਰੌਸ਼ਨ ਕਰੇਗਾ... ਤੇ ਤੂੰ ਇਸ ਤਰ੍ਹਾਂ ਸਾਡਾ ਨਾਂ ਉੱਚਾ ਕਰ ਰਿਹਾ ਹੈਂ... ਪਤਾ ਹੈ ਤੇਰੇ ਕਰਕੇ ਕੱਲ੍ਹ ਸਾਰਾ ਪਿੰਡ ਦੁਸ਼ਮਣ ਬਣ ਗਿਆ ਸੀ... ਸਾਰੇ ਸਾਲ਼ੇ ਆਪਣੇ-ਆਪਣੇ ਆਵਾਰਾ ਅਤੇ ਉਜੱਡ ਮੁੰਡਿਆਂ ਨੂੰ ਸ਼ਰਵਣ ਕੁਮਾਰ ਸਮਝ ਰਹੇ ਸਨ।... ਪਿੰਡ ਦੇ ਸਿੱਧੇ-ਸਾਦੇ ਮੁੰਡੇ ਹਨ... ਤੇਰਾ ਮੁੰਡਾ ਹੀ ਸ਼ਹਿਰ ਵਿੱਚ ਰਹਿੰਦਾ ਹੈ... ਉਸਨੇ ਸਾਡੇ ਮੁੰਡਿਆਂ ਨੂੰ ਸ਼ਹਿਰ ਦੇ ਰੰਗ-ਢੰਗ ਸਿਖਾ ਦਿੱਤੇ ਹਨ... ਉਹੀ ਸਾਰਿਆਂ ਨੂੰ ਉਲਟੀ ਪੱਟੀ ਪੜ੍ਹਾ ਕੇ ਲੈ ਗਿਆ ਹੈ..."

'ਤੜਾਕ!' ਇੱਕ ਵਾਰ ਫਿਰ। ਬਾਪੂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਸੀ।

"ਹੁਣ ਬਸ ਵੀ ਕਰੋ। ਬੱਚਾ ਹੈ, ਗਲਤੀ ਹੋ ਗਈ। ਕੀ ਉਹਦੀ ਜਾਨ ਲੈ ਕੇ ਛੱਡੋਗੇ?"

"ਮਾਂ ਉਸਨੂੰ ਬਾਂਹੋਂ ਫੜ ਕੇ ਕਮਰੇ ਵਿੱਚ ਲੈ ਗਈ। ਉਹਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਹਿ ਰਹੇ ਸਨ। ਉਹਦੀ ਕਮੀਜ਼ ਲਾਹ ਕੇ ਮਾਂ ਨੇ ਉਸਦੀ ਪਿੱਠ ਨੂੰ ਹੌਲੀ-ਹੌਲੀ ਮਲ਼ਿਆ। ਪਾਈਪ ਦੀ ਮਾਰ ਦੇ ਨਿਸ਼ਾਨ ਸਾਫ਼ ਵਿਖਾਈ ਦੇ ਰਹੇ ਸਨ। ਉਹਨੇ ਸੱਟ 'ਤੇ ਹਲਦੀ ਦਾ ਲੇਪ ਲਗਾਉਂਦੇ ਹੋਏ ਕਿਹਾ ਸੀ – "ਪਿਓ ਹੈ ਕਿ ਕਸਾਈ! ਹੁਣ ਮੇਰੇ ਰਾਜੇ ਪੁੱਤ ਦੇ ਹੱਥ ਲਾ ਕੇ ਵੇਖੇ..."

ਬਚਪਨ ਦੀਆਂ ਯਾਦਾਂ ਬਹੁਤ ਤੇਜ਼ ਹੁੰਦੀਆਂ ਹਨ, ਭਾਵੇਂ ਸਭ ਕੁਝ ਯਾਦ ਨਹੀਂ ਰਹਿੰਦਾ। ਪਰ ਜੋ ਗੱਲਾਂ ਯਾਦ ਰਹਿ ਜਾਂਦੀਆਂ ਹਨ, ਉਹ ਮਨ 'ਤੇ ਪੱਥਰ 'ਤੇ ਬਣੇ ਨਿਸ਼ਾਨ ਵਾਂਗ ਅਮਿੱਟ ਛਾਪ ਛੱਡ ਜਾਂਦੀਆਂ ਹਨ। ਉਹਨੂੰ ਕਈ ਵਰ੍ਹੇ ਪਹਿਲਾਂ ਕਹੇ ਗਏ ਅੰਮਾ ਦੇ ਸ਼ਬਦ ਯਾਦ ਆ ਗਏ। ਉਸ ਰਾਤ ਅੰਮਾ ਨੇ ਪਿਤਾ ਜੀ ਨੂੰ ਇਹੋ ਕਿਹਾ ਸੀ – ਪਿਓ ਹੈ ਕਿ ਕਸਾਈ? ਉਸਨੂੰ ਮਹਿਸੂਸ ਹੋਇਆ ਕਿ ਦੁਨੀਆਂ ਦੀਆਂ ਸਾਰੀਆਂ ਮਾਂਵਾਂ ਇੱਕੋ ਜਿਹੀਆਂ ਹੁੰਦੀਆਂ ਹਨ।

ਹੋਰ ਚੀਜ਼ਾਂ ਦੀਆਂ ਸਿਰਫ਼ ਧੁੰਦਲੀਆਂ ਜਿਹੀਆਂ ਯਾਦਾਂ ਹੀ ਬਾਕੀ ਹਨ। ਹੁਣ ਤਾਂ ਦਸ ਸਾਲ ਤੋਂ ਵੱਧ ਹੋ ਗਏ ਹਨ। ਉਹ ਲੋਕ ਉਸਨੂੰ ਭੁੱਲ ਹੀ ਗਏ ਹੋਣਗੇ... ਕੁਝ ਲੋਕਾਂ ਦੇ ਚਿਹਰੇ ਮਨ ਵਿੱਚ ਤੈਰਨ ਲੱਗੇ... ਇੱਕ ਧੁੰਦਲੀ ਜਿਹੀ ਤਸਵੀਰ ਹੈ। ਅੱਜ ਵਰ੍ਹਿਆਂ ਬਾਅਦ ਇਸ ਤਸਵੀਰ 'ਤੇ ਛਾਈ ਧੁੰਦ ਨੂੰ ਉਹ ਸਾਫ਼ ਕਰਨਾ ਚਾਹੁੰਦਾ ਸੀ।

ਅਗਲੇ ਦੋ ਦਿਨ ਉਹ ਘਰੋਂ ਬਾਹਰ ਨਹੀਂ ਨਿਕਲਿਆ ਸੀ। ਬਾਪੂ ਅਜੇ ਵੀ ਨਰਾਜ਼ ਸਨ। ਸਵੇਰੇ ਉੱਠ ਕੇ ਖੇਤ ਜਾਂਦੇ...

ਘਰ ਆ ਕੇ ਖਾਣਾ ਖਾਂਦੇ... ਸ਼ਾਮ ਨੂੰ ਟਹਿਲਣ ਲਈ ਪਿੰਡ ਦਾ ਗੇੜਾ ਕੱਢ ਆਉਂਦੇ... ਹੁੱਕਾ ਗੁੜਗੁੜਾਉਂਦੇ... ਅਤੇ ਸੌਂ ਜਾਂਦੇ। ਉਸ ਨਾਲ ਕੋਈ ਗੱਲਾਂ ਨਹੀਂ... ਮਾਂ ਨਾਲ ਵੀ ਬਸ ਇੰਨੀ ਕਿ... ਲਿਆ ਰੋਟੀ ਦੇ ਦੇ... ਪਾਣੀ ਪਿਆ ਦੇ ਜਾਂ ਹੁੱਕਾ ਲਗਾ ਦੇ... ਬਾਪੂ ਤਾਂ ਅਜਿਹੇ ਨਹੀਂ ਸਨ। ਸਾਰਾ ਦਿਨ ਕਿੱਸੇ-ਕਹਾਣੀਆਂ ਸੁਣਾਉਂਦੇ ਰਹਿੰਦੇ ਸਨ ਅਤੇ ਹਾਸਾ-ਮਜ਼ਾਕ ਤਾਂ ਉਨ੍ਹਾਂ ਦੇ ਸੁਭਾਅ ਵਿੱਚ ਸੀ।

ਉਸਨੇ ਫੈਸਲਾ ਕਰ ਲਿਆ ਸੀ ਕਿ ਜਦੋਂ ਤੱਕ ਬਾਪੂ ਨਹੀਂ ਬੋਲਣਗੇ... ਉਹ ਵੀ ਉਨ੍ਹਾਂ ਨਾਲ ਗੱਲ ਨਹੀਂ ਕਰੇਗਾ। ਇੰਨੀ ਮਾਰ ਤੇ ਵੀ ਗੁੱਸਾ ਘੱਟ ਨਹੀਂ ਹੋਇਆ, ਤਾਂ ਹੋਰ ਮਾਰ ਲੈਣ, ਪਰ ਉਹ ਉਨ੍ਹਾਂ ਦੀ ਅਣਦੇਖੀ ਨਹੀਂ ਸਹਿ ਸਕਦਾ। ਦੋ ਦਿਨਾਂ ਬਾਅਦ, ਦਿਨ ਚੜ੍ਹੇ ਉਹ ਘਰੋਂ ਨਿਕਲਿਆ ਅਤੇ ਖੂਹ ਦੀ ਮੌਣ ਤੇ ਬੈਠ ਕੇ ਫੁੱਟ-ਫੁੱਟ ਕੇ ਰੋਇਆ ਸੀ।

ਤਾਈ ਨੂੰ ਖੂਹ ਵੱਲ ਆਉਂਦਾ ਦੇਖ ਕੇ ਉਹਨੇ ਝੱਟਪਟ ਆਪਣੇ ਹੰਝੂ ਪੂੰਝੇ ਅਤੇ ਬਾਲਟੀ ਖੂਹ ਵਿੱਚ ਸੁੱਟ ਦਿੱਤੀ। ਜਦੋਂ ਤੱਕ ਉਹ ਪਾਣੀ ਲਿਆਉਣ ਲਈ ਖੂਹ 'ਤੇ ਚੜ੍ਹਦੀ, ਉਹ ਨੰਗੇ ਸਰੀਰ ਉੱਤੇ ਬਾਲਟੀ ਡੋਲ੍ਹ ਚੁੱਕਾ ਸੀ।

"ਪਿੱਠ 'ਤੇ ਸੱਟ ਦੇ ਨਿਸ਼ਾਨ ਵੇਖ ਕੇ ਤਾਈ ਨੇ ਕਿਹਾ- ਰਾਖਸ਼ ਨੇ ਮੁੰਡੇ ਨੂੰ ਕਿਵੇਂ ਮਾਰਿਆ ਹੈ? ਜੇ ਇਹ ਆਪਣੀ ਔਲਾਦ ਹੁੰਦੀ ਤਾਂ ਦਰਦ ਹੁੰਦਾ... ਇਸੇ ਲਈ ਤਾਂ ਰੱਬ ਨੇ ਔਲਾਦ ਨਹੀਂ ਦਿੱਤੀ... ਦੂਜੇ ਦਾ ਬੱਚਾ ਹੈ ਨਾ...।"

"ਤਾਈ, ਕੀ ਤੁਸੀਂ ਮੇਰੇ ਅਸਲੀ ਮਾਪਿਆਂ ਨੂੰ ਜਾਣਦੇ ਹੋ?"

"ਮਿਲੀ ਤਾਂ ਨਹੀਂ ਕਦੇ। ਤੇਰੇ ਬਾਪ ਨੇ ਚੁੱਪ-ਚੁਪੀਤੇ ਸਾਰੇ ਕੰਮ ਕਰ ਲਏ। ਹਾਂ, ਇੱਕ ਵਾਰ ਤੇਰੀ ਮਾਂ ਦੇ ਮੂੰਹੋਂ ਗੱਲ ਨਿਕਲ ਗਈ ਸੀ... ਧੌਲਪੁਰ ਦਾ ਨਾਂ ਸੁਣਿਆ ਹੈ ਤੂੰ? ਉੱਥੇ ਬਾੜੀ ਨਾਂ ਦੀ ਇੱਕ ਥਾਂ ਹੈ, ਤੂੰ ਉੱਥੋਂ ਦੇ ਗਿਆਨ ਮਿਸ਼ਰਾ ਦਾ ਮੁੰਡਾ ਹੈਂ... ਪਰ ਇਹ ਗੱਲ ਤੂੰ ਮਾਂ ਜਾਂ ਬਾਪੂ ਨੂੰ ਨਾ ਦੱਸੀਂ... ਤੇਰੀ ਮਾਂ ਮੈਨੂੰ ਪਾੜ ਕੇ ਖਾ ਜਾਵੇਗੀ..." ਪਾਣੀ ਦਾ ਘੜਾ ਲੈ ਕੇ ਤਾਈ ਤਾਂ ਚਲੀ ਗਈ ਪਰ ਉਸਦਾ ਕਿਸ਼ੋਰ ਮਨ ਬਾਗ਼ੀ ਹੋਣ ਲਈ ਤੜਪ ਉੱਠਿਆ। ਬਾਪੂ ਦੋ-ਤਿੰਨ ਦਿਨਾਂ ਤੋਂ ਨਹੀਂ ਬੋਲ ਰਹੇ, ਨਾ ਬੋਲੋ... ਹੁਣ ਮਜ਼ਾ ਚਖਾਵਾਂਗਾ...!

ਸਕੂਲ ਦੀਆਂ ਛੁੱਟੀਆਂ ਦੋ ਦਿਨਾਂ ਬਾਅਦ ਖਤਮ ਹੋ ਰਹੀਆਂ ਸਨ। ਸਿਰਫ਼ ਅੱਜ ਦਾ ਦਿਨ ਵਿਚਾਲ਼ੇ ਸੀ। ਜੇ ਬਾਪੂ ਲਾਈਨ 'ਤੇ ਆ ਜਾਣ ਤਾਂ ਆ ਜਾਣ, ਨਹੀਂ ਤਾਂ ਕੱਲ੍ਹ ਬਾਪੂ ਕਿਤੇ ਅਤੇ ਉਹ ਕਿਤੇ।

ਉਹ ਦਿਨ ਇਸੇ ਤਰ੍ਹਾਂ ਬੀਤ ਗਿਆ। ਮਾਂ ਉਸ ਦਿਨ ਤੋਂ ਉਸਦੀ ਖ਼ੁਸ਼ਾਮਦ ਵਿੱਚ ਲੱਗੀ ਰਹੀ ਸੀ। ਨਾ ਮਰਦ ਦਾ ਮਿਜਾਜ਼ ਟਿਕਾਣੇ ਆ ਰਿਹਾ ਸੀ ਅਤੇ ਨਾ ਹੀ ਪੁੱਤਰ ਦਾ...। ਰਾਤ ਨੂੰ ਦੋਵੇਂ ਪਿਓ-ਪੁੱਤਰ ਅੱਡ-ਅੱਡ ਖਾਣਾ ਖਾ ਕੇ ਆਪਣੇ ਬਿਸਤਰਿਆਂ 'ਤੇ ਚਲੇ ਗਏ। ਉਹ ਸਾਰੀ ਰਾਤ ਆਪਣੇ ਆਪ ਨਾਲ ਲੜਦਾ ਰਿਹਾ ਸੀ। ਪਤਾ ਨਹੀਂ ਕਿੰਨੀ ਰਾਤ ਬੀਤੇ ਉਹਦੀ ਅੱਖ ਲੱਗ ਗਈ ਪਰ ਮਨ ਦੀ ਬੇਚੈਨੀ ਨੇ ਉਹਨੂੰ ਦੇਰ ਤੱਕ ਸੌਣ ਨਹੀਂ ਦਿੱਤਾ। ਉਹ ਸਵੇਰ ਦੇ ਹਨੇਰੇ ਵਿੱਚ ਉੱਠਿਆ, ਚੁੱਪ-ਚਾਪ ਦਰਵਾਜ਼ਾ ਖੋਲ੍ਹਿਆ ਅਤੇ ਬਾਹਰ ਚਲਾ ਗਿਆ।

ਉਹ ਜੈਪੁਰ ਰਾਹੀਂ ਧੌਲਪੁਰ-ਬਾੜੀ ਪਹੁੰਚਿਆ ਤਾਂ ਰਾਤ ਹੋ ਚੁੱਕੀ ਸੀ। ਮਿਠਾਈ ਅਤੇ ਪਾਨ ਦੀਆਂ ਦੁਕਾਨਾਂ ਅਜੇ ਵੀ ਖੁੱਲ੍ਹੀਆਂ ਸਨ। ਉਹਨੂੰ ਪਿਤਾ ਦੇ ਨਾਮ ਤੋਂ ਪਤਾ ਪੁੱਛਣ ਵਿੱਚ ਬਹੁਤੀ ਮੁਸ਼ਕਿਲ ਨਹੀਂ ਆਈ। ਉਹਨੇ ਆਪਣਾ ਘਰ ਪਛਾਣ ਲਿਆ ਸੀ। ਉਸਦੀਆਂ ਯਾਦਾਂ 'ਤੇ ਛਾਈ ਧੁੰਦ ਸਾਫ਼ ਹੋਣ ਲੱਗੀ। ਉਸਨੇ ਘਰ ਦਾ ਦਰਵਾਜ਼ਾ ਖੜਕਾਇਆ - ਇੱਕ ਵਾਰ... ਦੋ ਵਾਰ... ਫਿਰ ਤੀਜੀ ਵਾਰ।

"ਕੌਣ ਹੈ?" ਉਸਨੇ ਨੇੜੇ ਆਉਂਦੀ ਅਵਾਜ਼ ਸੁਣੀ। ਉਹਨੇ ਪਛਾਣ ਲਿਆ, ਇਹ ਅੰਮਾ ਦੀ ਆਵਾਜ਼ ਸੀ।

"ਦਰਵਾਜ਼ਾ ਖੋਲ੍ਹੋ। ਮੈਂ ਰਾਜਾ ਹਾਂ।"

"ਕਿਹੜਾ ਰਾਜਾ?" ਅੰਮਾ ਉਸਦੀ ਆਵਾਜ਼ ਨਹੀਂ ਪਛਾਣ ਸਕੀ, ਨਾਂ ਤਾਂ ਦੂਰ ਦੀ ਗੱਲ ਸੀ।

ਜਦੋਂ ਉਹਨੇ ਦਰਵਾਜ਼ਾ ਖੋਲ੍ਹਿਆ ਤਾਂ ਉਹ ਉਸਦੇ ਪੈਰਾਂ ਵਿੱਚ ਝੁਕ ਗਿਆ। ਬੈਠਕ ਵਿੱਚ ਬਲਬ ਦੀ ਮੱਧਮ ਪੀਲੀ ਰੌਸ਼ਨੀ ਵਿੱਚ ਵੀ ਉਹਨੇ ਆਪਣੇ ਪੁੱਤਰ ਨੂੰ ਪਛਾਣ ਲਿਆ ਸੀ।

"ਮੇਰਾ ਨੰਨੂ..." ਅੰਮਾ ਨੇ ਉਸਨੂੰ ਜੱਫੀ ਪਾ ਲਈ। ਉਸਦੇ ਹੰਝੂ ਨਹੀਂ ਰੁਕ ਰਹੇ ਸਨ... ਇਹ ਮਾਂਵਾਂ ਵੀ ਅਜੀਬ ਹੁੰਦੀਆਂ ਹਨ।

ਉਸ ਰਾਤ ਉਹ ਲਗਭਗ ਦੋ-ਢਾਈ ਵਜੇ ਤੱਕ ਆਪਣੇ ਪਰਿਵਾਰਕ ਮੈਂਬਰਾਂ ਨਾਲ ਘਿਰਿਆ ਰਿਹਾ। ਭਾਵੇਂ ਉਹ ਦਿਨ ਭਰ ਦੇ ਸਫ਼ਰ ਕਾਰਨ ਥੱਕਿਆ ਹੋਇਆ ਸੀ, ਪਰ ਆਪਣੇ ਅਜ਼ੀਜ਼ਾਂ ਨੂੰ ਮਿਲਣ ਦੀ ਖ਼ੁਸ਼ੀ ਨੇ ਉਸਦੀ ਸਾਰੀ ਥਕਾਵਟ ਦੂਰ ਕਰ ਦਿੱਤੀ ਸੀ।

ਦਸ ਸਾਲਾਂ ਵਿੱਚ ਬਹੁਤ ਕੁਝ ਬਦਲ ਗਿਆ ਸੀ। ਦਾਦਾ ਜੀ ਦਾ ਉਦੋਂ ਹੀ ਦੇਹਾਂਤ ਹੋ ਗਿਆ ਸੀ। ਉਨ੍ਹਾਂ ਨੂੰ ਬਹੁਤ ਸਦਮਾ

ਪਹੁੰਚਿਆ ਸੀ ਕਿ ਗਿਆਨ ਨੇ ਉਨ੍ਹਾਂ ਨੂੰ ਇੰਨਾ ਵੱਡਾ ਝੂਠ ਬੋਲਿਆ ਸੀ। ਉਸਦੀਆਂ ਦੋਵੇਂ ਵੱਡੀਆਂ ਭੈਣਾਂ ਵਿਆਹੀਆਂ ਜਾ ਚੁੱਕੀਆਂ ਸਨ ਅਤੇ ਹੁਣ ਉਹ ਬਾਲ-ਬੱਚੇ ਵਾਲੀਆਂ ਸਨ। ਉਹ ਆਪਣੀਆਂ ਭੈਣਾਂ ਨੂੰ ਮਿਲਣ ਲਈ ਉਤਸੁਕ ਸੀ, ਜਿਨ੍ਹਾਂ ਨੂੰ ਉਹ ਹੁਣ ਸ਼ਾਇਦ ਪਛਾਣ ਵੀ ਨਹੀਂ ਸਕੇਗਾ।

ਉਹ ਘਰੋਂ ਮਿਲੇ ਪਿਆਰ ਅਤੇ ਅਪਣੱਤ ਤੋਂ ਬਹੁਤ ਪ੍ਰਭਾਵਿਤ ਹੋਇਆ। ਇਹ ਮੇਰੇ ਆਪਣੇ ਹਨ... ਮੈਂ ਇੱਥੇ ਪੈਦਾ ਹੋਇਆ ਸੀ... ਮੇਰੇ ਮਾਪੇ ਹਨ... ਮੇਰੇ ਦੋ ਸਕੇ ਭਰਾ ਹਨ... ਉਹ ਹੁਣ ਇੱਥੋਂ ਨਹੀਂ ਜਾਵੇਗਾ। ਗੱਲਾਂ ਅਤੇ ਗੱਲਾਂ... ਗੱਲਾਂ ਕਰਦੇ-ਕਰਦੇ ਉਸਦੀਆਂ ਅੱਖਾਂ ਝਪਕਣ ਲੱਗ ਪਈਆਂ ਸਨ। ਉਹ ਉੱਥੇ ਹੀ ਮੰਜੇ ’ਤੇ ਲੰਮਾ ਪੈ ਗਿਆ। ਅੰਮਾ ਨੇ ਉਸਨੂੰ ਰਜ਼ਾਈ ਨਾਲ ਚੰਗੀ ਤਰ੍ਹਾਂ ਢਕ ਦਿੱਤਾ ਅਤੇ ਉਹ ਖੁਦ ਵੀ ਉਸ ਰਜ਼ਾਈ ਵਿੱਚ, ਅਰਸੇ ਪਿੱਛੋਂ ਘਰ ਪਰਤੇ ਬੇਟੇ ਨਾਲ ਚਿਪਕ ਕੇ ਲੇਟ ਗਈ।

ਅਗਲੇ ਦਿਨ ਉਹ ਦੇਰ ਨਾਲ ਉੱਠਿਆ। ਦੋਵੇਂ ਭਰਾ ਸਕੂਲ ਜਾ ਚੁੱਕੇ ਸਨ। ਰਾਤ ਨੂੰ ਹੀ ਉਹਨੂੰ ਪਤਾ ਲੱਗਿਆ ਸੀ ਕਿ ਉਹ ਦੋਵੇਂ ਬੀ.ਐੱਡ ਕਰਨ ਤੋਂ ਬਾਅਦ ਕਿਸੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾ ਰਹੇ ਸਨ। ਪਿਤਾ ਜੀ ਦੀ ਦਲੀਲ ਸੀ ਕਿ ਜਦੋਂ ਤੱਕ ਸਰਕਾਰੀ ਨੌਕਰੀ ਨਹੀਂ ਮਿਲਦੀ, ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਂਦੇ ਰਹੋ, ਨਾਲਿਜ ਬਣੀ ਰਹਿੰਦੀ ਹੈ ਅਤੇ ਚਾਰ ਪੈਸੇ ਘਰ ਵਿੱਚ ਆਉਂਦੇ ਹਨ।

ਉਹ ਸਾਰਾ ਦਿਨ ਘਰ ਪਿਆ ਰਿਹਾ। ਪਿਤਾ ਜੀ ਉਸ ਦਿਨ ਸਕੂਲ ਨਹੀਂ ਗਏ। ਉਸਨੇ ਨੋਟ ਕੀਤਾ ਕਿ ਉਹ ਪਰਛਾਵੇਂ ਵਾਂਗ ਉਹਦੇ ਨਾਲ-ਨਾਲ ਰਹੇ ਸਨ। ਪਿਤਾ ਜੀ ਬਿਲਕੁਲ ਨਹੀਂ ਚਾਹੁੰਦੇ ਸਨ ਕਿ ਉਹ ਗੁਆਂਢੀਆਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਵੇ। ਉਹ ਅਜਿਹਾ ਕਿਉਂ ਕਰ ਰਹੇ ਸਨ? ਇਹ ਗੱਲ ਉਹ ਚੰਗੀ ਤਰ੍ਹਾਂ ਸਮਝਦਾ ਸੀ।

ਹੌਲੀ-ਹੌਲੀ ਉਸਨੂੰ ਅਹਿਸਾਸ ਹੋਇਆ ਕਿ ਅੰਮਾ ਤੋਂ ਇਲਾਵਾ ਹੋਰ ਕੋਈ ਵੀ ਉਸਦੇ ਆਉਣ ਤੇ ਖੁਸ਼ ਨਹੀਂ ਸੀ। ਸਿਰਫ਼ ਚਾਰ ਦਿਨਾਂ ਵਿੱਚ ਭਰਾਵਾਂ ਦਾ ਵਿਵਹਾਰ ਇੰਨਾ ਨੀਰਸ ਅਤੇ ਰੁੱਖਾ ਲੱਗਿਆ ਜਿਵੇਂ ਉਹ ਉਨ੍ਹਾਂ ਦੀ ਜਾਇਦਾਦ ਵੰਡਣ ਆਇਆ ਹੋਵੇ। ਪਿਤਾ ਜੀ ਤਾਂ ਉਹਨੂੰ ਪਹਿਲੇ ਦਿਨ ਤੋਂ ਹੀ ਸਮਝਾ ਰਹੇ ਸਨ ਕਿ ਉਸਨੇ ਉੱਥੋਂ ਇਸ ਤਰ੍ਹਾਂ ਭੱਜ ਕੇ ਸਹੀ ਕੰਮ ਨਹੀਂ ਕੀਤਾ ਸੀ।

ਜਦੋਂ ਰਾਤ ਨੂੰ ਪਰਿਵਾਰ ਇਕੱਠਾ ਹੁੰਦਾ ਤਾਂ ਉਹੀ ਚਰਚਾ ਸ਼ੁਰੂ ਹੋ ਜਾਂਦੀ। ਪਿਤਾ ਜੀ ਕਹਿੰਦੇ... ਬੁੱਢਾ ਹੋਰ ਕਿੰਨੇ ਦਿਨ ਜੀਵੇਗਾ... ਉਹ ਅਮਰੌਤੀ ਖਾ ਕੇ ਨਹੀਂ ਆਇਆ... ਵੱਧ ਤੋਂ ਵੱਧ ਇੱਕ ਜਾਂ ਦੋ ਸਾਲ ਹੋਰ... ਉਸ ਤੋਂ ਬਾਅਦ ਸਭ ਕੁਝ ਸਾਡਾ ਹੋ ਜਾਵੇਗਾ... ਪੁੱਤਰ ਤਾਂ ਤੂੰ ਸਾਡਾ ਹੀ ਰਹੇਂਗਾ... ਪਿੰਡ ਵਿੱਚ ਜਾਇਦਾਦ... ਮੈਂ ਸੁਣਿਆ ਹੈ ਕਿ ਜੈਪੁਰ ਦੀ ਮਾਨਸਰੋਵਰ ਕਾਲੋਨੀ ਵਿੱਚ ਵੀ ਇੱਕ ਪਲਾਟ ਹੈ...

ਅੰਮਾ ਇਹ ਸਭ ਸੁਣਦੀ ਤਾਂ ਉੱਠ ਜਾਂਦੀ। ਉਹਨੂੰ ਖੁਦ ਵੀ ਬਹੁਤ ਬੁਰਾ ਲੱਗਦਾ... ਪਿਤਾ ਜੀ ਦੀ ਸੋਚ ’ਤੇ ਦੁਖ ਹੁੰਦਾ... ਉਸਦਾ ਮਨ ਨਫ਼ਰਤ ਨਾਲ ਭਰ ਜਾਂਦਾ।

“ਬਸ ਪਿਤਾ ਜੀ! ਹੁਣ ਹੋਰ ਨਹੀਂ!” ਉਹ ਉੱਥੋਂ ਉੱਠਿਆ ਅਤੇ ਅੰਮਾ ਕੋਲ ਆ ਕੇ ਬਹੁਤ ਰੋਇਆ ਸੀ। ਅੰਮਾ ਨੇ ਉਹਨੂੰ ਛਾਤੀ ਨਾਲ ਲਾ ਲਿਆ ਸੀ - “ਚੁੱਪ ਕਰ ਪੁੱਤਰ! ਮੈਂ ਸਭ ਸਮਝਦੀ ਹਾਂ।”

“ਅੰਮਾ, ਮੈਨੂੰ ਮਾਂ ਦੀ ਬਹੁਤ ਯਾਦ ਆ ਰਹੀ ਹੈ। ਮਾਂ ਮੇਰੇ ਬਿਨਾਂ ਮਰ ਜਾਵੇਗੀ। ਮੈਂ ਹੁਣ ਏਥੇ ਦੁਬਾਰਾ ਕਦੇ ਨਹੀਂ ਆਵਾਂਗਾ... ਤੁਸੀਂ ਇੱਕ ਵਾਰ ਸਹੀ ਕਿਹਾ ਸੀ, ਇਹ ਆਦਮੀ ਨਹੀਂ ਕਸਾਈ ਹੈ... ਮੈਂ ਮਾਂ ਅਤੇ ਬਾਪੂ ਬਾਰੇ ਅਜਿਹੀਆਂ ਗੱਲਾਂ ਨਹੀਂ ਸੁਣ ਸਕਦਾ... ਤੁਹਾਨੂੰ ਨਹੀਂ ਪਤਾ... ਜੇ ਮੈਂ ਨਾ ਗਿਆ, ਤਾਂ ਉਹ ਮਰ ਜਾਣਗੇ... ਬਾਪੂ ਤਾਂ ਕੁਝ ਦੇਰ ਲਈ ਆਪਣੀ ਛਾਤੀ ਤੇ ਪੱਥਰ ਰੱਖ ਲੈਣਗੇ ਪਰ ਮਾਂ ਨਹੀਂ ਬਚੇਗੀ।” ਦੋਵੇਂ ਮਾਂ-ਪੁੱਤ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਅਗਲੀ ਸਵੇਰ, ਜਿਵੇਂ ਉਹ ਬਿਨਾਂ ਕਿਸੇ ਨੂੰ ਦੱਸੇ ਆਇਆ ਸੀ, ਉਵੇਂ ਹੀ ਬਿਨਾਂ ਕਿਸੇ ਨੂੰ ਦੱਸੇ ਚਲਾ ਗਿਆ।

‘... ਸਿਵਲ ਲਾਈਨਜ਼ ਦੇ ਸਰਕਾਰੀ ਬੰਗਲਿਆਂ ਦੇ ਚੌਕੀਦਾਰ ਨੇ ਏਡੀਐਮ ਸਾਹਿਬ ਦੇ ਬੰਗਲੇ ਦੇ ਲਾਅਨ ਵਿੱਚ ਕਿਸੇ ਨੂੰ ਬੈਠਾ ਵੇਖਿਆ ਤਾਂ ਦੂਰੋਂ ਹੀ ਚੀਕਿਆ - “ਕੌਣ ਹੈ... ਉੱਥੇ...”

ਸਾਹਿਬ ਨੀਂਦ ਤੋਂ ਜਾਗ ਪਏ। ਉਹ ਕੁਰਸੀ ਤੋਂ ਉੱਠੇ। ਗੇਟ ਦੇ ਨੇੜੇ ਆਏ ਅਤੇ ਕਿਹਾ - “ਮੈਂ ਹਾਂ ਚੌਕੀਦਾਰ ਜੀ... ਰਾਜਕੁਮਾਰ...

“ਸਾਹਿਬ ਜੀ, ਤੁਸੀਂ! ਇਸ ਸਮੇਂ? ਤੁਸੀਂ ਇੱਥੇ ਬਾਹਰ ਇਕੱਲੇ ਕਿਉਂ ਬੈਠੇ ਹੋ? ਸਿਹਤ ਤਾਂ ਠੀਕ ਹੈ ਜਨਾਬ ਦੀ?”

“ਮੈਂ ਬਿਲਕੁਲ ਠੀਕ ਹਾਂ। ਨੀਂਦ ਨਹੀਂ ਆ ਰਹੀ ਸੀ, ਇਸ ਲਈ ਬਾਹਰ ਆ ਕੇ ਲਾਅਨ ਵਿੱਚ ਬੈਠ ਗਿਆ... ਬਸ ਅਚਾਨਕ ਘਰ ਦੀ ਯਾਦ ਆ ਗਈ...”

"ਮੈਂ ਤਾਂ ਕਹਿੰਦਾ ਹਾਂ ਜਨਾਬ..."

"ਘਰ ਵਸਾ ਲਓ। ਮੇਮ ਸਾਹਿਬ ਆਉਣਗੇ... ਬੱਚੇ ਹੋ ਜਾਣਗੇ ਤਾਂ ਬੰਗਲੇ ਵਿੱਚ ਰੌਣਕ ਹੋ ਜਾਏਗੀ।" ਦੋਵੇਂ ਹੱਸ ਪਏ।

"ਪਰ ਸਾਹਿਬ ਜੀ, ਤੁਸੀਂ ਸਾਡੀ ਕਿੱਥੇ ਸੁਣਦੇ ਹੋ?"

"ਸੁਣਾਂਗਾ ਬਈ, ਹੁਣ ਤੇਰੀ ਵੀ ਸੁਣਨੀ ਪਵੇਗੀ।"

"ਸਾਹਿਬ ਜੀ, ਤੁਸੀਂ ਤਾਂ ਮਜ਼ਾਕ ਕਰਦੇ ਹੋ।" ਚੌਕੀਦਾਰ ਅੱਗੇ ਚਲਾ ਗਿਆ।

ਸਾਹਿਬ ਉੱਠ ਕੇ ਬੰਗਲੇ ਵਿੱਚ ਆ ਗਏ। ਸਮਾਂ ਵੇਖਿਆ – ਘੜੀ ਗਿਆਰਾਂ ਵਜਾ ਰਹੀ ਸੀ। ਸੱਚਮੁੱਚ ਬਹੁਤ ਦੇਰ ਹੋ ਚੁੱਕੀ ਸੀ। ਉਹ ਸੌਣ ਲਈ ਚਲੇ ਗਏ ਪਰ ਖੁੰਝੇ ਹੋਏ ਦ੍ਰਿਸ਼ ਮੁੜ ਅੱਖਾਂ ਵਿੱਚ ਤੈਰਨ ਲੱਗੇ... ਨਾਟਕ ਦਾ ਆਖਰੀ ਹਿੱਸਾ ਅਜੇ ਬਾਕੀ ਸੀ।

ਉਹ ਰਾਤ ਦੇ ਨੌਂ ਵਜੇ ਦੇ ਕਰੀਬ ਨਵਾਸਰ ਪਹੁੰਚਿਆ ਸੀ। ਸਰਦੀ ਦੀਆਂ ਰਾਤਾਂ ਪਿੰਡ ਵਿੱਚ ਜਲਦੀ ਆਉਂਦੀਆਂ ਹਨ। ਹਨੇਰੀ ਰਾਤ ਦੀ ਭਿਆਨਕ ਖਾਮੋਸ਼ੀ ਚਾਰੇ ਪਾਸੇ ਫੈਲੀ ਹੋਈ ਸੀ। ਚੋਰਾਂ ਵਾਂਗ ਦੱਬੇ ਪੈਰੀਂ ਪਹੁੰਚ ਕੇ ਉਹਨੇ ਹੌਲੀ ਜਿਹੀ ਘਰ ਦਾ ਦਰਵਾਜ਼ਾ ਸਰਕਾਇਆ। ਦਰਵਾਜ਼ਾ ਖੁੱਲ੍ਹਾ ਸੀ। ਕਮਾਲ ਹੈ? ਉਸਦਾ ਮਨ ਪਹਿਲਾਂ ਹੀ ਕਹਿ ਰਿਹਾ ਸੀ ਕਿ ਘਰ ਦਾ ਦਰਵਾਜ਼ਾ ਖੁੱਲ੍ਹਾ ਹੋਵੇਗਾ। ਹੌਲੀ-ਹੌਲੀ ਦਰਵਾਜ਼ੇ ਦਾ ਇੱਕ ਪੱਲਾ ਖੋਲ੍ਹ ਕੇ ਉਹਨੇ ਬੜੇ ਧਿਆਨ ਨਾਲ ਅੰਦਰਲੀ ਕੁੰਡੀ ਬੰਦ ਕਰ ਦਿੱਤੀ।

ਬੈਠਕ ਵਿੱਚ ਇੱਕ ਪਲ ਆਲੇ-ਦੁਆਲੇ ਦੀ ਟੋਹ ਲੈਣ ਤੋਂ ਬਾਅਦ ਉਸਨੇ ਵਿਹੜੇ ਵਿੱਚ ਝਾਤੀ ਮਾਰੀ। ਕਮਰਿਆਂ ਦੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਸਨ। ਉਹਨੇ ਵਿਹੜੇ ਨੂੰ ਇਸ ਤਰ੍ਹਾਂ ਪਾਰ ਕੀਤਾ ਜਿਵੇਂ ਗਰਮ ਕੋਲਿਆਂ 'ਤੇ ਤੁਰ ਰਿਹਾ ਹੋਵੇ ਅਤੇ ਕੋਠੇ ਦੇ ਸਾਹਮਣੇ ਖੜ੍ਹਾ ਹੋ ਗਿਆ। ਖਿੜਕੀ ਦਾ ਇੱਕ ਪੱਲਾ ਅੱਧਾ ਖੁੱਲ੍ਹਾ ਹੋਇਆ ਸੀ। ਗੱਲਬਾਤ ਦੀਆਂ ਆਵਾਜ਼ਾਂ ਬਾਹਰ ਤੱਕ ਆ ਰਹੀਆਂ ਸਨ। ਉਹ ਖਿੜਕੀ ਨਾਲ ਕੰਨ ਲਾ ਕੇ ਖੜ੍ਹਾ ਹੋ ਗਿਆ।

"ਮੇਰੀ ਹੀ ਗਲਤੀ ਸੀ! ਸਾਨੂੰ ਆਪਣੀ ਜਾਤ-ਬਰਾਦਰੀ ਦਾ ਹੀ ਬੱਚਾ ਗੋਦ ਲੈਣਾ ਚਾਹੀਦਾ ਸੀ। ਮੈਂ ਸੋਚਿਆ ਸੀ ਕਿ ਮੁੰਡੇ ਨੂੰ ਕਦੇ ਪਤਾ ਨਹੀਂ ਲੱਗੇਗਾ... ਪਰ ਸੱਚਾਈ ਛੁਪਾਈ ਨਹੀਂ ਜਾ ਸਕਦੀ... ਕਿਸੇ ਨੇ ਜ਼ਰੂਰ ਉਸਦੇ ਕੰਨ ਭਰੇ ਹੋਣਗੇ।"

"ਕੀ ਘਰ ਵਿੱਚ ਦੁਸ਼ਮਣ ਘੱਟ ਹਨ? ਜਦੋਂ ਤੋਂ ਮੁੰਡਾ ਆਇਆ ਹੈ, ਜੇਠ ਤੇ ਉਹਦੇ ਮੁੰਡਿਆਂ ਦੀ ਛਾਤੀ ਤੇ ਸੱਪ ਲੇਟ ਰਹੇ ਹਨ। ਹੁਣ ਸਾਰੇ ਸ਼ਾਂਤ ਹੋ ਗਏ ਹੋਣਗੇ। ਉੱਤੋਂ-ਉੱਤੋਂ ਹਮਦਰਦੀ ਵਿਖਾਉਂਦੇ ਹਨ... ਮੈਂ ਕੀ ਸਮਝਦੀ ਨਹੀਂ... ਇਹ ਮਗਰਮੱਛ ਦੇ ਹੰਝੂ ਹਨ। ਕਮੀਨੇ... ਮਰ ਜਾਣੇ.. ਟੇਢੀਆਂ ਨਜ਼ਰਾਂ ਨਾਲ ਇੱਕ ਦੂਜੇ ਨੂੰ ਸੈਨਤਾਂ ਕਰ ਰਹੇ ਹਨ... ਕੱਖ ਨਾ ਰਹੇ ਏਹਨਾਂ..." ਮਾਂ ਗੁੱਸੇ ਵਿੱਚ ਸੀ।

"ਘਰ ਵਾਲਿਆਂ ਨੂੰ ਕਿਉਂ ਤਾਅਨੇ-ਮਿਹਣੇ ਮਾਰਦੀ ਹੈਂ! ਉਸ ਕਪੁੱਤ ਨੂੰ ਕਿਉਂ ਨਹੀਂ ਰੋਂਦੀ, ਜੀਹਨੇ ਸਾਨੂੰ ਇਹ ਦਿਨ ਵਿਖਾਇਆ... ਬਾਪੂ ਦਾ ਗਲਾ ਭਰ ਆਇਆ... ਕੱਲ੍ਹ ਉਹਦੇ ਪ੍ਰਿੰਸੀਪਲ ਦੀ ਚਿੱਠੀ ਆਈ ਹੈ ਕਿ ਹੁਣ ਤੱਕ ਮੁੰਡੇ ਨੂੰ ਕਿਉਂ ਨਹੀਂ ਭੇਜਿਆ... ਹੁਣ ਕੀ ਜਵਾਬ ਦੇਵਾਂ? ਸਾਰੀਆਂ ਉਮੀਦਾਂ ਤੇ ਪਾਣੀ ਫਿਰ ਗਿਆ...।"

ਕੁਝ ਦੇਰ ਲਈ ਖਾਮੋਸ਼ੀ ਛਾਈ ਰਹੀ... "ਮੈਂ ਤਾਂ ਸੋਚਦਾ ਹਾਂ ਕਿ ਕੱਲ੍ਹ ਅਦਾਲਤ ਜਾ ਕੇ ਗੋਦਨਾਮਾ ਕੈਂਸਲ ਕਰਵਾ ਦਿਆਂ। ਭਾਈ ਸਾਹਿਬ ਦੇ ਇੱਕ ਬੇਟੇ ਨੂੰ ਗੋਦ ਲੈ ਲਵਾਂਗੇ। ਘਰ ਦੀ ਗੱਲ ਘਰ ਵਿੱਚ ਰਹੇਗੀ।"

"ਮੈਂ ਇਸ ਘਰ ਨੂੰ ਅੱਗ ਲਾ ਦਿਆਂਗੀ! ਅਤੇ ਖੁਦ ਖੂਹ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਦੇਵਾਂਗੀ। ਜੇ ਤੁਸੀਂ ਮੇਰੇ ਸਾਹਮਣੇ ਕਿਸੇ ਹੋਰ ਦਾ ਨਾਂ ਲਿਆ ਤਾਂ ਸਮਝ ਲੈਣਾ... ਏਥੇ ਇੱਕ ਵੀ ਮੁੰਡਾ ਮੇਰੇ ਰਾਜੇ ਦੇ ਪੈਰਾਂ ਦੀ ਧੋਣ ਦੇ ਬਰਾਬਰ ਵੀ ਨਹੀਂ ਹੈ... ਬੱਚਾ ਹੈ... ਉਸਨੂੰ ਕਿਸੇ ਨੇ ਗੁੰਮਰਾਹ ਕੀਤਾ ਹੈ। ਪਰ ਉਹ ਮੇਰੇ ਬਿਨਾਂ ਨਹੀਂ ਰਹਿ ਸਕਦਾ।" ਉਹ ਰੋ ਰਹੀ ਸੀ।

ਉਸਨੇ ਮਾਂ ਦੇ ਸ਼ਬਦ ਅੱਖਰ-ਅੱਖਰ ਸੁਣੇ। ਹੁਣ ਹੋਰ ਸੁਣਨਾ ਜਾਂ ਸਹਿਣਾ ਉਸਦੀ ਸੀਮਾ ਤੋਂ ਬਾਹਰ ਸੀ। ਉਹ ਰੋ ਉੱਠਿਆ – "ਮਾਂ ..."

ਕੋਠੇ ਵਿੱਚ ਜਿਵੇਂ ਭੂਚਾਲ ਆ ਗਿਆ ਹੋਵੇ। ਬੁੱਢੀ ਮਾਂ ਮੰਜੇ ਤੋਂ ਛਾਲ ਮਾਰ ਕੇ ਉੱਠੀ – "ਉਹ ਆ ਗਿਆ... ਮੇਰਾ ਰਾਜਾ ਆ ਗਿਆ ..."

ਉਹ ਮਾਂ ਨਾਲ ਚਿੰਬੜ ਕੇ ਰੋ ਰਿਹਾ ਸੀ ਅਤੇ ਬਾਪੂ ਦੀਆਂ ਅੱਖਾਂ ਰਜ਼ਾਈ ਦੇ ਕੋਨੇ ਨੂੰ ਗਿੱਲੀਆਂ ਕਰ ਰਹੀਆਂ ਸਨ।

ਅਗਲੇ ਦਿਨ ਬਾਪੂ ਉਸਨੂੰ ਸਕੂਲ ਛੱਡ ਆਏ ਸਨ। ਉਸਨੂੰ ਪਤਾ ਨਹੀਂ ਕਿ ਉਨ੍ਹਾਂ ਨੇ ਪ੍ਰਿੰਸੀਪਲ ਨਾਲ ਕੀ ਗੱਲਾਂ ਕੀਤੀਆਂ ਹਨ। ਮਾਰਚ ਵਿੱਚ ਬੋਰਡ ਦੀ ਸਾਲਾਨਾ ਪ੍ਰੀਖਿਆ ਹੋਈ। ਉਸ ਸਾਲ ਉਹ ਦਸਵੀਂ ਜਮਾਤ ਦੀ ਮੈਰਿਟ ਸੂਚੀ ਵਿੱਚ ਦੂਜੇ ਸਥਾਨ 'ਤੇ ਸੀ। ਬਾਪੂ ਨੂੰ ਯਾਦ ਆਇਆ ਕਿ ਪ੍ਰਿੰਸੀਪਲ ਸਾਹਿਬ ਨੇ ਉਸਦੇ ਬਾਰੇ ਸਹੀ ਕਿਹਾ ਸੀ।

ਅਗਲੇ ਸਾਲ ਉਸਨੂੰ ਨਾਗੌਰ ਤੋਂ ਜੈਪੁਰ ਹੋਰ ਪੜ੍ਹਾਈ

ਲਈ ਭੇਜਿਆ ਗਿਆ। ਬਾਪੂ ਜਾਣਦੇ ਸਨ ਕਿ ਉਨ੍ਹਾਂ ਦਾ ਪੁੱਤਰ ਬਹੁਤ ਪ੍ਰਤਿਭਾਸ਼ਾਲੀ ਹੈ... ਉਸਦੀ ਪੜ੍ਹਾਈ-ਲਿਖਾਈ ਵਿੱਚ ਕੋਈ ਕਮੀ ਨਹੀਂ ਹੋਣੀ ਚਾਹੀਦੀ। ਉਹ ਖੁਦ ਇੱਕ ਗਜ਼ਟਿਡ ਅਹੁਦੇ ਤੋਂ ਸੇਵਾਮੁਕਤ ਹੋਏ ਸਨ। ਉਹ ਜਾਣਦੇ ਸਨ ਕਿ ਸਿਰਫ਼ ਸਿੱਖਿਆ ਹੀ ਮਨੁੱਖ ਨੂੰ ਅਗਿਆਨਤਾ ਅਤੇ ਅਪਮਾਨ ਤੋਂ ਮੁਕਤ ਕਰ ਸਕਦੀ ਹੈ। ਦਲਿਤ ਜਾਤੀ ਵਿੱਚ ਪੈਦਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਸਿੱਖਿਆ ਦੇ ਕਾਰਨ ਸਮਾਜ ਵਿੱਚ ਇੱਕ ਸਥਾਨ ਹਾਸਲ ਕੀਤਾ ਸੀ।

ਜਿਸ ਸਾਲ ਉਸਨੇ ਆਪਣੀ ਸੀਨੀਅਰ ਸੈਕੰਡਰੀ ਪਾਸ ਕੀਤੀ, ਉਸਦੀ ਚੋਣ ਆਈਆਈਟੀ ਵਿੱਚ ਹੋ ਗਈ ਅਤੇ ਹੁਣ ਉਸਨੇ ਅੱਗੇ ਦੀ ਪੜ੍ਹਾਈ ਲਈ ਦਿੱਲੀ ਜਾਣਾ ਸੀ। ਦਾਖਲੇ ਦੀ ਖ਼ਬਰ ਤੋਂ ਬਾਪੂ ਬਹੁਤ ਖੁਸ਼ ਸਨ। ਪਹਿਲਾਂ ਜਦੋਂ ਵੀ ਪੁੱਤਰ ਘਰੋਂ ਬਾਹਰ ਜਾਂਦਾ ਸੀ, ਮਾਂ ਰੋਣ ਲੱਗ ਪੈਂਦੀ ਸੀ। ਬਾਪੂ ਉਸਨੂੰ ਮਿੱਠਾ ਜਿਹਾ ਝਿੜਕਦੇ ਸਨ – "ਤੂੰ ਮੁੰਡੇ ਨੂੰ ਕਮਜ਼ੋਰ ਕਿਉਂ ਕਰ ਰਹੀ ਹੈਂ? ਉਸਨੂੰ ਖੁਸ਼ੀ ਨਾਲ ਜਾਣ ਦੇ, ਉਹ ਸਿਰਫ਼ ਪੜ੍ਹਨ ਹੀ ਤਾਂ ਜਾ ਰਿਹਾ ਹੈ... ਜਦੋਂ ਵੀ ਤੈਨੂੰ ਉਸਨੂੰ ਮਿਲਣ ਦਾ ਮਨ ਕਰੇ, ਮੈਨੂੰ ਦੱਸ ਦੇਈਂ...ਮੈਂ ਜਾ ਕੇ ਲੈ ਆਵਾਂਗਾ।"

ਦਿੱਲੀ ਜਾਂਦੇ ਸਮੇਂ ਉਸਨੂੰ ਪਹਿਲੀ ਵਾਰ ਮਹਿਸੂਸ ਹੋਇਆ ਸੀ ਕਿ ਇਸ ਵਾਰ ਮਾਂ ਨਾਲੋਂ ਵੱਧ ਬਾਪੂ ਉਦਾਸ ਹਨ। ਉਹ ਦੋਵੇਂ ਉਹਨੂੰ ਸਟੇਸ਼ਨ ਤੱਕ ਵਿਦਾ ਕਰਨ ਆਏ ਸਨ। ਹਮੇਸ਼ਾ ਵਾਂਗ ਮਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ, ਜਿਸਨੂੰ ਉਸਨੇ ਬੜੀ ਚਲਾਕੀ ਨਾਲ ਆਪਣਾ ਮੂੰਹ ਫੇਰ ਕੇ ਛੁਪਾ ਲਿਆ ਸੀ। ਬਾਪੂ ਦੀ ਹਾਲਤ ਮਾਂ ਤੋਂ ਵੀ ਲੁਕੀ ਨਹੀਂ ਸੀ। ਬਾਪੂ ਨੂੰ ਇੰਨਾ ਉਦਾਸ ਵੇਖ ਕੇ ਉਹ ਖੁਦ ਵੀ ਨਰਵਸ ਹੋ ਰਿਹਾ ਸੀ। ਉਹਦੇ ਤੁਰਨ ਸਮੇਂ ਉਹ ਹਮੇਸ਼ਾ ਉਹਨੂੰ ਨਸੀਹਤ ਤੇ ਨਸੀਹਤ ਦਿੰਦੇ ਰਹਿੰਦੇ ਸਨ, ਪਰ ਇਸ ਵਾਰ ਉਹ ਚੁੱਪ ਸਨ। ਵਾਰ-ਵਾਰ ਆਪਣੇ ਪੁੱਤਰ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਵੇਖ ਲੈਂਦੇ। ਉਨ੍ਹਾਂ ਦੀਆਂ ਅੱਖਾਂ ਨਮ ਸਨ।

"ਕੀ ਗੱਲ ਹੈ ਬਾਪੂ? ਜੇ ਤੁਸੀਂ ਮੈਨੂੰ ਨਹੀਂ ਭੇਜਣਾ ਚਾਹੁੰਦੇ ਤਾਂ ਮੈਂ ਆਈਆਈਟੀ ਛੱਡ ਦਿੰਦਾ ਹਾਂ। ਮੇਰੇ ਲਈ ਤੁਹਾਡੇ ਦੋਵਾਂ ਤੋਂ ਵੱਧ ਕੁਝ ਵੀ ਮਹੱਤਵਪੂਰਨ ਨਹੀਂ ਹੈ... ਮੈਂ ਕੁਝ ਵੀ ਕਰ ਲਵਾਂਗਾ... ਪਰ ਮੈਂ ਤੁਹਾਨੂੰ ਇੰਨਾ ਕਮਜ਼ੋਰ ਹੁੰਦਿਆਂ ਨਹੀਂ ਵੇਖ ਸਕਾਂਗਾ।"

"ਇਹ ਕੁਝ ਵੀ ਨਹੀਂ ਹੈ! ਇਹ ਤਾਂ ਖੁਸ਼ੀ ਦੇ ਹੰਝੂ ਹਨ... ਤੂੰ ਬੇਫ਼ਿਕਰ ਹੋ ਕੇ ਜਾਹ... ਖੂਬ ਮਨ ਲਾ ਕੇ ਪੜ੍ਹਾਈ ਕਰ। ਅਜੇ ਤੇਰੀ ਉਮਰ ਹੀ ਕੀ ਹੈ...!" ਉਨ੍ਹਾਂ ਦਾ ਗਲਾ ਭਰ ਗਿਆ। ਉਨ੍ਹਾਂ ਨੇ ਆਪਣਾ ਗਲਾ ਸਾਫ਼ ਕੀਤਾ ਅਤੇ ਆਪਣੀਆਂ ਭਾਵਨਾਵਾਂ ਨੂੰ ਛੁਪਾਉਣ ਦੀ ਅਸਫਲ ਕੋਸ਼ਿਸ਼ ਕੀਤੀ। ... "ਤੂੰ ਇੱਕ ਮਹਾਨ ਆਦਮੀ ਬਣੇਂਗਾ। ਇੱਕ ਗੱਲ ਯਾਦ ਰੱਖੀਂ ਪੁੱਤਰ। ਆਦਮੀ ਧਨ-ਦੌਲਤ ਜਾਂ ਜਾਤ-ਬਰਾਦਰੀ ਨਾਲ ਵੱਡਾ-ਛੋਟਾ ਨਹੀਂ ਹੁੰਦਾ। ਆਪਣੀ ਸੋਚ ਨਾਲ ਵੱਡਾ ਜਾਂ ਛੋਟਾ ਹੁੰਦਾ ਹੈ ਅਤੇ ਸੋਚ ਉਸਦੇ ਕੰਮਾਂ ਨਾਲ ਬਣਦੀ ਹੈ, ਜਿਵੇਂ ਜਿਹੋ ਜਿਹੀ ਸੋਚ, ਉਹੋ ਜਿਹੇ ਕੰਮ!"

ਇਹ ਉਸਦੀ ਬਾਪੂ ਨਾਲ ਆਖਰੀ ਮੁਲਾਕਾਤ ਸੀ। ਉਸਨੇ ਆਈਆਈਟੀ ਵਿੱਚ ਆਪਣਾ ਪਹਿਲਾ ਸਾਲ ਸ਼ੁਰੂ ਹੀ ਕੀਤਾ ਸੀ ਕਿ ਹੋਸਟਲ ਵਿੱਚ ਉਸਨੂੰ ਬਾਪੂ ਦੀ ਬੀਮਾਰੀ ਦੀ ਤਾਰ ਮਿਲੀ ਸੀ। ਜਦੋਂ ਉਹ ਪਰੇਸ਼ਾਨ ਹਾਲਤ ਵਿੱਚ ਪਿੰਡ ਪਹੁੰਚਿਆ ਤਾਂ ਲੋਕ ਬਾਪੂ ਦੀ ਲਾਸ਼ ਰੱਖੀ ਉਹਦੀ ਉਡੀਕ ਕਰ ਰਹੇ ਸਨ।

ਪਿੰਡ ਵਿੱਚ ਤਿੰਨ ਦਿਨ ਕਿਵੇਂ ਬੀਤੇ ਇਹ ਤਾਂ ਉਹੀ ਜਾਣਦਾ ਹੈ। ਬਾਪੂ ਦੇ ਤੀਜੇ ਤੋਂ ਬਾਅਦ ਉਹਨੂੰ ਮਾਂ ਨਾਲ ਇਕਾਂਤ ਵਿੱਚ ਗੱਲ ਕਰਨ ਦਾ ਮੌਕਾ ਮਿਲਿਆ ਸੀ – ਉਹ ਵੀ ਬਹੁਤ ਥੋੜ੍ਹੇ ਸਮੇਂ ਲਈ। ਉਸਨੂੰ ਪਤਾ ਸੀ ਕਿ ਉਹ ਬਾਪੂ ਦਾ ਕਾਰਜ ਪੂਰਾ ਕਰਨ ਤੋਂ ਬਾਅਦ ਹੀ ਦਿੱਲੀ ਜਾਵੇਗਾ। ਪਹਿਲਾ ਸਮੈਸਟਰ ਬਰਬਾਦ ਹੋ ਜਾਵੇਗਾ। ਉਸਨੇ ਮਾਂ ਨੂੰ ਸਭ ਕੁਝ ਦੱਸ ਦਿੱਤਾ ਸੀ। ਜੋ ਵੀ ਹੋਵੇਗਾ, ਵੇਖਿਆ ਜਾਵੇਗਾ... ਬਾਪੂ ਦੀ ਤੇਰ੍ਹਵੀਂ ਤੱਕ ਤਾਂ ਉਹ ਇੱਥੇ ਹੀ ਹੈ... ਪਰ ਮਾਂ ਨਹੀਂ ਮੰਨੀ ਸੀ। ਉਸਨੇ ਸਮਝਾਇਆ – "ਬਰਾਦਰੀ ਦੇ ਲੋਕ ਇੱਥੇ ਸਮੂਹਿਕ ਇਸ਼ਨਾਨ ਅਤੇ ਤੇਰ੍ਹਵੀਂ ਦੀਆਂ ਰਸਮਾਂ ਕਰ ਲੈਣਗੇ, ਪਰ ਜੇ ਤੂੰ ਆਪਣੀ ਪੜ੍ਹਾਈ ਛੱਡ ਕੇ ਬੈਠ ਜਾਏਂਗਾ, ਤਾਂ ਤੇਰੇ ਬਾਪੂ ਦੀ ਆਤਮਾ ਨੂੰ ਬਹੁਤ ਦੁਖ ਪਹੁੰਚੇਗਾ। ... ਤੂੰ ਜੀਂਦੇ ਜੀਅ ਬਾਪੂ ਨੂੰ ਬਹੁਤ ਸੁਖ ਦਿੱਤਾ, ਉਹ ਮਰਦੇ-ਮਰਦੇ ਤੈਨੂੰ ਅਸੀਸ ਦੇ ਕੇ ਗਏ ਹਨ... ਬਾਕੀ ਤਾਂ ਸਭ ਦੁਨੀਆਂਦਾਰੀ ਹੈ... ਤੈਨੂੰ ਯਾਦ ਹੈ ਉਨ੍ਹਾਂ ਨੇ ਉਸ ਦਿਨ ਸਟੇਸ਼ਨ 'ਤੇ ਕੀ ਕਿਹਾ ਸੀ? ਕਰਮ ਪਹਿਲਾਂ ..." ਬਾਕੀ ਦੇ ਸ਼ਬਦ ਮਾਂ ਦੇ ਗਲੇ ਵਿੱਚ ਅਟਕ ਗਏ ਸਨ। ਉਹਦੀਆਂ ਅੱਖਾਂ ਭਰ ਆਈਆਂ ਸਨ...

"ਤੂੰ ਆਪਣਾ ਖਿਆਲ ਰੱਖੀਂ ਮਾਂ। ਮੈਂ ਕੱਲ੍ਹ ਸ਼ਾਮ ਨੂੰ ਦਿੱਲੀ ਜਾਣ ਵਾਲੀ ਟਰੇਨ ਫੜ ਲਵਾਂਗਾ... ਬਾਪੂ ਦਾ ਸੁਪਨਾ ਜ਼ਰੂਰ ਪੂਰਾ ਹੋਵੇਗਾ। ਮਾਂ ਤੂੰ ਰੋ ਨਾ।" ਉਹਨੂੰ ਦਿਲਾਸਾ ਦਿੰਦੇ ਹੋਏ ਉਹ ਖੁਦ ਵੀ ਫੁਟ-ਫੁਟ ਕੇ ਰੋਣ ਲੱਗ ਪਿਆ ਸੀ।

ਜਦੋਂ ਉਹ ਪਹਿਲਾ ਸਮੈਸਟਰ ਖਤਮ ਕਰਕੇ ਪਿੰਡ ਆਇਆ, ਤਾਂ ਮਾਂ ਨੇ ਦੱਸਿਆ –

"ਤੇਰੇ ਪਿਤਾ ਜੀ ਆਏ ਸਨ।"

"ਪਿਤਾ ਜੀ ਆਏ ਸਨ? ਕਦੋਂ?" ਇਹ ਸੁਣ ਕੇ ਉਹ ਹੈਰਾਨ ਰਹਿ ਗਿਆ।

"ਤੇਰੇ ਦਿੱਲੀ ਜਾਣ ਤੋਂ ਬਾਅਦ ਤੀਜੇ ਦਿਨ – ਐਤਵਾਰ ਸੀ।"

"ਉਸ ਆਦਮੀ ਨੂੰ ਬਾਪੂ ਦੀ ਮੌਤ ਦੀ ਖ਼ਬਰ ਕਿਵੇਂ ਮਿਲੀ?"

"ਇਹ ਤਾਂ ਰੱਬ ਹੀ ਜਾਣਦਾ ਹੈ ! ਉਦੋਂ ਤਾਂ ਮੈਂ ਸਮਝਿਆ ਸੀ ਕਿ ਸੈਰ ਕਰਨ ਆਏ ਹੋਣਗੇ, ਪਰ..."

"ਪਰ ਕੀ ਮਾਂ?"

ਮਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਹਿਣ ਲੱਗੇ। ਉਸਨੇ ਆਪਣੀ ਸਾੜ੍ਹੀ ਦੇ ਪੱਲੇ ਨਾਲ ਆਪਣੀਆਂ ਅੱਖਾਂ ਪੂੰਝੀਆਂ ਅਤੇ ਕਿਹਾ – "ਕੁਝ ਨਹੀਂ, ਪਰ ਮੈਨੂੰ..." ਉਹ ਫਿਰ ਰੋਣ ਲੱਗ ਪਈ। ਇਸ ਵਾਰ ਉਸਨੇ ਪੁੱਤਰ ਵੱਲੋਂ ਮੂੰਹ ਫੇਰ ਲਿਆ।

"ਪਰ ਕੀ ਮਾਂ !" ਉਹਨੇ ਮਾਂ ਦਾ ਸਿਰ ਆਪਣੇ ਵੱਲ ਮੋੜਦੇ ਹੋਏ ਕਿਹਾ – "ਤੁਸੀਂ ਮੇਰੇ ਤੋਂ ਕੁਝ ਲੁਕਾ ਰਹੇ ਹੋ।"

"... ਪਰ ਮੈਨੂੰ ਉਨ੍ਹਾਂ ਦੀਆਂ ਗੱਲਾਂ ਚੰਗੀਆਂ ਨਹੀਂ ਲੱਗੀਆਂ... ਮਹੀਨੇ ਕੁ ਬਾਅਦ ਉਹ ਦੁਬਾਰਾ ਆਏ ਸਨ। ਇਸ ਵਾਰ ਤਾਂ ਉਨ੍ਹਾਂ ਦੇ ਸੁਰ ਹੀ ਬਦਲੇ ਹੋਏ ਸਨ... ਵਸੀਅਤ ਕਰ ਗਏ ਹਨ ਜਾਂ ਨਹੀਂ... ਖੇਤ ਦੀ ਮਾਲਕੀ ਤਾਂ ਬਦਲਵਾ ਲਈ ਹੋਵੇਗੀ... ਮੈਨੂੰ ਤਾਂ ਇਹ ਗੱਲਾਂ ਸੁਣ ਕੇ ਬੜਾ ਅਜੀਬ ਲੱਗਿਆ..."

"ਤੁਸੀਂ ਉਸ ਆਦਮੀ ਨੂੰ ਦਹਿਲੀਜ਼ 'ਤੇ ਕਿਉਂ ਚੜ੍ਹਨ ਦਿੱਤਾ? ਅਤੇ ਤੁਸੀਂ ਮੈਨੂੰ ਇੰਨੇ ਦਿਨਾਂ ਬਾਅਦ ਦੱਸ ਰਹੇ ਹੋ... ਤੁਸੀਂ ਚਿੱਠੀ ਨਹੀਂ ਲਿਖ ਸਕਦੇ ਸੀ... ਇੰਨਾ ਤਾਂ ਪੜ੍ਹੇ-ਲਿਖੇ ਹੋ ਤੁਸੀਂ ..."

"ਮੈਂ ਤੈਨੂੰ ਇਹ ਸਭ ਦੱਸ ਕੇ ਪਰੇਸ਼ਾਨ ਨਹੀਂ ਕਰਨਾ ਚਾਹੁੰਦੀ ਸਾਂ... ਉਹ ਤੇਰੇ ਇਮਤਿਹਾਨਾਂ ਦੇ ਦਿਨ ਸਨ।"

"ਅਗਲੀ ਵਾਰ ਜੇ ਉਹ ਆਇਆ ਤਾਂ ਉਸਨੂੰ ਧੱਕਾ ਦੇ ਕੇ ਬਾਹਰ ਕੱਢ ਦਿਓ... ਮਾਂ, ਇਨ੍ਹਾਂ ਦੀ ਨਜ਼ਰ ਸਾਡੇ ਖੇਤ ਅਤੇ ਜਾਇਦਾਦ 'ਤੇ ਹੈ..." ਉਹ ਕੁਝ ਦੇਰ ਰੁਕ ਕੇ ਬੋਲਿਆ- "ਉਹ ਬਹੁਤ ਨੀਚ ਆਦਮੀ ਹੈ... ਉਹ ਮੇਰੇ ਦੇਵਤੇ ਵਰਗੇ ਦਾਦਾ ਜੀ ਦਾ ਕਾਤਲ ਹੈ... ਪਰ ਮਾਂ, ਤੁਸੀਂ ਚਿੰਤਾ ਨਾ ਕਰੋ। ਹੁਣ ਮੈਂ ਵੱਡਾ ਹੋ ਗਿਆ ਹਾਂ... ਉਹ ਦੁਬਾਰਾ ਕਦੇ ਵੀ ਇੱਥੇ ਆਉਣ ਦੀ ਹਿੰਮਤ ਨਹੀਂ ਕਰੇਗਾ।"

ਇੱਕ ਹਫ਼ਤੇ ਦੀ ਛੁੱਟੀ ਬਿਤਾਉਣ ਤੋਂ ਬਾਅਦ ਉਹ ਦਿੱਲੀ ਵਾਪਸ ਆ ਗਿਆ। ਉੱਥੋਂ ਉਸਨੇ ਅੰਮਾ ਨੂੰ ਤਿੰਨ ਲਾਈਨਾਂ ਦੀ ਚਿੱਠੀ ਲਿਖੀ- ਮੈਂ ਸੁਣਿਆ ਹੈ ਕਿ ਗਿਆਨੇਂਦਰ ਮਿਸ਼ਰਾ ਮੇਰੇ ਪਿੰਡ ਨਵਾਸਰ ਗਿਆ ਸੀ। ਮੇਰਾ ਇਸ ਆਦਮੀ ਨਾਲ ਕੋਈ ਸਬੰਧ ਨਹੀਂ ਹੈ। ਉਹ ਭਵਿੱਖ ਵਿੱਚ ਮੇਰੇ ਪਿੰਡ ਆਉਣ ਜਾਂ ਮੈਨੂੰ ਮਿਲਣ ਦੀ ਕੋਸ਼ਿਸ਼ ਨਾ ਕਰੇ, ਨਹੀਂ ਤਾਂ ਜੋ ਹੋਵੇਗਾ, ਉਹਦਾ ਜ਼ਿੰਮੇਵਾਰ ਉਹ ਆਦਮੀ ਹੋਵੇਗਾ।

ਚਿੱਠੀ ਰਜਿਸਟਰਡ ਡਾਕ ਰਾਹੀਂ ਭੇਜੀ ਗਈ ਸੀ, ਇਹ ਜ਼ਰੂਰ ਮਿਲ ਗਈ ਹੋਵੇਗੀ। ਫਿਰ ਵੀ ਉਹ ਆਦਮੀ ਉਹਨੂੰ ਮਿਲਣ ਲਈ ਦਿੱਲੀ ਆ ਗਿਆ ਸੀ। ਜਦੋਂ ਉਸਨੂੰ ਪਤਾ ਲੱਗਾ ਤਾਂ ਉਹ ਹੋਸਟਲ ਵਿੱਚ ਸੀ। ਇਹ ਤਾਂ ਬੇਸ਼ਰਮੀ ਦੀ ਹੱਦ ਹੈ। ਉਹਨੇ ਵਾਰਡਨ ਨੂੰ ਕਹਿ ਦਿੱਤਾ ਸੀ ਕਿ ਇਹ ਆਦਮੀ ਫਰਾਡ ਹੈ... ਉਹ ਉਸਨੂੰ ਨਹੀਂ ਮਿਲਣਾ ਚਾਹੁੰਦਾ... ਫਿਰ ਵਾਰਡਨ ਦੀ ਸਖ਼ਤੀ ਅਤੇ ਪੁਲਿਸ ਬੁਲਾਉਣ ਦੀ ਧਮਕੀ ਸੁਣ ਕੇ ਗਿਆਨੇਂਦਰ ਮਿਸ਼ਰਾ ਚੁੱਪਚਾਪ ਉੱਥੋਂ ਖਿਸਕ ਗਿਆ।

ਆਈਆਈਟੀ ਤੋਂ ਬਾਅਦ ਉਸਨੇ ਆਈਏਐਸ ਦੀ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਇੱਕ ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਉਹ ਪਹਿਲੀ ਕੋਸ਼ਿਸ਼ ਵਿੱਚ ਸਫਲ ਹੋ ਗਿਆ ਸੀ। ਹੁਣ ਉਹ ਰਾਜਸਥਾਨ ਕੇਡਰ ਦਾ ਆਈਏਐਸ ਸੀ। ਪਹਿਲੀ ਪੋਸਟਿੰਗ ਹੋਈ ਏਡੀਐਮ (ਸਿਟੀ) ਸੀਕਰ।... ਭਾਨੂ ਪ੍ਰਕਾਸ਼ ਸ਼ਰਮਾ, ਮੈਨੇਜਰ ਪੀਐਨਬੀ ਦਾ ਚਿਹਰਾ ਇੱਕ ਵਾਰ ਫਿਰ ਸਾਹਮਣੇ ਆ ਗਿਆ। ਇਹ ਗਿਆਨੇਂਦਰ ਮਿਸ਼ਰਾ... ਕੀ ਸਮਝਦਾ ਹੈ ਆਪਣੇ ਆਪ ਨੂੰ...

ਸਾਹਿਬ ਦੀਆਂ ਅੱਖਾਂ ਵਿੱਚੋਂ ਨੀਂਦ ਗਾਇਬ ਸੀ। ਉਨ੍ਹਾਂ ਨੇ ਉੱਠ ਕੇ ਪਾਣੀ ਪੀਤਾ। ਘੜੀ ਵੱਲ ਵੇਖ ਕੇ ਤ੍ਰਭਕ ਗਏ। ਵਾਕਈ ਰਾਤ ਬਹੁਤ ਹੋ ਗਈ ਸੀ। ਉਨ੍ਹਾਂ ਨੇ ਕੁਝ ਘੰਟਿਆਂ ਵਿੱਚ ਜ਼ਿੰਦਗੀ ਦੀ ਕਿਤਾਬ ਦੇ ਬਹੁਤ ਸਾਰੇ ਮਹੱਤਵਪੂਰਨ ਪੰਨੇ ਪਲਟ ਦਿੱਤੇ ਸਨ। ਇਸ ਐਤਵਾਰ ਨੂੰ ਪਿੰਡ ਜਾਣਾ ਹੈ... ਬਹੁਤ ਦਿਨ ਹੋ ਗਏ... ਮਾਂ ਯਾਦ ਕਰਦੀ ਹੋਵੇਗੀ... ਬਹੁਤ ਯਾਦ ਆਉਂਦੀ ਹੈ ਉਹਦੀ ...

***

# ਪੈੜ ਜਗੀਰੋ ਦੀ

ਸੰਤ ਸਿੰਘ ਸੰਧੂ



ਭਗਵੰਤ ਮਾਨ – ਪਾਸੇ ਹੋ ਕੇ ਪਲੰਘ ਤੋਂ ਲੰਘ ਮੁੰਡਿਆ, ਮੈਨੂੰ ਜਾਂ ਤਾਂ ਕਰਾ ਦੇ ਵੰਗ ਮੁੰਡਿਆ।

ਕਿਸਾਨ ਮੋਰਚਾ – ਦਿੱਲੀ ਦੇ ਵੱਲ ਨੱਸ ਮੁੰਡਿਆ, ਦਿੱਲੀ ਛੱਡ ਬਲਦਾਂ ਦੀ ਡੋਰ ਮੁੰਡਿਆ।

ਰਾਹੁਲ ਗਾਂਧੀ – ਵਿਆਹ ਕਰਵਾ ਮਿਤਰਾ, ਤੈਨੂੰ ਨੱਤੀਆਂ, ਬਹੂ ਨੂੰ ਫੁੱਲ ਪਾਵਾਂ।

ਚਰਨਜੀਤ ਕੌਰ (ਡਾ.) – ਬੋਲੀਆਂ ਦਾ ਖੂਹ ਭਰਿਆ, ਪਾਣੀ ਭਰਦੀ ਝਾਂਜਰਾਂ ਵਾਲੀ।

ਅਰਾਵਲੀ – ਨਜ਼ਰ ਦੋਖੀਆਂ ਦੀ ਉਤਾਰ ਦੇਣਗੇ, ਇੱਥੇ ਪੀਰ ਪੈਗੰਬਰ ਅਵਤਾਰ ਹੋਣਗੇ।

ਮੱਖਣ ਮਾਨ – ਮੁੰਡਾ ਪੱਚੀਆਂ ਪਿੰਡਾਂ ਦਾ ਪਟਵਾਰੀ, ਅੱਗੇ ਤੇਰੇ ਭਾਗ ਬੱਚੀਏ।

ਮਜੀਠੀਆ – ਵਾਰਸ ਸ਼ਾਹ ਸ਼ਰੀਕ ਹੈ ਕੌਣ ਉਸਦਾ, ਜਿਸਦਾ ਰੱਬ ਨੇ ਕੰਮ ਸਵਾਰਿਆ ਈ।

ਨਾਭਾ ਜੇਲ – ਰਸ ਨਾਲ ਰਸਾਉਂਦੇ ਅੰਗੀਆਂ ਨੂੰ ਬੰਦੀ ਛੋੜ ਛੁਡਾਉਂਦੇ ਬੰਦੀਆਂ ਨੂੰ।

ਕੰਗਣਾ – ਤੈਨੂੰ ਗੰਦਲਾਂ ਦਾ ਸਾਗ ਤੁੜਾਈਏ, ਸਰ੍ਹੋਂ ਵਾਲੇ ਆ ਜਾਈਂ ਖੇਤ ਨੂੰ।

ਅਰੂਸਾ – ਮੇਰਾ ਚਿੱਤ ਨਹੀਂ ਕੱਤਣ ਨੂੰ ਕਰਦਾ, ਯਾਰ ਬਿਮਾਰ ਪਿਆ।

ਅਕਾਲੀ – ਕਾਦਰਯਾਰ ਕੀ ਸਿਖਾਂ ਦੀ ਸਿਫਤ ਕਰੀਏ, ਬਣ ਬੈਠੇ ਨੇ ਕਈ ਜਮਾਇਤਾਂ ਦੇ।

ਵੱਨਜੂਏਲਾ – ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸੀਂ ਲਾਜ ਅੰਗ੍ਰੇਜ਼ ਦੀ ਰੱਖਣੀ ਜੀ।

ਪ੍ਰਵਾਸ – ਰਾਤ ਵਿਚ ਮਸੀਤ ਦੇ ਗੁਜ਼ਰ ਕੀਤੀ, ਸੁਬ੍ਹਾ ਉਠ ਕੇ ਜੀਅ ਉਦਾਸ ਹੋਇਆ।

ਅਦਿਤਿਆ – ਭੁੱਲ ਗਈ ਤੁਸੀਂ ਭੁਲਿਓਂ ਨਾ, ਲਾਇਓ ਜੋਗੀਆਂ ਨਾਲ ਨਾ ਪ੍ਰੀਤ ਲੋਕੋ।

ਸੰਤ ਨਿਰੰਜਨ ਦਾਸ – ਜੋਗੀ ਵੇਖ ਕੇ ਬਹੁਤ ਹੈਰਾਨ ਹੋਏ, ਪਈਆਂ ਦੁੱਧ ਵਿੱਚ ਅੰਬ ਦੀਆਂ ਫਾੜੀਆਂ ਜੀ

ਤਾਨਾਸ਼ਾਹੀ – ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ, ਸਦਾ ਰੱਖੀਏ ਵਿੱਚ ਧਿਆਨ ਦੇ ਜੀ।

ਪੱਛਮੀ ਪੰਜਾਬ – ਕਦੇ ਮੁਸਲਮਾਨ ਵੀ ਕਰ ਜੱਟੀਏ, ਰੋਜੇ ਰੱਖ ਕੇ ਨਮਾਜ਼ਾਂ ਪੜ੍ਹ ਜੱਟੀਏ।

ਮੋਦੀ ਟ੍ਰੰਪ ਸੰਧੀ – ਆਪ ਤਾਂ ਬਿਸ਼ਨਾਂ ਸੁੱਤਾ ਰਹਿ ਗਿਆ, ਬਿਸ਼ਨੀ ਨੂੰ ਲੈ ਗਿਆ ਕੁੱਤਾ।

ਬੀਬੀ ਬੀਰ ਪਿੰਡ – ’ਵਾਜਾਂ ਮਾਰੀਆਂ, ਬੁਲਾਇਆ ਕਈ ਵਾਰ, ਮੀਰਪੁਰ ਵਾਲੀ ਸੜਕ ਨਾ ਬਣੀ।

ਚਰਨਜੀਤ ਚੰਨੀ – ਸੱਸ ਮੇਰੀ ਨਿੱਤ ਪੁੱਛਦੀ, ਤੇਰਾ ਬਾਪੂ ਕਦੇ ਨਹੀਂ ਆਇਆ।

ਅਫ਼ਸਰਸ਼ਾਹੀ – ਕਦੋਂ ਠਲ੍ਹ ਪੈਣੀ ਨਸ਼ਿਆਂ ਦੀ ਮਾਰ ਨੂੰ, ਕਦੇ ਮੱਤ ਆਵੇ ਨਾਰ ਬਦਕਾਰ ਨੂੰ

ਅਮਰਿੰਦਰ – ਨਾਰਾਂ ਹੁੰਦੀਆਂ ਮਤੇਈਆਂ ਬੁਰੀਆਂ, ਮਹਿਲੀਂ ਨਹੀਂ ਸੀ ਜਾਣਾ ਪੂਰਨਾ।

ਪੁਤਿਨ – ਬੱਸ ਕਰ ਜੀ, ਹੁਣ ਬੱਸ ਕਰ ਜੀ, ਕਾਈ ਗੱਲ ਅਸਾਂ ਨਾਲ ਹੱਸ ਕਰ ਜੀ।

ਜੇਲੈਂਸਕੀ – ਸੁਲ੍ਹਾ ਕੀਤਿਆਂ ਫਤੇਹ ਜੇ ਹੱਥ ਆਵੇ, ਕਮਰ ਜੰਗ ’ਤੇ ਮੂਲ ਨਾ ਕੱਸੀਏ ਜੀ।

ਪੰਜਾਬ – ਵੱਗ ਚਾਰ ਕੇ ਰੁਲਦੇ ਹਾਂ ਖੇੜਿਆਂ ’ਚ, ਗਏ ਤਖ਼ਤ ਹਜ਼ਾਰੇ ਨੂੰ ਹਾਰ ਹੀਰੇ।


ਗੁਰਦਾਸ ਮਾਨ – ਕੰਨੀ ਨੱਤੀਆਂ ਸੰਧੂਰੀ ਸਿਰ ਸਾਫ਼ਾ, ਉਹ ਮੇਰਾ ਵੀਰ ਕੁੜੀਓ।


ਭਾਜਪਾ – ਕਾਦਰਯਾਰ ਜੋ ਲੂਣਾ ਦੇ ਦਿਲ ਅੰਦਰ, ਆਣ ਪਾਪ ਜੋ ਘੇਰਨਾ ਪਾਉਂਦਾ ਈ।


ਡੋਨਾਲਡ ਟ੍ਰੰਪ – ਕਾਦਰਯਾਰ ਅਣਹੋਈਆਂ ਕਰਨ ਜਿਹੜੇ, ਆਖਰ ਫੇਰ ਉਹਨਾਂ ਪਛਤਾਵਣਾ ਈ।

ਤਲਵੰਡੀ ਸਲੇਮ (ਜਲੰਧਰ)
97794–79169



ਦੀਵੇ 'ਚੋਂ ਉੱਗਦੇ ਸੂਰਜ
ਕੇ. ਸਾਧੂ ਸਿੰਘ



ਪੰਜਾਬੀਆਂ ਦੇ ਵਹਿਮ-ਭਰਮ
ਤੇ ਰਸਮ-ਰਿਵਾਜ
ਡਾ. ਰਾਮ ਮੂਰਤੀ



ਬੁੱਲਾ ਪੂਰੇ ਦੀ ਵਾਅ ਦਾ
ਸਵਿੰਦਰ ਸੰਧੂ



ਜਿਨ੍ਹਾਂ ਕੀਤੀਆਂ ਨੇਕ ਕਮਾਈਆਂ
ਡਾ. ਰਾਮ ਮੂਰਤੀ

| Apni Aawaaz | Volume 5 | Issue 3 | March 2026 | RNI : PUNPUN/2022/82997 |
| --- | --- | --- | --- | --- |




Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001

Editor - Dr. Ram Murti *Publication Date : 01/03/2026*

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*

*ਸੰਪਾਦਕ - ਡਾ. ਰਾਮ ਮੂਰਤੀ* *ਪ੍ਰਕਾਸ਼ਕ ਮਿਤੀ : 01/03/2026*